ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

ਅਕਤੂਬਰ 2023

# ਗੁਰਮਤਿ ਵਿਰਸਾ

# GURMAT VIRSA ग़ुरमति विरसा

Year-5, Issue-3, October 2023, Ludhiana gurmatvirsa@gmail.com Multilingual Price 25/-



ਗਿਆਨੀ ਦਿੱਤ ਸਿੰਘ



ਪ੍ਰੋ. ਗੁਰਮੁਖ ਸਿੰਘ



ਭਾਈ ਕਾਨ੍ਹ ਸਿੰਘ ਨਾਭਾ




ਸ. ਠਾਕੁਰ ਸਿੰਘ ਸੰਧਾਵਾਲੀਆ ਅਤੇ ਹੋਰ ਜੁਝਾਰੂ ਯੋਧੇ

## ਸਿੰਘ ਸਭਾ ਲਹਿਰ ਦੇ 150ਵੇਂ ਵਰ੍ਹੇ ਨੂੰ ਸਮਰਪਿਤ ਵਿਸ਼ੇਸ਼ ਅੰਕ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਡੱਲ੍ਹ ਦੇ ਪਿੰਡ ਸੁਰਸਿੰਘ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਡੱਲ੍ਹ ਦੇ ਪਿੰਡ ਬੀਰਮ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਨਵਾਂਸ਼ਹਿਰ ਵਲੋਂ ਗੁਰਸੇਵਾ ਮਿਸ਼ਨ ਸਕੂਲ ਪਿੰਡ ਪਨਾਮ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਨਵਾਂਸ਼ਹਿਰ ਵਲੋਂ ਬਾਬਾ ਵਜ਼ੀਰ ਸੀਨੀਅਰ ਸਕੈਂਡਰੀ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਵਲੋਂ ਪਿੰਡ ਨੰਦਪੁਰ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਗੜ੍ਹਸ਼ੰਕਰ ਦੇ ਭਾਈ ਤਿਲਕਾ ਜੀ ਗੁਰੂ ਘਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਗੜ੍ਹ ਸਿੰਧੜਾ ਦੇ ਪਿੰਡ ਮੁਨਸ਼ੀਵਾਲਾ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।



ਕੇਂਦਰ ਬੁਗਰਾ ਦੇ ਗੁਰਦੁਆਰਾ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।



ਕੇਂਦਰ ਗੜ੍ਹਸ਼ੰਕਰ ਵਿਖੇ ਭਾਈ ਤਿਲਕਾ ਜੀ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ

# ਗੁਰਮਤਿ ਵਿਰਸਾ

**ਅਕਤੂਬਰ 2023** **(ਮਾਸਿਕ ਮੈਗਜ਼ੀਨ)**

**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ

### ਅੱਸੂ-ਕੱਤਕ ਮਹੀਨੇ ਦੇ ਖਾਸ ਦਿਹਾੜੇ

- ਮੇਲਾ ਬੀੜ ਬਾਬਾ ਬੁੱਢਾ ਜੀ : 21 ਅੱਸੂ (5 ਅਕਤੂਬਰ)
- ਪ੍ਰਕਾਸ਼ ਪਾਤਸ਼ਾਹੀ ਚੌਥੀ : 25 ਅੱਸੂ (9 ਅਕਤੂਬਰ)
- ਗੁਰਗੱਦੀ ਪਾਤਸ਼ਾਹੀ ਅੱਠਵੀਂ : 6 ਕੱਤਕ (20 ਅਕਤੂਬਰ)
- ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ : 6 ਕੱਤਕ (20 ਅਕਤੂਬਰ)
- ਜੋਤੀ-ਜੋਤਿ ਪਾਤਸ਼ਾਹੀ ਸੱਤਵੀਂ : 6 ਕੱਤਕ (20 ਅਕਤੂਬਰ)
- ਜੋਤੀ-ਜੋਤਿ ਗੁਰੂ ਗੋਬਿੰਦ ਸਿੰਘ ਜੀ : 7 ਕੱਤਕ (21 ਅਕਤੂਬਰ)
- ਸਾਕਾ ਪੰਜਾ ਸਾਹਿਬ : 14 ਕੱਤਕ (28 ਅਕਤੂਬਰ)

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.
**Editor- Gurbachan Singh Panwa ***
Responsible for collection of all Printed matter as per PRB Act
**Registration Number of the Newspaper**
**PUNMUL/2019/78309**

### ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?

ਸੰਪਾਦਕੀ 4
ਆਧੁਨਿਕ ਪੰਜਾਬੀ ਸਾਹਿਤ ਦੀ ਜਨਮ ਦਾਤਾ ਸਿੰਘ ਸਭਾ ਲਹਿਰ 8
ਸਿੱਖ ਕੰਨਿਆ ਮਹਾਂ ਵਿਦਿਆਲਾ ਫਿਰੋਜ਼ਪੁਰ ਦੇ ਬਾਨੀ... 12
ਸਿੰਘ ਸਭਾ ਲਹਿਰ ਦਾ ਗਦਰ ਲਹਿਰ 'ਤੇ ਪ੍ਰਭਾਵ 14
ਸਿੰਘ ਸਭਾ ਲਹਿਰ ਦੀ ਪਰਦੇਸੀ ਪੱਤਰਕਾਰੀ ਵਿਚ ਬਹੁਪੱਖੀ... 19
ਸਿੱਖੀ ਨੂੰ ਨਵੀਂ ਨੁਹਾਰ ਦੇਣ ਲਈ ਸਿੰਘ ਸਭਾ ਲਹਿਰ ਦੀ ਦੇਣ 22
ਸਿੰਘ ਸਭਾ ਲਹਿਰ ਦੀ ਵਿੱਦਿਅਕ ਖੇਤਰ ਵਿਚ ਦੇਣ 29
ਸਿੰਘ ਸਭਾ ਅਤੇ ਸਿੱਖ ਰਹਿਤ ਮਰਿਯਾਦਾ 34
**गुरू श्री गुरू ग्रंथ साहिब जी में सुशोभित - भट्ट बाणी 37**
ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ 38
ਗੁਰਮਤਿ ਸੰਜੋਗ 42




### ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਸਿੰਘ ਸਭਾ ਲਹਿਰ ਦੀ ਦੇਣ ਅਤੇ ਵਰਤਮਾਨ ਜ਼ਿੰਮੇਵਾਰੀ

ਭਾਈਚਾਰਕ ਸਾਂਝ, ਹਲੇਮੀ ਰਾਜ ਦੀ ਸਥਾਪਨਾ ਤੇ ਸਿੱਖ ਰਾਜ ਦੀ ਨੀਂਹ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਸੱਚ 'ਤੇ ਰੱਖ ਦਿੱਤੀ ਸੀ।

**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥ (966)**

ਨੌਂ ਗੁਰੂ ਸਾਹਿਬਾਨ ਜੀ ਨੇ ਸੱਚ ਨੂੰ ਪ੍ਰਗਟ ਕੀਤਾ। ਸਚਾਈ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਸ਼ਹਾਦਤਾਂ ਦਾ ਜਾਮ ਪੀਤਾ। ਸੱਚ ਜਿਹੜਾ ਕਦੇ ਪੁਰਾਣਾ ਨਹੀਂ ਹੁੰਦਾ ਜਿਸ ਨੂੰ ਅੱਖਰੀ ਰੂਪ ਗੁਰੂ ਅਮਰਦਾਸ ਜੀ ਨੇ ਦਿੱਤਾ--

**ਸਚੁ ਪੁਰਾਣਾ ਨਾ ਥੀਐ ਨਾਮੁ ਨ ਮੈਲਾ ਹੋਇ ॥**
**ਗੁਰ ਕੈ ਭਾਣੈ ਜੇ ਚਲੈ ਬਹੁੜਿ ਨ ਆਵਣੁ ਹੋਇ॥ (1248)**

ਨਿਰੋਲ ਖਾਲਸਈ ਰਾਜ ਕਾਇਮ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਨਾਂਦੇੜ ਦੀ ਧਰਤੀ ਤੋਂ ਪੰਜਾਬ ਭੇਜਿਆ। ਇਸ ਬਹਾਦਰ ਸੂਰਮੇ ਨੇ ਪੰਜਾਬ ਵਿਚ ਆਉਂਦਿਆਂ ਹੀ ਖਾਲਸਈ ਸਲਤਨਤ ਖੜੀ ਕਰ ਦਿੱਤੀ। ਆਪਣੇ ਨਾਂ ਦਾ ਨਹੀਂ ਸਗੋਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਜਾਰੀ ਕਰ ਦਿੱਤਾ।



**ਪ੍ਰਿੰ. ਗੁਰਬਚਨ ਸਿੰਘ ਪੰਨਵਾਂ**
**99155-29725**

ਦੇਗੋ-ਤੇਗੋ-ਫਤਿਹ-ਓ-ਨੁਸਰਤ ਬੇਦਰੰਗ,
ਯਾਫ਼ਤ ਅਜ਼ ਨਾਨਕ-ਗੋਬਿੰਦ ਸਿੰਘ।

**(ਦੇਗ ਤੇਗ ਅਤੇ ਫਤਿਹ ਬਿਨਾਂ ਕਿਸੇ ਦੇਰੀ ਤੋਂ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਤੋਂ ਹਾਸਲ ਹੋਈ।)**

ਸੰਘਰਸ਼ ਚੱਲਦਾ ਰਿਹਾ, ਬਾਬਾ ਬੰਦਾ ਸਿੰਘ ਜੀ ਤੇ ਉਸ ਦੇ ਸਾਢੇ ਚਾਰ ਸਾਲ ਦੇ ਬੱਚੇ ਨੂੰ ਦਿੱਲ ਕੰਬਾਊ ਤਸੀਹੇ ਦੇ ਕੇ ਸ਼ਹੀਦ ਕੀਤਾ। ਲਹੂ ਭਿੱਜੀਆਂ ਲੰਮੀਆਂ ਵਾਟਾਂ ਦਾ ਰਾਹ ਹੋਰ ਪੱਧਰਾ ਕੀਤਾ। ਚਰਖੜੀਆਂ, ਮੋਚੀ ਦੀਆਂ ਤਿੱਖੀਆਂ ਰੰਬੀਆਂ, ਜਲਾਦ ਦਾ ਟੋਕਾ, ਨੇਜ਼ਿਆਂ 'ਤੇ ਬੱਚਿਆਂ ਨੂੰ ਟੰਗਣਾ, ਗਰਮ ਜੰਬੂਰਾਂ ਨਾਲ ਸਰੀਰ ਨੋਚਣਾ ਆਦਿ ਤਸੀਹੇ ਸਹਿ ਕੇ ਸਿਖੀ ਦੇ ਨਿਵੇਕਲੇ ਰਾਹ ਦੀਆਂ ਪੈੜਾਂ ਕਾਇਮ ਕੀਤੀਆਂ। 1746 ਈ: ਨੂੰ ਛੋਟਾ ਤੇ 1762 ਈ: ਵੱਡਾ ਘੱਲੂਘਾਰਾ ਹੁੰਦਾ ਹੈ ਜਿਸ ਵਿਚ ਕਰਮ ਅਨੁਸਾਰ ਦਸ ਹਜ਼ਾਰ ਤੇ 30000 ਹਜ਼ਾਰ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ।

ਨਾਨਕਈ ਫਲਸਫੇ ਨੂੰ ਅੱਗੇ ਤੋਰਦਿਆਂ ਸਾਡੇ ਪੁਰਖਿਆਂ ਨੇ ਜੰਗਲ ਬੇਲਿਆਂ ਤੇ ਘੋੜਿਆਂ ਦੀਆਂ ਕਾਠੀਆਂ 'ਤੇ ਰਾਤਾਂ ਕੱਟ ਕੇ ਸਿੱਖ ਮਿਸਲਾਂ ਕਾਇਮ ਕੀਤੀਆਂ ਸਨ, ਜਿਸ ਨੂੰ ਸਰਦਾਰੀ ਯੁੱਗ ਨਾਲ ਯਾਦ ਕੀਤਾ ਜਾਂਦਾ ਹੈ। ਇਨ੍ਹਾਂ ਮਿਸਲਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਨੇ 1799 ਨੂੰ ਇਕ ਵਿਸ਼ਾਲ ਰਾਜ ਕਾਇਮ ਕਰਨ ਲਈ ਲਾਹੌਰ 'ਤੇ ਕਬਜ਼ਾ ਕਰ ਲਿਆ। ਦੇਖਦਿਆਂ ਦੇਖਦਿਆਂ ਸਿੱਖ ਬਾਦਸ਼ਾਹ ਦਾ ਰਾਜ ਕਾਬਲ-ਕੰਧਾਰ, ਸਿੰਧ, ਕਸ਼ਮੀਰ ਤੇ ਤਿੱਬਤ ਤਕ ਫੈਲ ਗਿਆ।1839 ਈ: ਨੂੰ ਮਹਾਰਾਜਾ ਰਣਜੀਤ ਸਿੰਘ ਅਕਾਲ ਚਲਾਣਾ ਕਰ ਗਏ।

ਡੋਗਰਿਆਂ ਦੇ ਕਾਲੇ ਕਾਰਨਾਮੇ ਤੇ ਆਪਣਿਆਂ ਦੀਆਂ ਗਦਾਰੀਆਂ ਨੇ ਸਿੱਖ ਸਲਤਨਤ ਨੂੰ ਦਸਾਂ ਸਾਲਾਂ ਵਿਚ ਹੀ ਤਹਿਸ-ਨਹਿਸ਼ ਕਰ ਦਿੱਤਾ। ਖ਼ੁਦਗਰਜ਼ ਲੀਡਰਾਂ ਦੀਆਂ ਲੂੰਬੜ ਚਾਲਾਂ ਨੇ ਪੰਜਾਬ ਨੂੰ ਅੰਗਰੇਜ਼ਾਂ ਅਧੀਨ ਹੋਣ ਲਈ ਮਜ਼ਬੂਰ ਕਰ ਦਿੱਤਾ। ਅੰਗਰੇਜ਼ਾਂ ਨੇ ਪੰਜਾਬ 'ਤੇ ਮੁਕੰਮਲ ਕਬਜ਼ਾ ਕਰ ਲਿਆ। ਅੰਗਰੇਜ਼ਾਂ ਦੀ ਪਹਿਲੀ ਵਿਚਾਰ ਸੀ ਕਿ ਸਿੱਖਾਂ ਵਿਚੋਂ ਹਰ ਹਾਲ ਰਾਜ ਸੱਤਾ ਦੀ ਭਾਵਨਾ ਨੂੰ ਖਤਮ ਕੀਤਾ ਜਾਏ। ਇਸ ਮੁੱਦੇ 'ਤੇ ਕੰਮ ਕਰਦਿਆਂ ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਹਿੰਦੇ ਪਰਵਾਰ ਨੂੰ ਖੇਰੂੰ ਖੇਰੂੰ ਕਰ ਦਿੱਤਾ, ਤਾਂ ਕਿ ਇਨ੍ਹਾਂ ਨੂੰ ਮੁੜ ਰਾਜ ਭਾਗ ਯਾਦ ਹੀ ਨਾ ਆਵੇ।

ਅੰਗਰੇਜ਼ਾਂ ਨੇ ਪੱਕੇ ਪੈਰੀਂ ਰਾਜ ਕਰਨ ਲਈ ਕਈ ਚਾਲਾਂ ਚਲੀਆਂ। ਸਭ ਤੋਂ ਪਹਿਲਾਂ ਉਨ੍ਹਾਂ ਨੇ ਰਣਜੀਤ ਸਿੰਘ ਦੀ ਫੌਜ ਨੂੰ ਖਤਮ ਕੀਤਾ। ਹੈਰਾਨਗੀ ਦੀ ਗੱਲ ਦੇਖੋ! ਫੌਜੀਆਂ ਵਿਚੋਂ ਇਸ ਕਦਰ ਆਤਮਕ ਬਲ ਖਤਮ ਹੋ ਚੁੱਕਿਆ ਸੀ ਕਿ ਉਨ੍ਹਾਂ ਨੇ ਆਤਮ ਸਮਰਪਣ ਕਰ ਦਿੱਤਾ। ਦੂਸਰਾ ਜਿਹੜੇ ਕਿਲ੍ਹੇ ਅੰਗਰੇਜ਼ਾਂ ਨੂੰ ਚਾਹੀਦੇ ਸਨ ਉਹ ਰੱਖ ਲਏ, ਬਾਕੀ ਦੇ ਤਬਾਹ ਕਰ ਦਿੱਤੇ ਤਾਂ ਕਿ ਸਿੱਖਾਂ ਨੂੰ ਰਤੀ ਭਰ ਵੀ ਆਪਣੇ ਰਾਜ ਦੀ ਯਾਦ ਨਾ ਆਵੇ। ਏਸੇ ਤਰ੍ਹਾਂ ਸੰਨ 1853 ਨੂੰ ਕੰਵਰ ਦਲੀਪ ਸਿੰਘ ਨੂੰ ਈਸਾਈ ਬਣਾ ਦਿੱਤਾ।

1838 ਨੂੰ ਇਕ ਈਸਾਈ ਪਾਦਰੀ ਨੇ ਕਪੂਰਥਲੇ ਵਿਚ ਈਸਾਈਅਤ ਸਬੰਧੀ ਪੰਜਾਬੀ ਵਿਚ ਕਿਤਾਬਚੇ ਵੰਡਣੇ ਸ਼ੁਰੂ ਕੀਤੇ। ਉਸ ਨੂੰ ਫੜ ਲਿਆ ਗਿਆ। ਮੁਸਲਮਾਨ ਜੱਜ ਨੇ ਉਸ ਨੂੰ ਛੱਡ ਦਿੱਤਾ। ਮਗਰੋਂ ਕਪੂਰਥਲੇ ਦੇ ਸ਼ਾਹੀ ਪਰਿਵਾਰ ਦਾ ਸਹਿਜ਼ਾਦਾ ਹਰਨਾਮ ਸਿੰਘ ਈਸਾਈ ਬਣ ਗਿਆ ਜਿਸ ਨੇ ਕਪੂਰਥਲੇ ਵਿਚ ਚਰਚ ਤੇ ਸਕੂਲ ਖੋਲ੍ਹੇ।

ਜਿਉਂ ਹੀ ਸਿੱਖਾਂ ਦੇ ਹੱਥਾਂ ਵਿਚੋਂ ਰਾਜ-ਭਾਗ ਦੀ ਸ਼ਕਤੀ ਨਿਕਲੀ, ਹਿੰਦੂਆਂ ਦੀ ਬਹੁ-ਗਿਣਤੀ, ਜਿੰਨ੍ਹਾਂ ਨੇ ਸਹੂਲਤਾਂ ਪ੍ਰਾਪਤ ਕਰਨ ਲਈ ਸਿੱਖੀ-ਰੀਤੀ ਰਿਵਾਜ ਅਪਣਾਏ ਹੋਏ ਸਨ, ਛੱਡ ਕੇ ਮੁੜ ਸਨਾਤਨੀ ਹਿੰਦੂ ਧਰਮ ਵਲ ਪਰਤ ਗਏ। ਸ: ਖੁਸ਼ਵੰਤ ਸਿੰਘ ਸਿੱਖ ਇਤਿਹਾਸ ਭਾਗ ਦੂਜਾ ਦੇ ਪੰਨਾ 103 'ਤੇ ਲਿਖਦੇ ਹਨ ਕਿ ਲਾਰਡ ਡਲਹੌਜ਼ੀ ਨੇ ਆਪਣੀਆਂ ਦੋ ਸੰਖੇਪ ਫੇਰੀਆਂ ਵਿਚ ਦੇਖ ਲਿਆ ਸੀ ਕਿ ਬੇ-ਸ਼ੱਕ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਜਾਤ-ਪਾਤ ਖਤਮ ਕਰਨ ਵਿਚ ਬਹੁਤ ਵੱਡਾ ਹੁੰਗਾਰਾ ਮਿਲਿਆ ਸੀ। ਪਰ ਹੌਲੀ ਹੌਲੀ ਲੋਕ ਸਿੱਖ ਧਰਮ ਵਲੋਂ ਦੂਰ ਹੋ ਰਹੇ ਹਨ ਤੇ ਜਾਤ-ਪਾਤ ਦੇ ਬੰਧਨ ਵਿਚ ਬੱਝੀ ਜਾ ਰਹੇ ਸਨ। **ਅਜਿਹੇ ਹਾਲਾਤਾਂ ਨੂੰ ਦੇਖ ਕੇ ਹੀ ਜਾਰਜ ਕਲਾਰਕ ਜੋ 1847-48 ਵਿੱਚ ਬੰਬਈ ਦਾ ਗਵਰਨਰ ਸੀ, ਉਸ ਨੇ ਕਿਹਾ ਸੀ ਕਿ ਅਗਲੇ 50 ਸਾਲਾਂ ਵਿਚ ਸਿੱਖ ਖਤਮ ਹੋ ਜਾਣਗੇ।**

ਅੰਗਰੇਜ਼ਾਂ ਨੇ ਸਿੱਖਾਂ ਵਿਚੋਂ ਸਿੱਖੀ, ਵਿਦਿਆ ਤੇ ਸਵੈਮਾਣ ਦਾ ਜਜ਼ਬਾ ਖਤਮ ਕਰਨ ਲਈ ਹਥਿਆਰ ਤੇ ਕਾਇਦੇ ਖਰੀਦ ਲਏ। ਛੇ ਆਨੇ ਵਿਚ ਪੜ੍ਹਾਈ ਵਾਲੇ ਕਾਇਦੇ ਦੇ ਤੇ ਦੋ ਆਨੇ ਵਿਚ ਹਰ ਪ੍ਰਕਾਰ ਦੇ ਸ਼ਸਤ੍ਰ ਅੰਗਰੇਜ਼ਾਂ ਨੇ ਲੈ ਲਏ ਸਨ। ਸਿੱਖੀ ਸਿਧਾਤਾਂ ਵਲੋਂ ਤੋੜਨ ਲਈ ਈਸਾਈ ਮਿਸ਼ਨ ਕਾਇਮ ਕੀਤੇ। 1855 ਤਕ ਪੰਜਾਬ ਵਿਚੋਂ 375 ਪਿੰਡਾਂ ਵਿਚ ਈਸਾਈ ਮਿਸ਼ਨ ਕਾਇਮ ਹੋ ਗਏ ਸਨ। 1860 ਤਕ ਪੰਜਾਬ ਵਿਚ ਵੀਹ ਹਜ਼ਾਰ ਈਸਾਈ ਬਣ ਗਏ ਸਨ।

ਅੰਗਰੇਜ਼ਾਂ ਨੇ ਆਪਣੇ ਪੈਰ ਪੱਕੇ ਕਰਨ ਲਈ ਤੇ ਸਿੱਖਾਂ ਨੂੰ ਸਿੱਖੀ ਭੁਲਾਉਣ ਲਈ ਆਪਣੇ ਹੱਥ ਠੋਕਿਆਂ ਕੋਲੋਂ ਅਜਿਹੇ ਸਾਹਿਤ ਦੀ ਰਚਨਾ ਕਰਾਈ ਜਿਹੜੀ ਸਿੱਖ ਸਿਧਾਂਤ ਤੇ ਖਰੀ ਨਹੀਂ ਉੱਤਰਦੀ ਸੀ। ਸੋਹਨ ਲਾਲ ਸੂਰੀ, ਗਣੇਸ਼ ਦਾਸ ਵਡੇਹਰਾ, ਬੂਟੇ ਸ਼ਾਹ, ਰਤਨ ਚੰਦ ਵਰਗਿਆਂ ਨੇ ਸਿੱਖ ਸਿਧਾਂਤ ਵਿਰੋਧੀ ਪੁਸਤਕਾਂ ਤਿਆਰ ਕਰਵਾਈਆਂ।

ਗੁਰਦੁਆਰਿਆਂ ਵਿਚ ਚਿਤ੍ਰਕਾਰੀ ਵਿਚ ਰਮਾਇਣ ਤੇ ਮਹਾਂਭਾਰਤ ਆਦਿ ਦੇ ਚਿਤਰਾਂ ਦੀ ਚਿਤ੍ਰਕਾਰੀ ਕਰਾਈ। ਅੰਗਰੇਜ਼ੀ ਰਾਜ ਦੀ ਸਰਪ੍ਰਸਤੀ ਹੇਠ ਬੇਦੀ, ਸੋਢੀ ਤੇ ਭੱਲੇ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗ ਪਏ ਸਨ। ਇੰਝ ਹੀ ਸਿੱਖੀ ਭੇਸ ਵਿਚ ਹਿੰਦੂ ਸਾਧਾਂ ਨੇ ਸਿੱਖਾਂ ਨੂੰ ਹਿੰਦੂ ਦਿਹਾੜਿਆਂ ਅਤੇ ਸੰਸਕਾਰਾਂ (ਸੰਗਰਾਂਦਾ, ਮੱਸਿਆ, ਪੂਰਨਮਾਸ਼ੀ, ਪੰਚਮੀ, ਸ਼ਰਾਧ, ਹਵਨ, ਗੁੱਗਾ-ਪੂਜਾ, ਵਿਸ਼ਵਕਰਮਾ-ਪੂਜਾ, ਜਠੇਰਿਆਂ ਦੀ ਪੂਜਾ ਦੇ ਨਾਲ ਹਿੰਦੂ ਤਿਉਹਾਰਾਂ ਦੀਵਾਲੀ ਰੱਖੜੀ, ਹੋਲੀ ਮਨਾਉਣ ਵੱਲ ਤੋਰ ਦਿੱਤਾ)।

ਡਾਕਟਰ ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ਼ ਭਾਗ ਤੀਜਾ ਦੇ ਪੰਨਾ 27 'ਤੇ ਲਿਖਦੇ ਹਨ ਕਿ "22 ਦਸੰਬਰ 1869 ਨੂੰ ਦਰਬਾਰ ਸਾਹਿਬ ਦਾ ਸਾਰਾ ਪ੍ਰਬੰਧ ਬ੍ਰਾਹਮਣ ਤੇਜਾ ਸਿੰਘ ਨੂੰ ਸੌਂਪ ਦਿੱਤਾ। ਸਪੱਸ਼ਟ ਕਿਹਾ ਜਾ ਸਕਦਾ ਹੈ ਕਿ ਗੁਰਦੁਆਰਿਆਂ ਦਾ ਪ੍ਰਬੰਧ ਨਿਰਮਲਿਆਂ ਤੇ ਉਦਾਸੀਆਂ ਦੇ ਹੱਥਾਂ ਵਿਚ

ਆ ਗਿਆ। ਦਰਬਾਰ ਸਾਹਿਬ ਦੀ ਹਦੂਦ ਵਿਚ ਵੀ ਮੂਰਤੀਆਂ ਆ ਗਈਆਂ ਸਨ। **ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਸੰਤ ਸਿੰਘ ਗਿਆਨੀ ਤੇ ਅਕਾਲ ਤੱਖਤ ਦੇ ਪੁਜਾਰੀ ਗੁਰਮੁਖ ਸਿੰਘ ਦੇ ਘਰ ਦੇ ਬਾਹਰ ਗਣੇਸ਼ ਦੀਆਂ ਮੂਰਤੀਆਂ ਲੱਗੀਆਂ ਹੋਈਆਂ ਸਨ।** ਅਕਾਲ ਤਖਤ ਅਤੇ ਬਾਬਾ ਅਟੱਲ ਰਾਏ ਦੇ ਗੁਰਦੁਆਰਾ ਵਿੱਚ ਹਿੰਦੂ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਇੰਝ ਲਗ ਰਿਹਾ ਸੀ ਜਿਵੇਂ ਗੁਰਦੁਆਰਿਆਂ ਨੂੰ ਬ੍ਰਾਹਮਣੀ ਕਰਮ-ਕਾਂਡ ਦੇ ਕੇਂਦਰ ਸਥਾਪਿਤ ਕੀਤੇ ਜਾ ਰਹੇ ਹੋਣ।

ਕੁੱਲ ਮਿਲਾ ਕੇ ਸਮਝਿਆ ਜਾ ਸਕਦਾ ਹੈ ਕਿ ਸਿੱਖਾਂ ਕੋਲ ਨਾ ਤਾਂ ਕੋਈ ਕੇਂਦਰੀ ਜੱਥੇਬੰਦੀ ਸੀ ਤੇ ਨਾ ਹੀ ਗੁਰਬਾਣੀ ਨੂੰ ਸਮਝਣ ਸਮਝਾਉਣ ਲਈ ਸਾਹਿਤਕ ਰਚਨਾ ਤੇ ਨਾ ਹੀ ਸਿਧਾਂਤਕ ਸਿੱਖ ਇਤਿਹਾਸ ਦੀਆਂ ਪੁਸਤਕਾਂ ਸਨ। ਮਹੀਨਾਵਾਰੀ ਜਾਂ ਸਪਤਾਹਿਕ ਮੈਗਜ਼ੀਨ, ਪੰਜਾਬੀ ਦੇ ਅਖ਼ਬਾਰ ਤੇ ਸਿੱਖੀ/ ਸਿਧਾਂਤ ਨੂੰ ਸਮਝਣ--ਸਮਝਾਉਣ ਵਾਲੇ ਸਕੂਲ ਕਾਲਜ ਵੀ ਨਹੀਂ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੀ ਗਿਣਤੀ 80 ਲੱਖ ਤੋਂ ਇਕ ਕਰੋੜ ਦੇ ਵਿਚਕਾਰ ਸੀ ਪਰ ਅੰਗਰੇਜ਼ਾਂ ਦੀ ਨੀਤੀ, ਈਸਾਈਆਂ ਦਾ ਵੱਧਦਾ ਪ੍ਰਭਾਵ, ਬ੍ਰਾਹਮਣੀ ਕਰਮ-ਕਾਂਡ ਦੇ ਬੋਲਬਾਲੇ ਦਾ ਅਸਰ ਜ਼ਿਆਦਾ ਪਿਆ ਜਿਸ ਕਰਕੇ ਸਿੱਖਾਂ ਦੀ ਗਿਣਤੀ 1861 ਦੀ ਮਰਦਮ ਸ਼ੁਮਾਰੀ ਸਮੇਂ 11 ਲੱਖ 41 ਹਜ਼ਾਰ 848 ਰਹਿ ਗਈ ਸੀ।

ਸਿੱਖ ਕੌਮ ਨੂੰ ਤਿੰਨ ਹੋਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ- ਇਕ ਈਸਾਈ ਪ੍ਰਚਾਰਕਾਂ ਦੀਆਂ ਗਤੀ ਵਿਧੀਆਂ, ਦੂਸਰਾ ਹਿੰਦੂ ਸੰਸਥਾ ਆਰੀਆ ਸਮਾਜ ਦੀ ਧਰਮ ਸ਼ੁੱਧੀ ਮੁਹਿੰਮ ਤੇ ਤੀਸਰਾ ਕਾਰਨ ਤਰਕਸ਼ੀਲਤਾ ਸੀ ਜੋ ਵਿਗਿਆਨ ਸੰਕਲਪਾਂ ਦੀ ਵਰਤੋਂ ਦੇ ਸ਼ੁਰੂ ਹੋਣ ਨਾਲ ਆਈ।

**ਇਸਾਈ ਪ੍ਰਚਾਰਕਾਂ ਦੀਆਂ ਗਤੀ ਵਿਧੀਆਂ—**

1835 ਵਿਚ ਈਸਾਈ ਮਿਸ਼ਨ ਵਲੋਂ ਪਾਦਰੀ ਸੰਘ ਸ਼ਾਸਨਵਾਦੀ ਸਥਾਪਿਤ ਕੀਤਾ। ਇਸ ਨੇ ਆਪਣੀਆਂ ਗਤੀ ਵਿਧੀਆਂ ਨੂੰ ਵੱਡੇ ਪੱਧਰ 'ਤੇ ਵਧਾਇਆ। ਅੰਜ਼ੀਲ ਦੇ ਪਰਚਾਰ ਲਈ ਦੀ ਸਾਲਵੇਸ਼ਨ ਆਰਮੀ (ਮੁਕਤੀ ਸੈਨਾ) ਆਦਿ ਸੁਸਾਇਟੀਆਂ ਬਣਾਈਆਂ। ਪਹਿਲਾ ਮਿਸ਼ਨ ਲੁਧਿਆਣੇ ਖੋਲ੍ਹਿਆ ਗਿਆ, 1846 ਜਲੰਧਰ, 1848 ਅੰਬਾਲਾ, 1850 ਰਾਵਲ ਪਿੰਡੀ, 1860 ਕਪੂਰਥਲਾ, 1867 ਹੁਸ਼ਿਆਰਪੁਰ, 1869 ਫਿਰੋਜ਼ਪੁਰ, 1900 ਵਿਚ ਕਸੂਰ ਆਦਿ ਵਿਚ ਆਪਣੇ ਕੇਂਦਰ ਖੋਲ੍ਹੇ। ਏਨੇ ਮਿਸ਼ਨ ਖੋਲ੍ਹੇ ਜਾਣ ਦੇ ਬਾਵਜੂਦ ਵੀ ਪੰਜਾਬੀਆਂ ਵਿਚ ਈਸਾਈ ਬਣਨ ਵਾਲਿਆਂ ਦੀ ਗਿਣਤੀ ਨਾ-ਮਾਤਰ ਸੀ। ਪਿੰਡਾਂ ਦੇ ਪਛੜੇ ਵਰਗ ਈਸਾਈਆਂ ਦੇ ਪ੍ਰਭਾਵ ਹੇਠ ਜਲਦੀ ਆਏ।

ਬਹੁਤ ਵੱਡਾ ਦੁਖਾਂਤ ਸੀ ਕਿ ਮਹਾਰਾਜਾ ਦਲੀਪ ਸਿੰਘ ਤੇ ਕਪੂਰਥਲਾ ਰਿਆਸਤ ਦੇ ਮਹਾਰਾਜਾ ਕੰਵਰ ਹਰਨਾਮ ਸਿੰਘ ਨੇ ਈਸਾਈ ਮਤ ਗ੍ਰਹਿਣ ਕਰ ਲਿਆ। ਮਹਾਰਾਜ ਦਲੀਪ ਸਿੰਘ ਨੂੰ ਡੂੰਘੀ ਸਾਜ਼ਿਸ਼ ਕਰਕੇ ਈਸਾਈ ਬਣਾਇਆ ਜਦ ਕਿ ਕਪੂਰਥਲੇ ਦਾ ਹਰਨਾਮ ਸਿੰਘ ਈਸਾਈਆਂ ਦੇ ਪ੍ਰਭਾਵ ਹੇਠ ਈਸਾਈ ਬਣਿਆ। ਏਦਾਂ ਦੀਆਂ ਘਟਨਾਵਾਂ ਨਾਲ ਜਨ ਸਧਾਰਣ ਲੋਕਾਂ ਦੇ ਮਨਾਂ 'ਤੇ ਬਹੁਤ ਅਸਰ ਪਿਆ। ਰਾਜ ਖੁਸ ਜਾਣ ਨਾਲ ਸਿੱਖੀ ਸਰੋਕਾਰਾਂ 'ਤੇ ਬਹੁਤ ਪ੍ਰਭਾਵ ਪਿਆ।

ਆਰੀਆ ਸਮਾਜ ਦੀ ਧਰਮ ਸ਼ੁੱਧੀ ਦੀ ਮਹਿੰਮ ਨੇ ਪੰਜਾਬ ਵਿਚ ਆਪਣਾ ਪ੍ਰਭਾਵ ਪਾਉਣਾ ਸ਼ੁਰੂ ਕੀਤਾ। ਇਸ ਤੋਂ ਪਹਿਲਾਂ ਸਿੰਘ ਸਭਾ ਹੋਂਦ ਵਿਚ ਆ ਗਈ ਸੀ ਪਰ ਆਰੀਆ ਸਮਾਜੀ ਪੂਰੇ ਜ਼ੋਰ-ਸ਼ੋਰ ਨਾਲ ਲੱਗੇ ਹੋਏ ਸਨ। ਸੁਆਮੀ ਦਿਆ ਨੰਦ ਬਹੁਤ ਹੰਕਾਰ ਵਿਚ ਆ ਗਿਆ ਸੀ। ਏਥੋਂ ਤਕ ਕਿ ਇਸ ਨੇ ਆਰੀਆ ਸਮਾਚਾਰ, ਜੋ ਆਰੀਆ ਸਮਾਜ ਦਾ ਸੰਚਾਰ ਸਾਧਨ ਸੀ, ਉਸ ਵਿਚ ਛਪਿਆ ਹੈ—

ਨਾਨਕ ਸ਼ਾਹ ਫਕੀਰ ਨੇ ਨਯਾ ਚਲਾਇਆ ਪੰਥ,
ਇਧਰ ਉਧਰ ਸੇ ਜੋੜ ਕੇ ਲਿਖ ਮਾਰਾ ਗ੍ਰੰਥ।
ਪਹਿਲੋਂ ਚੇਲੇ ਕਰ ਲੈ ਪਿੱਛੇ ਬਦਲਾ ਭੇਸ,
ਸਿਰ ਪਰ ਸਾਫਾ ਬਾਂਧ ਕੇ ਰਖ ਲੀਨੇ ਕੇਸ।

ਸਨਾਤਨੀ ਸਿੱਖਾਂ ਨੂੰ ਛੇਤੀ ਪਤਾ ਲੱਗ ਗਿਆ ਸਵਾਮੀ ਦਇਆ ਨੰਦ ਵੇਦਾਂ 'ਤੇ ਬਹੁਤ ਵਿਸ਼ਵਾਸ ਰੱਖਣ ਕਰਕੇ ਸਮਝਦਾ ਸੀ ਕਿ ਗੁਰੂ ਸਾਹਿਬ ਘੱਟ ਪੜ੍ਹੇ ਹੋਏ ਹਨ। ਉਸ ਨੇ ਗੁਰੂ ਨਾਨਕ ਸਾਹਿਬ ਜੀ ਸਬੰਧੀ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ। ਸੁਆਮੀ ਦਿਆ ਨੰਦ ਦੀਆਂ ਤਲਖ਼ ਟਿੱਪਣੀਆਂ ਕਰਕੇ ਸਿੱਖਾਂ ਨੂੰ ਅੰਦਰੋਂ ਸਿੱਖ ਹੋਣ ਦਾ ਅਹਿਸਾਸ ਕਰਵਾਇਆ ਕਿ ਅਸੀਂ ਤਾਂ ਗੁਰੂ ਗੋਬਿੰਦ ਸਿੰਘ ਦੇ ਸਿੰਘ ਹਾਂ। ਦੂਸਰਾ ਸਿੰਘ ਸਭਾ ਲਹਿਰ ਦੇ ਪ੍ਰਭਾਵ ਕਰਕੇ ਆਰੀਆ ਸਮਾਜ ਦੀ ਵਲਗਣ ਵਿਚੋਂ ਸਿੱਖ ਪਰਿਵਾਰ ਨਿਕਲਣ ਲੱਗ ਪਏ।

**ਨਿਰੰਕਾਰੀ ਲਹਿਰ**

1851 ਵਿਚ ਰਾਵਲ ਪਿੰਡੀ ਵਿਚ ਨਿਰੰਕਾਰੀ ਦਰਬਾਰ ਦੀ ਨੀਂਹ ਰੱਖੀ। ਇਸ ਲਹਿਰ ਨੇ ਬ੍ਰਾਹਮਣੀ ਕਰਮ-ਕਾਂਡ ਨੂੰ ਠੱਲ ਪਾਉਣ ਦਾ ਵੱਡਾ ਯਤਨ ਕੀਤਾ। ਇਸ ਲਹਿਰ ਨੇ ਅੱਗ ਦੁਆਲੇ ਫੇਰੇ, ਸ਼ਰਾਧ, ਸੂਤਕ-ਪਾਤਕ, ਮਹੂਰਤ, ਵਗੈਰਾ ਨੂੰ ਸਿੱਖੀ ਵਿਚੋਂ ਬਾਹਰ ਕੱਢਣ ਦਾ ਯਤਨ ਕੀਤਾ। ਨਿੰਰਕਾਰੀ ਲਹਿਰ ਦਾ ਇਕ ਪਹਿਲੂ ਇਹ ਵੀ ਸੀ ਕਿ ਬਾਬਾ ਦਿਆਲ ਜੀ ਨੇ ਖ਼ੁਦ ਖੰਡੇ ਦੀ ਪਹੁਲ ਨਹੀਂ ਲਈ ਸੀ। ਇਹ ਵੀ ਸੱਚ ਹੈ ਕਿ ਸਿੰਘ ਸਭਾ ਲਹਿਰ ਸ਼ੁਰੂ ਹੋਣ 'ਤੇ ਨਿੰਰਕਾਰੀ ਲਹਿਰ ਦੇ ਆਗੂਆਂ ਨੇ ਖੰਡੇ ਦੀ ਪਾਹੁਲ ਲੈ ਲਈ ਸੀ। ਗੁਰੂ ਗ੍ਰੰਥ ਸਾਹਿਬ ਜੀ ਦੁਆਲੇ ਪ੍ਰਕਰਮਾ ਕਰਕੇ ਅਨੰਦ ਕਾਰਜ ਕਰਾਉਣ ਦੀ ਰੀਤੀ ਇਨ੍ਹਾਂ ਵਲੋਂ ਚਲਾਈ ਗਈ। ਇਹ ਇਕ ਵੱਖਰਾ ਪਹਿਲੂ ਹੈ ਕਿ ਅਸਲੀ ਨਿੰਰਕਾਰੀਆਂ ਦੇ ਮੁਕਾਬਲੇ ਵਿਚ ਨਕਲੀ ਨਿਰੰਕਾਰੀ ਵੀ ਪੈਦਾ ਹੋ ਗਏ। ਪੰਜਾਬ ਦੀ ਵੰਡ ਤੋਂ ਪਹਿਲਾਂ ਨਕਲੀ ਨਿਰੰਕਾਰੀਆਂ ਦਾ ਕੋਈ ਬਹੁਤਾ ਅਧਾਰ ਨਹੀਂ ਸੀ ਪਰ 1947 ਤੋਂ ਬਾਅਦ ਭਾਰਤੀ ਕਾਂਗਰਸ ਦੀ ਸਰਪ੍ਰਸਤੀ ਹੇਠ ਨਕਲੀ ਨਿਰੰਕਾਰੀਆਂ ਨੇ ਦਿੱਲੀ 'ਚ ਆਪਣਾ ਪ੍ਰਚਾਰ ਸ਼ੁਰੂ ਕਰਕੇ ਨਵਾਂ ਕੇਂਦਰ ਬਣਾ ਲਿਆ। ਇੰਝ ਨਕਲੀ ਨਿਰੰਕਾਰੀ ਪੈਦਾ ਹੋ ਗਏ ਜਿਨ੍ਹਾਂ ਨੇ ਸਿੱਖ ਸਰੋਕਾਰਾਂ ਨੂੰ ਵੰਗਾਰਿਆ। ਇਨ੍ਹਾਂ ਵਲੋਂ ਸਿੱਖੀ ਨਾਲ ਟਕਰਾਅ ਪੈਦਾ ਕਰਕੇ 13 ਸਿੰਘਾਂ ਨੂੰ ਸ਼ਹੀਦ ਕੀਤਾ ਗਿਆ।

**ਕੂਕਾ ਲਹਿਰ (ਨਾਮਧਾਰੀ ਲਹਿਰ)**

ਬਾਬਾ ਰਾਮ ਸਿੰਘ ਕੰਵਰ ਨੌਨਿਹਾਲ ਸਿੰਘ ਦੀ ਫੌਜ ਦਾ ਇਕ ਸਿਪਾਹੀ ਸੀ। ਅੰਗਰੇਜ਼ਾਂ ਦਾ ਰਾਜ ਆਉਣ ਕਰਕੇ ਇਨ੍ਹਾਂ ਦੀ ਫੌਜ ਤੋੜ ਦਿੱਤੀ ਗਈ। ਇਨ੍ਹਾਂ ਨੇ ਪਿੰਡ ਭੈਣੀ ਆ ਕੇ ਹੱਟੀ ਪਾ ਲਈ। ਨੌਕਰੀ ਦੌਰਾਨ ਇਕ ਵਾਰ ਬਾਬਾ ਬਾਲਕ ਸਿੰਘ ਨੂੰ ਮਿਲ ਚੁੱਕੇ ਸਨ। ਨੌਕਰੀ ਜਾਣ ਕਰਕੇ ਇਨ੍ਹਾਂ ਦੇ ਮਨ ਵਿਚ ਅੰਗਰੇਜ਼ਾਂ ਖ਼ਿਲਾਫ ਬਹੁਤ ਨਫਰਤ ਸੀ। ਧਾਰਮਿਕ ਬਿਰਤੀ ਹੋਣ ਕਰਕੇ ਇਨ੍ਹਾਂ ਦੇ ਮਿੱਤਰ ਦੋਸਤ ਇਨ੍ਹਾਂ ਨੂੰ ਬਾਲਕ ਸਿੰਘ ਦਾ ਵਾਰਸ ਦੱਸਣ ਲੱਗ ਪਏ।

ਬਾਬਾ ਰਾਮ ਸਿੰਘ ਨੇ ਸਮਾਧਾਂ ਢਾਹੁੰਣ ਦਾ ਪਹਿਲਾ ਐਕਸ਼ਨ 7 ਜੁਲਾਈ 1866 ਨੂੰ ਲੁਧਿਆਣੇ ਵਿਚ ਕੀਤਾ। ਦੁੱਖ ਇਸ ਗੱਲ ਦਾ ਹੈ ਕਿ ਇਹ ਲਹਿਰ ਛੇਤੀ ਹੀ ਬ੍ਰਾਹਮਣੀ ਰੰਗ ਵਿਚ ਰੰਗੀ ਗਈ। ਨਾਮਧਾਰੀਏ ਦੇਖਣ ਨੂੰ ਸਿੱਖ ਤਾਂ ਜ਼ਰੂਰ ਲਗਦੇ ਹਨ ਪਰ ਇਨ੍ਹਾਂ ਦੇ ਸਰੋਕਾਰ ਸਿੱਖ ਸਿਧਾਂਤਾਂ ਦੇ ਉਲਟ ਹਨ। ਚੌਦਾਂ ਗੁਰੂਆਂ ਦੇ ਨਾਂ ਲੈ ਕੇ ਅਰਦਾਸ ਕਰਦੇ ਹਨ। ਅਕਾਲੀ ਸਰਕਾਰ ਦੀ ਮਿਹਰਬਾਨੀ ਕਰਕੇ ਦਸ ਗੁਰੂ ਸਾਹਿਬਾਨ ਦੀ ਤਰਜ਼ 'ਤੇ ਗੁਰੂ ਨਾਨਕ ਯੂਨੀਵਰਸਿਟੀ ਵਿਚ ਸਤਿਗੁਰ ਰਾਮ ਸਿੰਘ ਚੇਅਰ ਸਥਾਪਿਤ ਕੀਤੀ। ਪੰਥਕ ਸਰਕਾਰ ਵਲੋਂ ਪੰਥ ਵਿੱਚ ਇੱਕ ਵੱਖਰਾ ਸੇਹ ਦਾ ਤਕਲਾ ਗੱਡਿਆ।

ਰਾਵਲਪਿੰਡੀ ਦੇ ਨਿਰੰਕਾਰੀ ਦਰਬਾਰ ਦੇ ਮੁੱਖੀ ਭਾਈ ਦਰਬਾਰਾ ਸਿੰਘ ਦੀ 1870 ਨੂੰ ਮੌਤ ਹੋ ਗਈ। ਨਾਮਧਾਰੀ ਦੇ ਮੁੱਖੀ ਬਾਬਾ ਰਾਮ ਸਿੰਘ ਦੀ 1872 ਵਿਚ ਗ੍ਰਿਫਤਾਰੀ ਹੋਈ। ਭਾਵੇਂ ਇਹ ਲਹਿਰਾਂ ਸੀਮਤ ਦਾਇਰੇ ਵਿਚ ਰਹੀਆਂ ਪਰ ਇਨ੍ਹਾਂ ਲਹਿਰਾਂ ਨੇ ਇਕ ਵਾਰ ਸਿੱਖੀ ਵਿਚ ਨਵੀਂ ਚੇਤੰਨਤਾ ਦੀ ਚਿਣਗ ਜ਼ਰੂਰ ਪੈਦਾ ਕੀਤੀ।

**ਅੰਮ੍ਰਿਤਸਰ ਵਿਚ ਇਕ ਘਟਨਾ—**

30 ਜੁਲਾਈ 1873 ਈਸਵੀ ਨੂੰ ਇਕ ਘਟਨਾ ਵਾਪਰੀ। ਅੰਮ੍ਰਿਤਸਰ ਮਿਸ਼ਨ ਸਕੂਲ ਦੇ ਚਾਰ ਵਿਦਿਆਰਥੀ, ਸੰਤੋਖ ਸਿੰਘ ਸਾਧੂ ਸਿੰਘ, ਆਇਆ ਸਿੰਘ, ਅੱਤਰ ਸਿੰਘ ਨੇ ਐਲਾਨ ਕੀਤਾ ਕਿ ਅਸਾਂ ਈਸਾਈ ਧਰਮ ਧਾਰਨ ਕਰਨਾ ਹੈ। ਇਸ ਤੋਂ ਪਹਿਲਾਂ ਸ਼ਾਹੀ ਘਰਾਣਿਆਂ ਦੇ ਬੱਚਿਆਂ ਨੇ ਈਸਾਈ ਧਰਮ ਧਾਰਨ

ਕਰ ਲਿਆ ਸੀ। ਮਿਸ਼ਨ ਸਕੂਲ ਦੇ ਸਿੱਖ ਬੱਚਿਆਂ ਦੇ ਇਸ ਫੈਸਲੇ ਤੋਂ ਸਿੱਖ ਵਿਦਵਾਨ ਬਹੁਤ ਚਿੰਤਾਤੁਰ ਹੋਏ। ਸਾਰੇ ਪੰਜਾਬ ਵਿਚ ਅੰਦਰ ਬਹੁਤ ਵੱਡਾ ਵਿਰੋਧ ਹੋਇਆ ਸੀ। ਥਾਂਈਂ ਥਾਂਈਂ ਜਲਸੇ ਜਲੂਸ ਨਿਕਲੇ। ਖੁਸ਼ਵੰਤ ਸਿੰਘ ਦੇ ਕਹਿਣ ਅਨੁਸਾਰ ਸਿੱਖ ਪ੍ਰਚਾਰਕਾਂ ਨੇ ਇਨ੍ਹਾਂ ਚਾਰ ਲੜਕਿਆਂ ਨਾਲ ਗੱਲਬਾਤ ਕਰਕੇ ਉਹਨਾਂ ਨੂੰ ਧਰਮ ਬਦਲਣ ਦੇ ਖ਼ਿਆਲ ਤੋਂ ਰੋਕ ਲਿਆ।

ਇਸ ਘਟਨਾ ਦੇ ਨਾਲ ਹੀ ਇਕ ਹੋਰ ਘਟਨਾ ਵਾਪਰ ਗਈ। ਅੰਮ੍ਰਿਤਸਰ ਗੁਰੂ ਕਾ ਬਾਗ ਜੋ ਦਰਬਾਰ ਸਾਹਿਬ ਦੇ ਘੇਰੇ ਵਿਚ ਹੈ ਇਥੇ ਸ਼ਰਧਾ ਰਾਮ ਫ਼ਿਲੌਰੀ ਕਥਾ ਕਰਦਿਆਂ ਮਨ ਘੜਤ ਸਿੱਖੀ ਸਰੋਕਾਰ ਪੇਸ਼ ਕਰ ਰਿਹਾ ਸੀ। ਇਸ ਦੀ ਕਥਾ ਸੁਣ ਕੇ ਸੁਚੇਤ ਸਿੱਖ ਨੌਜਵਾਨਾਂ ਨੇ ਇਸ ਨੂੰ ਲਲਕਾਰਿਆ ਤਾਂ ਇਹ ਡਰਦਾ ਮਾਰਾ ਭੱਜ ਗਿਆ। ਸ਼ਰਧਾ ਰਾਮ ਫ਼ਿਲੌਰੀ ਨੂੰ ਅੰਗਰੇਜ਼ਾਂ ਦੀ ਸਰਪ੍ਰਸਤੀ ਹਾਸਲ ਸੀ। ਇਹ ਸਾਰੀਆਂ ਖਬਰਾਂ ਸਰਗਰਮ ਸਿਰਕੱਢਦੀਆਂ ਸ਼ਖ਼ਸੀਅਤਾਂ ਠਾਕੁਰ ਸਿੰਘ ਸੰਧਾਵਾਲੀਆ, ਗਿਆਨੀ ਗਿਆਨ ਸਿੰਘ, ਗਿਆਨੀ ਸਰਦੂਲ ਸਿੰਘ ਆਦਿ ਨੂੰ ਪੁੱਜੀਆਂ ਸਨ। ਇਨ੍ਹਾਂ ਸਾਡੇ ਪੁਰਖਿਆਂ ਨੇ 1 ਅਕਤੂਬਰ 1873 ਨੂੰ ਅੰਮ੍ਰਿਤਸਰ ਵਿਚ ਵੱਡਾ ਇਕੱਠ ਬੁਲਾ ਲਿਆ। ਇਸ ਇਕੱਠ ਵਿਚ ਗਿਆਨੀ ਪੁਜਾਰੀ, ਗ੍ਰੰਥੀ, ਉਦਾਸੀ, ਨਿਰਮਲੇ ਆਦਿ ਸ਼ਾਮਿਲ ਹੋਏ। ਡਾ. ਹਰਜਿੰਦਰ ਸਿੰਘ ਦਿਲਗੀਰ ਜੀ ਲਿਖਦੇ ਹਨ ਕਿ ਨਿਰਮਲਿਆਂ ਉਦਾਸੀਆਂ ਦਾ ਜ਼ੋਰ ਹੋਣ ਕਰਕੇ ਸਿੰਘ ਸਭਾ ਦੇ ਨਾਂ ਨਾਲ ਸ੍ਰੀ ਸ਼ਬਦ ਵੀ ਲਾ ਲਿਆ। ਇਸ ਸਭਾ ਦੇ ਪ੍ਰਧਾਨ ਸ: ਠਾਕੁਰ ਸਿੰਘ ਸੰਧਾਵਾਲੀਆ, ਸਕੱਤਰ ਗਿਆਨੀ ਗਿਆਨ ਸਿੰਘ, ਮੀਤ ਸਕੱਤਰ ਅਮਰ ਸਿੰਘ ਤੇ ਖ਼ਜ਼ਾਨਚੀ ਧਰਮ ਸਿੰਘ ਮਜੀਠਾ ਬੁੰਗਾ ਬਣਾਏ ਗਏ। ਇਨ੍ਹਾਂ ਦਾ ਨਿਸ਼ਾਨਾ, "ਸਿੱਖ ਧਰਮ ਅਤੇ ਸਮਾਜ ਵਿੱਚ ਆ ਪਈਆਂ ਕੁਰੀਤੀਆਂ ਦੂਰ ਕਰ ਕੇ ਸਿੱਖ ਧਰਮ ਦੀ ਅਸਲੀ ਮਰਿਆਦਾ ਕਾਇਮ ਕਰਨਾ ਸੀ।

**ਸਿੰਘ ਸਭਾ ਲਹਿਰ ਦੇ ਮੁੱਢਲੇ ਯਤਨ—**

ਸਮੇਂ ਦੇ ਵਿਦਵਾਨ ਪੁਰਖਿਆਂ ਨੇ ਸਿਰ ਜੋੜ ਕੇ ਵਿਚਾਰਾਂ ਕੀਤੀਆਂ ਕਿ ਸਿੱਖ ਧਰਮ ਦੀ ਪ੍ਰਫੁੱਲਤਾ, ਸਿੱਖੀ ਦਾ ਨਿਆਰਾਪਨ, ਹਿੰਦੂ ਕਰਮ-ਕਾਂਡ ਦੀ ਚੜ੍ਹ ਰਹੀ ਅਮਰ ਵੇਲ, ਈਸਾਈ ਮੱਤ ਦਾ ਪ੍ਰਭਾਵ, ਨਿਰਮਲੇ -ਉਦਾਸੀਆਂ ਵਲੋ ਨਾਨਕਈ ਫਲਸਫੇ ਨੂੰ ਦੇਵੀ ਦੇਵਤਿਆਂ ਵਾਂਗ ਕਰਨ ਦੀਆਂ ਚਨੌਤੀਆਂ ਸਨ। ਇਸ ਸਮੇ ਤਕ ਸਿੱਖਾਂ ਕੋਲ ਕੋਈ ਕੇਂਦਰੀ ਜੱਥੇਬੰਦੀ ਵੀ ਨਹੀਂ ਸੀ, ਕੋਈ ਮਹੀਨਾਵਰ ਰਸਾਲਾ, ਰੋਜ਼ਾਨਾ ਅਖ਼ਬਾਰ, ਵਿਦਿਆ ਲਈ ਸਕੂਲ-ਕਾਲਜ, ਸਿੱਖ ਸਿਧਾਂਤ ਨੂੰ ਸਮਝਣ ਸਮਝਾਉਣ ਵਾਲਾ ਕੋਈ ਸਿੱਕੇ ਬੰਦ ਸਾਹਿਤ ਨਹੀਂ ਸੀ।

ਸਿੰਘ ਸਭਾ ਦੇ ਪ੍ਰਭਾਵ ਨਾਲ ਖਾਲਸਾ ਸਕੂਲ-ਕਾਲਜਾਂ ਦਾ ਜਨਮ ਹੋਇਆ। 1879 ਈਸਵੀ ਨੂੰ ਪ੍ਰੋਫੈਸਰ ਗੁਰਮੁਖ ਸਿੰਘ (ਓਰੀਐਂਟਲ ਕਾਲਜ ਲਾਹੌਰ) ਨੇ ਗੁਰਮੁਖੀ ਅਖਬਾਰ ਸ਼ੁਰੂ ਕੀਤਾ।

ਸਿੰਘ ਸਭਾ ਅੰਮ੍ਰਿਤਸਰ ਦੇ ਉਦਮ ਸਦਕਾ ਨਵੀਂ ਜਾਗਰਤੀ ਨੇ ਅੰਗੜਾਈ ਲਈ। ਤੇ 1879 ਨੂੰ ਸਿੰਘ ਸਭਾ ਲਾਹੌਰ ਕਾਇਮ ਹੋਈ। 1880 ਨੂੰ ਇਕ ਸਾਂਝੀ ਕੇਂਦਰੀ ਸਿੰਘ ਸਭਾ ਕਾਇਮ ਕੀਤੀ ਗਈ। ਇਸ ਸਾਂਝੀ ਸਭਾ ਦਾ ਮੁੱਖ ਦਫ਼ਤਰ ਅੰਮ੍ਰਿਤਸਰ ਸੀ।

ਕੇਂਦਰੀ ਸਿੰਘ ਸਭਾ ਦੇ ਲਹਿਰ ਹੇਠ ਜਗ੍ਹਾ ਜਗ੍ਹਾ ਸਿੰਘ ਸਭਾਵਾਂ ਬਣਨੀਆਂ ਸ਼ੁਰੂ ਹੋਈਆਂ। ਜਾਗਰੂਕ ਆਗੂਆਂ ਨੇ ਗੁਰਦੁਆਰਿਆਂ ਦੇ ਨਾਂ ਸਿੰਘ ਸਭਾ ਰੱਖਣੇ ਸ਼ੁਰੂ ਕੀਤੇ। ਕੇਂਦਰੀ ਸਿੰਘ ਸਭਾ ਦੇ ਮੁੱਖ ਮੰਤਵ ਕੀ ਸਨ?

1. ਸਾਰੇ ਸਿੱਖ ਵੀਰਾਂ ਅਤੇ ਖਾਲਸਾ ਜੀ ਨੂੰ ਸਿੱਖੀ ਧਰਮ ਦੇ ਨਾਲ ਪਿਆਰ ਰੱਖਣ ਲਈ ਪ੍ਰੇਰਤ ਕਰਨਾ ਅਤੇ ਸਿੱਖੀ ਦੇ ਮੂਲ ਸਿਧਾਤਾਂ ਨੂੰ ਪ੍ਰਚਾਰਨਾ।

2. ਸਿੱਖੀ ਦੇ ਨਿਆਰੇਪਨ ਤੇ ਨਾਨਕਈ ਫਲਸਫੇ ਨੂੰ ਪ੍ਰਗਟ ਕਰਨ ਲਈ ਹਰੇਕ ਸ਼ਹਿਰ ਤੇ ਪਿੰਡ ਤੱਕ ਪਹੁੰਚ ਕਰਨੀ।

3. ਸਿੱਖੀ ਨਾਲ ਸਬੰਧਿਤ ਗੁਰਮਤਿ ਸਾਹਿਤ ਪੈਦਾ ਕਰਨਾ ਤੇ ਉਸ ਨੂੰ ਵੰਡਣਾ।

4. ਪੁਰਾਣੇ ਗ੍ਰੰਥਾਂ ਦੀ ਸੁਧਾਈ ਕਰਨੀ ਤੇ ਗੁਰਮਤਿ ਦੇ ਪੱਖ ਨੂੰ ਪ੍ਰਗਟ ਕਰਨ ਵਾਲੇ ਕਿਤਾਬਚੇ ਤਿਆਰ ਕਰਾਉਣੇ।

5. ਪੰਜਾਬੀ ਜ਼ਬਾਨ ਦੀ ਪ੍ਰਫੁੱਲਤਾ 'ਤੇ ਜ਼ੋਰ ਦੇਣਾ ਤੇ ਇਸ ਮਕਸਦ ਲਈ ਅਖਬਾਰਾਂ, ਰਸਾਲੇ ਛਾਪਣੇ।

6. ਸਿੱਖੀ ਦੇ ਵਿਰੋਧੀਆਂ ਦੀ ਸ਼ਨਾਖ਼ਤ ਕਰਨੀ, ਟੁੱਟਿਆਂ ਨੂੰ ਗਲ਼ ਨਾਲ ਲਾਉਣਾ।

**ਸਿੰਘ ਸਭਾ ਨੂੰ ਪੈਰਾਂ ਸਿਰ ਕਰਨ ਲਈ ਇਕ ਜਾਬਤਾ ਵੀ ਬਣਾਇਆ**

1. ਕੇਸ ਕਟਾਉਣ ਵਾਲਾ ਸਿੰਘ ਸਭਾ ਦਾ ਮੈਂਬਰ ਨਹੀਂ ਬਣ ਸਕਦਾ। ਹਾਂ ਜੇ ਕਿਸੇ ਕੋਲੋਂ ਕੋਈ ਅਵੱਗਿਆ ਹੋ ਜਾਂਦੀ ਹੈ ਤਾਂ ਉਹ ਤਨਖਾਹ ਲਵਾ ਕੇ ਮੁੜ ਮੈਂਬਰ ਬਣ ਸਕਦਾ ਹੈ।

2. ਸਰਕਾਰੀ ਜਾਂ ਅਰਧ ਸਰਕਾਰੀ ਨੌਕਰੀ ਬੇ-ਸ਼ੱਕ ਕਰੇ ਪਰ ਸਿੱਖੀ ਅਸੂਲਾਂ ਤੇ ਪੰਜਾਬੀ ਜ਼ਬਾਨ ਦਾ ਪਹਿਰਦਾਰ ਹੋਣਾ ਚਾਹੀਦਾ ਹੈ।

3. ਦੂਸਰਿਆਂ ਮੱਤਾਂ ਦਾ ਬੇ-ਲੋੜਾ ਵਿਰੋਧ ਕਰਨਾ ਸਿੰਘ ਸਭਾ ਲਹਿਰ ਦਾ ਕੰਮ ਨਹੀਂ ਹੈ। ਪ੍ਰੋ. ਗੁਰਮੁਖ ਸਿੰਘ ਨੇ ਪਿੰਡ ਪਿੰਡ ਜਾ ਕੇ ਸਿੰਘ ਸਭਾਵਾਂ ਕਾਇਮ ਕੀਤੀਆਂ ਤੇ ਨਾਲ ਹੀ ਇਨ੍ਹਾਂ ਨੂੰ ਇਕ ਝੰਡੇ ਥੱਲੇ ਕਰਨ ਲਈ ਖਾਲਸਾ ਦੀਵਾਨ ਕਾਇਮ ਕੀਤਾ ਗਿਆ। ਖਾਲਸਾ ਦੀਵਾਨ ਦਾ ਨਾਂ ਬਾਹਰਲੇ ਮੁਲਕਾਂ ਵਿਚ ਆਮ ਗੁਰਦੁਆਰਿਆਂ ਵਿਚ ਅੱਜ ਵੀ ਮਿਲਦਾ ਹੈ।

ਓਦੋਂ ਇਕ ਦੁਖਾਂਤ ਇਹ ਵੀ ਪੈਦਾ ਹੋਇਆ ਕਿ ਸਿੰਘ ਸਭਾ ਦੇ ਕੁਝ ਮੈਂਬਰ ਗੁਰੂ ਕੁੱਲ ਵਿਚੋਂ ਹੋਣ ਕਰਕੇ ਆਪਣੇ ਆਪ ਨੂੰ ਗੁਰੂ ਦਾ ਦਰਜਾ ਦੇਣ ਲੱਗ ਪਏ, ਸਿਧਾਂਤਿਕ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ। ਬਾਬਾ ਖੇਮ ਸਿੰਘ ਦੇ ਹੇਠੋਂ ਗਦੇਲਾ ਖਿਚ ਕੇ ਸਾਬਤ ਕਰ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।

**ਸਿੰਘ ਸਭਾ ਲਹਿਰ ਦੀ ਦੇਣ—**

1. ਸਿੰਘ ਸਭਾ ਲਹਿਰ ਆਉਣ ਨਾਲ ਸਿੱਖਾਂ ਨੂੰ ਆਪਣੇ ਨਿਆਰੇਪਨ ਹੋਣ ਦਾ ਅਹਿਸਾਸ ਹੋਇਆ। ਇਹ ਵੀ ਮਹਿਸੂਸ ਹੋਇਆ ਕਿ ਸਿੱਖ ਧਰਮ ਕੋਈ ਪਿੱਛਲੱਗ ਧਰਮ ਨਹੀਂ ਸਗੋਂ ਇਸ ਦਾ ਫਲਸਫਾ ਸਾਰੀ ਦੁਨੀਆਂ ਨੂੰ ਆਪਣੇ ਪਿਆਰ ਦੇ ਕਲਾਵੇ ਵਿਚ ਲੈਂਦਾ ਹੈ।

2. ਸਿੱਖਾਂ ਨੇ ਸਸਕਾਰ ਕਰਨ ਸਮੇਂ ਬ੍ਰਾਹਮਣੀ ਕਰਮ-ਕਾਂਡ ਤੇ ਗਰੜ ਪੁਰਾਣ ਵਾਲੀਆਂ ਰੀਤੀਆਂ ਨੂੰ ਇੱਕ ਵੱਢੋਂ ਰੱਦ ਕੀਤਾ।

3. ਸਿੱਖੀ ਵਿਚੋਂ ਮੂਰਤੀ ਪੂਜਾ ਦਾ ਸੰਕਲਪ ਖਤਮ ਹੋਇਆ ਤੇ ਦਰਬਾਰ ਸਾਹਿਬ ਦੀ ਹਦੂਦ ਵਿਚੋਂ ਮਨੋਕਲਪਤ ਮੂਰਤੀਆਂ ਚੁਕਾ ਦਿੱਤੀਆਂ।

4. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਗਦੇਲੇ ਲਾਉਣੇ ਹਟਾਏ ਗਏ। ਗੁਰੂ ਵੰਸ਼ੀ ਹੋਣ ਦੇ ਨਾਟਕ ਨੂੰ ਖਤਮ ਕੀਤਾ। ਗੁਰੂ ਡੰਮ੍ਹ ਨੂੰ ਠੱਲ ਪਾਈ।

5. ਅੰਮ੍ਰਿਤਸਰ ਖਾਲਸਾ ਕਾਲਜ ਵੀ ਸਿੰਘ ਸਭਾ ਦੇ ਵਿਚਾਰਾਂ ਦੀ ਉਪਜ ਹੀ ਹੈ।

6. ਸਿੰਘ ਸਭਾ ਲਹਿਰ ਦੇ ਆਗੂਆਂ ਨੇ ਸਿੱਖ ਧਰਮ ਅਤੇ ਤਵਾਰੀਖ ਸਬੰਧੀ ਇਕ ਸੌ ਦੇ ਕਰੀਬ ਕਿਤਾਬਾਂ ਤੇ ਬਹੁਤਾਤ ਵਿਚ ਟਰੈਕਟ ਵੀ ਛਾਪੇ। ਇਸ ਕਦਮ ਨਾਲ ਸਿੱਖ ਅਵਾਮ ਵਿਚ ਨਵੀਂ ਜਾਗਰਤਾ, ਚੇਤੰਨਤਾ ਆਈ।

7. ਇਸ ਲਹਿਰ ਦੇ ਅਸਰ ਹੇਠਾਂ ਰੋਜ਼ਾਨਾ, ਹਫਤਾਵਾਰੀ ਅਤੇ ਮਹੀਨਾਵਾਰੀ ਰਸਾਲੇ ਛਪਣੇ ਵੀ ਸ਼ੁਰੂ ਹੋਏ ਜਿਸ ਨਾਲ ਸਿੱਖ ਜਰਨਲਿਜ਼ਮ ਦਾ ਮੁੱਢ ਬੱਝਾ।

8. ਸਿੰਘ ਸਭਾ ਲਹਿਰ ਨੇ ਬਹੁਤ ਸਾਰੇ ਸਿੱਖ ਆਗੂ, ਵਰਕਰ, ਲੇਖਕ, ਪ੍ਰੋਫੈਸਰ, ਉਸਤਾਦ, ਵਕੀਲ ਅਖ਼ਬਾਰ ਨਵੀਸ, ਪੈਦਾ ਕੀਤੇ। ਮਗਰੋਂ ਇਨ੍ਹਾਂ ਨੇ ਸਿੱਖੀ ਪਰਚਾਰ ਤੇ ਸਿੱਖਾਂ ਵਿਚ ਕੌਮੀਅਤ ਦੇ ਅਹਿਸਾਸ ਤੋਂ ਇਲਾਵਾ ਉਨ੍ਹਾਂ ਵਿੱਚ ਸਿਆਸੀ ਹੱਕਾਂ ਵਾਸਤੇ ਸੂਝ ਪੈਦਾ ਕੀਤੀ।

9. ਸਿੰਘ ਸਭਾ ਲਹਿਰ ਦੇ ਆਉਣ ਨਾਲ ਸਿੱਖਾਂ ਵਿੱਚ ਸਮਾਜ ਸੁਧਾਰ, ਵਿਦਿਆ ਤੇ ਗਿਆਨ ਦਾ ਬਹੁਤ ਪਰਸਾਰ ਹੋਇਆ।

ਡਾ. ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ਼ ਭਾਗ ਤੀਜਾ ਦੇ ਪੰਨਾ 60 'ਤੇ ਲਿਖਦੇ ਹਨ ਕਿ 1850 ਵਿਚ ਅੰਗਰੇਜ਼ ਨੇ ਜਿਹੜਾ ਲਿਖਿਆ ਸੀ ਕਿ ਆਉਣ ਵਾਲੇ 50 ਸਾਲ ਬਾਅਦ ਪੰਜਾਬ ਵਿੱਚ ਦਸਤਾਰ ਨਹੀਂ ਦਿਸਣੀ। ਉਸ ਸਮੇਂ ਗਿਆਨੀ ਦਿੱਤ ਸਿੰਘ ਦਾ ਲੇਖ, ਖਾਲਸਾ ਅਖ਼ਬਾਰ ਅਤੇ ਸਿੰਘ ਸਭਾ ਦਾ ਕਮਾਲ

ਸੀ ਕਿ ਸਿੱਖਾਂ ਦੀ ਅਬਾਦੀ ਜਿਹੜੀ ਕਿ 1861 ਵਿੱਚ 11 ਲੱਖ 41 ਹਜ਼ਾਰ 848 ਸੀ ਉਹ 1881 ਈਸਵੀ ਦੀ ਮਰਦਮ ਸ਼ੁਮਾਰੀ ਵਿੱਚ ਇਹ ਗਿਣਤੀ 18 ਲੱਖ 53 ਹਜ਼ਾਰ 428 ਹੋ ਗਈ ਸੀ, ਯਾਨੀ ਕਿ ਸੱਤ ਲੱਖ ਦਾ ਵਾਧਾ 60% ਤੋਂ ਵੀ ਜ਼ਿਆਦਾ ਹੋਇਆ।

ਪ੍ਰੋ. ਗੁਰਮੁਖ ਸਿੰਘ ਦਾ ਜਨਮ 15 ਅਪ੍ਰੈਲ 1849 ਈ. ਨੂੰ ਵਸਾਖਾ ਸਿੰਘ ਦੇ ਘਰ ਪਿੰਡ ਚੰਦੜਾਂ ਜ਼ਿਲ੍ਹਾ ਗੁਜਰਾਂਵਾਲਾ ਵਿਖੇ ਹੋਇਆ। ਇਨ੍ਹਾਂ ਦੇ ਪਿਤਾ ਜੀ ਮਹਾਰਾਜਾ ਕਪੂਰਥਲਾ ਦੇ ਖ਼ਾਨਸਾਮੇ ਵਜੋਂ ਸੇਵਾ ਨਿਭਾ ਰਹੇ ਸਨ। ਮਹਾਰਾਜਾ ਕਪੂਰਥਲਾ ਨੇ ਹੀ ਇਨ੍ਹਾਂ ਨੂੰ ਉਚੇਰੀ ਪੜ੍ਹਾਈ ਕਰਾਉਣ ਲਈ ਸਿੰਘ ਸਭਾ ਅੰਮ੍ਰਿਤਸਰ ਅਤੇ ਲਾਹੌਰ ਕਾਇਮ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਆਰੀਆ ਸਮਾਜ ਵਿਚੋਂ ਗਿਆਨੀ ਦਿੱਤ ਸਿੰਘ, ਭਾਈ ਜਵਾਹਰ ਸਿੰਘ, ਭਾਈ ਮਹੀਆ ਸਿੰਘ, ਭਾਈ ਨਿੱਕਾ ਸਿੰਘ ਆਦਿ ਪ੍ਰਤਿੱਸ਼ਠ ਸੱਜਣਾਂ ਨੂੰ ਸਿੱਖ ਪੰਥ ਦੀ ਸੇਵਾ ਵਿਚ ਲਾਇਆ। 1898 ਨੂੰ ਅਚਨਚੇਤ ਸਰੀਰਕ ਵਿਛੋੜਾ ਦੇ ਗਏ ਪਰ 1880 ਵਿੱਚ ਗੁਰਮੁਖੀ ਅਖ਼ਬਾਰ, 1881 ਨੂੰ ਵਿਦਯਾਰਕ ਰਸਾਲਾ, 1885 ਨੂੰ ਸੁਧਾਰਕ, 1885 ਨੂੰ ਖ਼ਾਲਸਾ ਗਜ਼ਟ ਕੱਢਣ ਵਿਚ ਅਹਿਮ ਭੂਮਿਕਾ ਨਿਭਾਈ।

**ਵਰਤਮਾਨ ਸਥਿਤੀ**

ਸਿੰਘ ਸਭਾ ਲਹਿਰ ਨੇ ਵਰਤਮਾਨ ਸਮੱਸਿਆ ਵਿੱਚ ਨਵੀਂ ਜਾਗ੍ਰਿਤੀ ਪੈਦਾ ਕੀਤੀ ਹੈ ਪਰ ਅੱਜ ਵੀ ਬਹੁਤ ਸਮੱਸਿਆਵਾਂ ਹਨ। ਸਿੱਖੀ ਪਹਿਰਾਵੇ ਵਿਚ ਬ੍ਰਹਾਮਣੀ ਕਰਮ-ਕਾਂਡਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ।

1. ਸਭ ਤੋਂ ਵੱਡੀ ਸਮੱਸਿਆ ਡੇਰਾਵਾਦ ਦੀ ਬਣ ਗਈ ਹੈ। ਦੇਖਣ ਨੂੰ ਇਹ ਡੇਰੇ ਸਿੱਖੀ ਪਹਿਰਾਵੇ ਵਾਲੇ ਲੱਗਦੇ ਹਨ ਪਰ ਇਨ੍ਹਾਂ ਦਾ ਵਰਤਾਰਾ ਸਿੱਖ ਸਿਧਾਤਾਂ ਤੋਂ ਵਿਰੋਧੀ ਹੈ। ਇਹਨਾਂ ਦਿਆਂ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤਾਂ ਜ਼ਰੂਰ ਹੁੰਦਾ ਹੈ ਪਰ ਪ੍ਰੰਪਰਾਵਾਂ ਬ੍ਰਾਹਮਣੀ ਕਰਮ-ਕਾਂਡ ਵਾਲੀਆਂ ਹੀ ਨਿਬਾਹੁੰਦੇ ਹਨ।

2. ਕੁਝ ਡੇਰਿਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੀ ਪਕੜ ਵਿਚ ਲੈ ਲਿਆ ਹੋਇਆ ਹੈ। ਉਹ ਡੇਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਲ ਬਚਿੱਤ੍ਰ ਨਾਟਕ ਦਾ ਪ੍ਰਕਾਸ਼ ਵੀ ਕਰਨ ਲੱਗ ਪਏ ਹਨ।

3. ਸਭ ਤੋਂ ਵੱਡਾ ਦੁਖਾਂਤ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਰਾਜ ਸੱਤਾ ਹਾਸਲ ਕਰਨ ਲਈ ਤੀਹ ਡੇਰਦਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਣਾਇਆ ਗਿਆ। ਇਹ ਉਹ ਡੇਰੇ ਹਨ ਜਿਹੜੇ ਸਿੱਖ ਰਹਿਤ ਮਰਿਯਾਦਾ ਨੂੰ ਨਹੀਂ ਮੰਨਦੇ।

4. ਵਰਤਮਾਨ ਸਥਿੱਤੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਨੂੰ ਗੁੰਝਲ਼ਦਾਰ ਬਣਾਇਆ ਜਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਸਬੰਧੀ ਸਿੱਖ ਰਹਿਤ ਮਰਿਯਾਦਾ ਵਿਚ ਵਿਸਥਾਰ ਨਾਲ ਲਿਖਿਆ ਹੋਇਆ ਹੈ। ਪਿਛੇ ਜਿਹੇ ਸਤਿਕਾਰ ਦੇ ਨਾਂ 'ਤੇ ਸਿੰਧੀ ਪ੍ਰਵਾਰਾਂ ਦੇ ਘਰਾਂ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਚੁਕਵਾ ਲੈਣ ਨਾਲ ਕੋਈ ਚੰਗਾ ਪ੍ਰਭਾਵ ਨਹੀਂ ਗਿਆ।

5. ਸਿੱਖਾਂ ਦੇ ਰਾਜਨੀਤਿਕ ਲੀਡਰ ਸਿੱਖ ਸਿਧਾਂਤਾਂ ਤੋਂ ਪੂਰੀ ਤਰ੍ਹਾਂ ਖਿਸਕ ਚੁੱਕੇ ਹਨ। ਸ਼੍ਰੋਮਣੀ ਅਕਾਲੀ ਦਲ ਸਿੱਖ ਮੁੱਦਿਆਂ ਵਲੋਂ ਮੂੰਹ ਮੋੜ ਚੁੱਕੇ ਹਨ।

6. ਜਿਹੜੇ ਕੰਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕਾਂ ਨੇ ਕਰਨੇ ਸਨ ਉਹ ਕੀਤੇ ਨਹੀਂ, ਆਪਣੇ ਗਲੋਂ ਗਲਾਵਾਂ ਲਾਹ ਕੇ ਸਾਰੇ ਅਧਿਕਾਰ ਅਕਾਲ ਤੱਖਤ ਦੇ ਜੱਥੇਦਾਰ ਨੂੰ ਦੇ ਦਿੱਤੇ ਹਨ। ਚਾਹੀਦਾ ਸੀ ਕਿ ਸ਼੍ਰੋਮਣੀ ਕਮੇਟੀ ਸਬ ਕਮੇਟੀਆਂ ਬਣਾ ਕੇ ਮਸਲਿਆਂ ਦਾ ਹੱਲ ਕਰਦੀ। ਹੁਣ ਹਾਲਾਤ ਅਜੇਹੇ ਬਣ ਗਏ ਹਨ ਕਿ ਵਿਦਵਾਨ ਸਿਧਾਂਤਿਕ ਵਿਚਾਰਾਂ ਲਿਖਣ ਤੋਂ ਪਾਸਾ ਹੀ ਵੱਟ ਗਏ ਹਨ।

7. ਸੋਸ਼ਿਲ ਮੀਡੀਆ 'ਤੇ ਕੋਈ ਕੰਟਰੋਲ ਨਹੀਂ ਰਿਹਾ ਜਿਦ੍ਹਾ ਜੀ ਕਰਦਾ ਜੋ ਮਰਜ਼ੀ ਲਿਖੀ ਜਾਂਦਾ ਹੈ। ਸਿੱਖ ਸਿਧਾਂਤ ਦੀ ਵਿਆਖਿਆ ਆਪੋ ਆਪਣੀ ਕੀਤੀ ਜਾ ਰਹੀ ਹੈ।

8. ਖਾਲਸਾ ਸਕੂਲਾਂ ਵਿਚੋਂ ਧਾਰਮਿਕ ਵਿਦਿਆ ਦਾ ਭੋਗ ਹੀ ਪੈ ਗਿਆ ਹੈ।

9. ਸਿੱਖ ਸਟੂਡੈਂਟ ਫੈਡਰੇਸ਼ਨ ਦਾ ਨਾਮੋ ਨਿਸ਼ਾਨ ਖਤਮ ਹੋਣ ਨਾਲ ਉਭਰਦੀ ਲੀਡਰਸ਼ਿੱਪ ਤਿਆਰ ਹੋਣੀ ਖਤਮ ਹੋ ਗਈ ਹੈ।

10. ਗੁਰਦੁਆਰਿਆਂ ਦੇ ਨਾਂ ਸਿੰਘ ਸਭਾ ਜ਼ਰੂਰ ਰੱਖੇ ਹਨ ਪਰ ਸਿੱਖੀ ਦੇ ਨਿਆਰੇਪਨ ਵਲੋਂ ਮੂੰਹ ਮੋੜਿਆ ਹੋਇਆ ਹੈ।

11. ਸਿੰਘ ਸਭਾਵਾਂ ਨਾਂ ਦੇ ਗੁਰਦੁਆਰਿਆਂ ਵਿਚ ਮ੍ਰਿਤਕ ਸੰਸਕਾਰ ਨਿਭਾਉਂਦਿਆਂ ਸ਼ਬਦ ਗੁਰਬਾਣੀ ਦਾ ਲਿਆ ਜਾਂਦਾ ਹੈ ਪਰ ਵਿਆਖਿਆ ਗਰੜ ਪੁਰਾਣ ਦੀ ਕੀਤੀ ਜਾਂਦੀ ਹੈ।

**ਕਰਨਾ ਕੀ ਚਾਹੀਦਾ ਹੈ—**

1. ਕੇਂਦਰੀ ਸਿੰਘ ਸਭਾ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਮੌਰਤਾ ਤੇ ਸਿੱਖ ਰਹਿਤ ਮਰਿਯਾਦਾ ਤੇ ਪਹਿਰਾ ਦੇਣ ਲਈ ਵਿਦਵਾਨਾਂ ਦਾ ਗਰੁੱਪ ਅਜਿਹਾ ਚਾਹੀਦਾ ਹੈ ਜਿਹੜਾ ਸਿੱਖੀ ਸਿਧਾਂਤ ਨੂੰ ਨਿਖਾਰ ਕੇ ਪੇਸ਼ ਕਰੇ। ਅਕਾਲ ਤਖਤ ਦੇ ਜੱਥੇਦਾਰ ਵਲੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਨਾਲ ਤੁਰੰਤ ਮੀਟਿੰਗਾਂ ਕੀਤੀਆਂ ਜਾਣ।

2. ਜੇ ਬਾਕੀ ਦੇ ਲੋਕ ਅਕਾਲ ਤੱਖਤ ਦੇ ਜੱਥੇਦਾਰ ਨੂੰ ਵਰਤਦੇ ਹਨ ਤਾਂ ਸਿੰਘ ਸਭਾ ਨੂੰ ਵੀ ਜੱਥੇਦਾਰ ਨਾਲ ਵਿਚਾਰ ਵਟਾਂਦਰਾ ਕਰਨ ਵਿਚ ਕੋਈ ਹਰਜ ਨਹੀਂ ਹੋਣਾ ਚਾਹੀਦਾ।

3. ਵਰਤਮਾਨ ਸਥਿੱਤੀ ਵਿਚ ਸਿਧਾਂਤਿਕ ਪ੍ਰਚਾਰਕਾਂ ਦਾ ਵਿਰੋਧ ਹੁੰਦਾ ਹੈ ਤਾਂ ਸਿੰਘ ਸਭਾ ਨੂੰ ਸਿਧਾਂਤਿਕ ਪ੍ਰਚਾਰਕਾਂ ਨਾਲ ਖੜੇ ਹੋਣਾ ਚਾਹੀਦਾ ਹੈ।

4. ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਪ੍ਰਤੀ ਸਰਲਤਾ ਤੇ ਇਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਣ ਲਈ ਸੌਖਾ ਵਿਧੀ-ਵਿਧਾਨ ਬਣਾਉਣ ਦੀ ਲੋੜ 'ਤੇ ਜ਼ੋਰ ਦੇਣਾ ਚਾਹੀਦਾ ਹੈ।

5. ਸਿੰਘ ਸਭਾ ਲਹਿਰ ਜਿਹੜਾ ਸਾਹਿਤ ਪਹਿਲਾਂ ਛਪਿਆ ਹੈ ਉਸ ਦੀ ਸੁਧਾਈ ਕਰਕੇ ਦੁਬਾਰਾ ਛਪਾਉਣ ਵਲ ਧਿਆਨ ਦੇਣ ਦੀ ਲੋੜ 'ਤੇ ਜ਼ੋਰ ਦੇਣਾ ਚਾਹੀਦਾ ਹੈ।

6. ਸਿੰਘ ਸਭਾ ਲਹਿਰ ਨੇ ਆਪਣੀ ਪਹਿਲੀ ਸ਼ਤਾਬਦੀ ਮਨਾਉਂਦਿਆਂ ਪਾਠ ਬੋਧ ਸਮਾਗਮ ਕਰਾਏ,ਉਸੇ ਲੜੀ ਨੂੰ ਹੁਣ ਫਿਰ ਅੱਗੇ ਤੋਰਨਾ ਚਾਹੀਦਾ ਹੈ।

7. ਸਿੰਘ ਸਭਾ ਦੇ ਨੁਮਾਇੰਦਿਆਂ ਨੂੰ ਸਿੱਖ ਮੁਦਿਆਂ 'ਤੇ ਵਿਚਾਰਾਂ ਲਈ ਹੋਰ ਵਿਦਵਾਨਾਂ ਤੇ ਜੱਥੇਬੰਦੀਆਂ ਨਾਲ ਸੰਪਰਕ ਕਾਇਮ ਕਰਨਾ ਚਾਹੀਦਾ ਹੈ।

8. ਸਾਰੇ ਕੰਮ ਸਿੰਘ ਸਭਾ ਨਹੀਂ ਕਰ ਸਕਦੀ ਪਰ ਕਈ ਸਿੱਖ ਸਿਧਾਂਤਾਂ ਦੀ ਸਮਝ ਰੱਖਣ ਵਾਲੇ ਵਿਦਵਾਨਾਂ ਦੀਆਂ ਸੇਵਾਵਾਂ ਜ਼ਰੂਰ ਹਾਸਲ ਕਰ ਸਕਦੀ ਹੈ।

9. ਮੰਜੀ ਸਾਹਿਬ ਅੰਮ੍ਰਿਤਸਰ ਜਾਂ ਬੰਗਲਾ ਸਾਹਿਬ ਗੁਰਦੁਆਰਾ ਤੋਂ ਹੁੰਦੀ ਰੋਜ਼ਾਨਾ ਕਥਾ ਦਾ ਮੁਲਾਂਕਣ ਪੇਸ਼ ਕਰਨ ਲਈ ਵਿਦਵਾਨਾਂ ਦੀ ਕਮੇਟੀ ਬਣਾਈ ਜਾਏ ਜਿਹੜੀ ਹਰ ਰੋਜ਼ ਗੁਰਮਤਿ ਦੇ ਤੱਥਾਂ ਨੂੰ ਪੇਸ਼ ਕਰੇ।

10. ਸ਼੍ਰੋਮਣੀ ਕਮੇਟੀ ਤੇ ਚੀਫ਼ ਖਾਲਸਾ ਦੀਵਾਨ ਦੀਆਂ ਸਮੇਂ ਸਮੇਂ ਸਿੱਖ ਸਿਧਾਂਤਾਂ ਤੇ ਵਿਚਾਰਾਂ ਕਰਨ ਲਈ ਇਕਤ੍ਰਤਾਵਾਂ ਹੋਣੀਆਂ ਚਾਹੀਦੀਆਂ ਹਨ।

**ਸਿੰਘ ਸਭਾ ਦਾ ਵੱਧਦਾ ਪ੍ਰਭਾਵ ਦੇਖ ਕੇ ਕਈ ਬੋਲੀਆਂ ਵੀ ਬਣਾ ਲਈਆਂ ਸਨ—**

ਜਦੋਂ ਮੁਕਗੇ ਘੜੇ ਦੇ ਦਾਣੇ, ਬਣ ਗਏ ਸਿੰਘ ਸਭੀਏ।
ਕੁਣਕਾ ਖਾਣ ਦੇ ਮਾਰੇ, ਬਣ ਗਏ ਸਿੰਘ ਸਭੀਏ।

**ਸਿੰਘ ਸਭਾ ਦੇ ਸਮਾਜ ਸੁਧਾਰ ਨੂੰ ਦੇਖ ਕੇ ਕਈਆਂ ਆਪਣਾ ਵਿਰੋਧ ਵੀ ਜਿਤਾਇਆ ਜਿਹੜਾ ਉਸ ਸਮੇਂ ਦੀਆਂ ਬੋਲੀਆਂ ਵਿਚੋਂ ਮਿਲਦਾ ਹੈ—**

ਮਰ ਜਾਣ ਸਿੰਘ ਸਭੀਏ
ਜਿਨ੍ਹਾਂ ਪਿੰਡਾਂ ਦੇ ਗਿੱਧੇ ਬੰਦ ਕੀਤੇ।

ਸਿੰਘ ਸਭਾ ਦੇ ਸਮਾਜ ਸੁਧਾਰ ਤੋਂ ਦੁਖੀ ਕਈਆਂ ਨੇ ਬੋਲੀਆਂ ਰਾਂਹੀਂ ਵਡਿਆਇਆ ਵੀ ਹੈ—

ਟੋਲੀਂ ਮਾਏ ਸਿੰਘ ਸਭੀਏ, ਮੈਨੂੰ ਮੰਨਣੇ ਨਾ ਪੈਣ ਜਠੇਰੇ।
ਮਰ ਜਾਣ ਸਿੰਘ ਸਭੀਏ, ਜਿਹੜੇ ਗਿੱਧਾ ਪਾਉਣ ਨਹੀਂ ਦਿੰਦੇ।
ਸਭੀਆਂ ਨੇ ਅੱਤ ਚੁਕ ਲਈ, ਸਾਰੇ ਪਿੰਡ ਦੇ ਸਰਾਧ ਬੰਦ ਕੀਤੇ।
ਇਕ ਵਹੁ ਹੈਂ, ਜੋ ਬਦਲਤੇ ਹੈਂ, ਜ਼ਮਾਨੇ ਕੇ ਸਾਥ ਸਾਥ,
ਮਰਦ ਵਹੁ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ। -0-

# ਆਧੁਨਿਕ ਪੰਜਾਬੀ ਸਾਹਿਤ ਦੀ ਜਨਮ ਦਾਤਾ ਸਿੰਘ ਸਭਾ ਲਹਿਰ

**-ਡਾ. ਬਿਕਰਮ ਸਿੰਘ ਘੁੰਮਣ** *ਸੇਵਾ ਮੁਕਤ ਡੀਨ ਅਕਾਡਮਿਕ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਆਧੁਨਿਕ ਪੰਜਾਬੀ ਸਾਹਿਤ ਨੂੰ ਜਨਮ ਦੇਣ ਵਾਲੀਆਂ ਅਸਲ ਵਿੱਚ ਦੋ ਹੀ ਲਹਿਰਾਂ ਹਨ--ਇਕ ਅੰਗਰੇਜ਼ੀ ਰਾਜ ਦਾ ਪੰਜਾਬੀ ਸਾਹਿਤ ਉੱਤੇ ਅਸਰ ਅਤੇ ਦੂਸਰਾ ਸਿੰਘ ਸਭਾ ਲਹਿਰ ਦੀ ਹੋਂਦ। ਅੰਗਰੇਜ਼ਾਂ ਨੇ ਭਾਰਤ ਵਿੱਚ ਆਪਣੇ ਧਰਮ ਦੇ ਪ੍ਰਚਾਰ ਲਈ ਕਈ ਪ੍ਰਚਾਰ ਕੇਂਦਰ ਖੋਲ੍ਹੇ। ਉਨ੍ਹਾਂ ਨੇ ਭਾਰਤ ਦੀਆਂ ਵੱਖ-ਵੱਖ ਬੋਲੀਆਂ ਵਿੱਚ ਬਾਈਬਲ ਦਾ ਉਲੱਥਾ ਕਰਵਾਇਆ। ਈਸਾਈ ਮੱਤ ਦੇ ਪੰਜਾਬੀ ਵਿੱਚ ਪ੍ਰਚਾਰ ਲਈ ਉਨ੍ਹਾਂ ਨੇ ਲੁਧਿਆਣੇ ਨੂੰ ਕੇਂਦਰ ਬਣਾਇਆ। ਇੱਥੇ 1846 ਈ. ਵਿੱਚ ਪੰਜਾਬੀ ਟਾਈਪ ਤਿਆਰ ਕਰਵਾ ਕੇ ਤੇ ਬਾਈਬਲ ਦਾ ਖੁੱਲ੍ਹਾ ਉਲੱਥਾ ਕਰਵਾ ਕੇ, ਇਹ ਧਾਰਮਿਕ ਗ੍ਰੰਥ ਲੋਕਾਂ ਵਿੱਚ ਵੱਡੀ ਪੱਧਰ ਤੇ ਵੰਡਿਆ। 1858 ਵਿੱਚ ਸਮੁੱਚਾ ਭਾਰਤ ਸਿੱਧਾ ਅੰਗਰੇਜ਼ੀ ਰਾਜ ਵਿੱਚ ਚਲਾ ਲਿਆ ਗਿਆ ਸੀ। 1857 ਦੇ ਗਦਰ ਨੇ ਅੰਗਰੇਜ਼ਾਂ ਨੂੰ ਸਾਵਧਾਨ ਕਰ ਦਿੱਤਾ ਸੀ, ਜਿਸ ਦੇ ਫ਼ਲਸਰੂਪ ਉਨ੍ਹਾਂ ਨੇ ਭਾਰਤੀ ਲੋਕਾਂ ਦੇ ਦਿਲਾਂ ਨੂੰ ਜਿੱਤਣ ਲਈ ਵੱਡੀ ਪੱਧਰ ਤੋਂ ਜਾਲ ਵਿਛਾਉਣੇ ਸ਼ੁਰੂ ਕਰ ਦਿੱਤੇ। ਭਾਰਤ ਵਿੱਚ ਆਵਾਜਾਈ ਦੀਆਂ ਸਹੂਲਤਾਂ ਵਧਾ ਦਿੱਤੀਆਂ ਗਈਆਂ। ਪੱਛਮੀ ਵਿੱਦਿਆ ਦੇ ਕੇ ਲੋਕਾਂ ਵਿੱਚ ਪੱਛਮੀ ਸੱਭਿਅਤਾ ਪ੍ਰਤੀ ਪਿਆਰ ਤੇ ਪ੍ਰਸਾਰ ਸ਼ੁਰੂ ਕਰ ਦਿੱਤਾ। ਇਸ ਨਿਬੰਧ ਵਿੱਚ ਅਸੀਂ ਅੰਗਰੇਜ਼ੀ ਰਾਜ ਨੂੰ ਆਧੁਨਿਕ ਪੰਜਾਬੀ ਸਾਹਿਤ ਦੇ ਜਨਮ ਦੇ ਸਹਾਇਕ ਦੇ ਰੂਪ ਵਿੱਚ ਅਧਿਐਨ ਕਰਦੇ ਹੋਏ, ਇਸ ਸਾਹਿਤ ਦੀ ਅਸਲੀ ਜਨਮ ਦਾਤਾ ਸਿੰਘ ਸਭਾ ਲਹਿਰ ਦੀ ਦੇਣ 'ਤੇ ਵਿਚਾਰ ਕਰਾਂਗੇ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਸਿੱਖ ਜਨਤਾ ਵਿੱਚ ਆਪਸੀ ਫੁੱਟ, ਵੈਰ-ਵਿਰੋਧ ਤੇ ਖ਼ੁਦਗਰਜ਼ੀ ਵਰਗੀਆਂ ਕਈ ਬੀਮਾਰੀਆਂ ਪੈਦਾ ਹੋ ਗਈਆਂ। ਇਹੋ ਹੀ ਕੁਝ ਕਾਰਨ ਸਨ ਜਿਨ੍ਹਾਂ ਸਦਕਾ ਛੇਤੀ ਹੀ ਪੰਜਾਬ ਅੰਗਰੇਜ਼ਾਂ ਦੇ ਅਧੀਨ ਹੋ ਗਿਆ। ਰਾਜ ਦੇ ਖੁੱਸ ਜਾਣ ਉਪਰੰਤ ਸਿੱਖ ਵਰਗ ਵਿੱਚ ਅਸੰਤੁਸ਼ਟਤਾ ਵਧਣ ਲੱਗ ਪਈ। ਆਜ਼ਾਦੀ ਦੀ ਪਹਿਲੀ ਲੜਾਈ ਸਮੇਂ ਉਨ੍ਹਾਂ ਦੇ ਦਿਲਾਂ ਵਿੱਚ ਆਸ ਦੀ ਕਿਰਨ ਚਮਕਣ ਲੱਗੀ ਸੀ। ਪਰ ਛੇਤੀ ਹੀ ਇਸ ਕ੍ਰਾਂਤੀ ਦੇ ਦਬਾਏ ਜਾਣ ਤੇ ਫੇਰ ਉਹ ਪਹਿਲਾਂ ਵਰਗੀ ਉਦਾਸੀਨਤਾ ਵਰਤ ਗਈ। ਸਿੱਖ ਵਰਗ ਨੂੰ ਆਪਣੇ ਸਿਧਾਂਤਾਂ, ਆਸ਼ਿਆਂ, ਨਿਸ਼ਾਨਿਆਂ ਤੇ ਆਦਰਸ਼ਾਂ ਤੋਂ ਡਿੱਗਦਿਆਂ ਵੇਖ ਕੇ ਈਸਾਈਆਂ, ਦੇਵ ਸਮਾਜੀਆਂ, ਆਰੀਆਂ ਸਮਾਜੀਆਂ ਤੇ ਮੁਸਲਮਾਨਾਂ ਨੇ ਸਿੱਖ ਧਰਮ ਨੂੰ ਖ਼ਤਮ ਕਰਨ ਲਈ ਤੇ ਆਪਣੇ ਆਪਣੇ ਧਰਮਾਂ ਦੇ ਪ੍ਰਚਾਰ ਲਈ ਯਤਨ ਸ਼ੁਰੂ ਕਰ ਦਿੱਤੇ। ਉਸ ਵੇਲੇ ਸਿੱਖਾਂ ਦੇ ਧਰਮ ਦਾ ਪ੍ਰਚਾਰ ਲਗ-ਭਗ ਕੋਈ ਨਹੀਂ ਸੀ ਹੋ ਰਿਹਾ। ਇਸ ਕਾਰਨ ਸਿੱਖ ਕੌਮ ਹੋਰ ਢਹਿੰਦੀਆਂ ਕਲਾਂ ਵਿੱਚ ਡਿੱਗਣ ਲੱਗ ਪਈ ਸੀ। ਸਿੱਖਾਂ ਵਿੱਚ ਰਾਜਸੀ ਗਿਰਾਵਟ ਦੇ ਨਾਲ-ਨਾਲ ਧਾਰਮਿਕ ਗਿਰਾਵਟ ਵੀ ਜ਼ੋਰ ਫੜ੍ਹ ਰਹੀ ਸੀ। ਸਿੱਖ ਮਿਸਲਾਂ ਦੇ ਰਾਜ ਸਮੇਂ ਕੇਵਲ ਯੋਧੇ, ਸੂਰਬੀਰਾਂ ਤੇ ਧਾਰਮਿਕ ਵਿਚਾਰਾਂ ਵਾਲੇ ਲੋਕਾਂ ਨੂੰ ਹੀ ਰਾਜ ਵਿੱਚ ਉੱਚੇ-ਉੱਚੇ ਆਹੁਦੇ ਦਿੱਤੇ ਜਾਂਦੇ ਸਨ ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਸਰਕਾਰੀ ਨੌਕਰੀ ਦੇਣ ਸਮੇਂ ਇਹੋ ਜਿਹੀ ਕਿਸੇ ਸ਼ਰਤ ਦਾ ਖ਼ਿਆਲ ਨਹੀਂ ਸੀ ਰੱਖਿਆ ਜਾਂਦਾ, ਇਸ ਸਦਕਾ ਬਹੁਤ ਸਾਰੇ ਸਿੱਖ ਲੋਕ ਆਪਣੇ ਧਰਮ ਦੇ ਸਿਧਾਂਤਾਂ ਦੀ ਪ੍ਰਵਾਹ ਕਰਨੋਂ ਹਟ ਗਏ। ਉਨ੍ਹਾਂ ਦੇ ਆਪਣੇ ਧਰਮ ਤੋਂ ਅਵੇਸਲੇ ਹੋਣ ਦੇ ਨਾਲ-ਨਾਲ ਉਨ੍ਹਾਂ ਵਿੱਚ ਪੁਰਾਤਨ ਹਿੰਦੂ ਸਮਾਜ ਵਾਲੇ ਵਹਿਮਾਂ-ਭਰਮਾਂ ਤੇ ਪੂਜਾ-ਪਾਠਾਂ ਦੀਆਂ ਰਸਮਾਂ ਦੇ ਰਿਵਾਜ਼ ਪ੍ਰਚਲਤ ਹੋ ਗਏ । ਉਨ੍ਹਾਂ ਨੂੰ ਨਾ ਤਾਂ ਹੁਣ ਕਿਸੇ ਉੱਚ ਨੌਕਰੀ ਦੀ ਪ੍ਰਾਪਤੀ ਲਈ ਸਿੱਖ ਧਰਮ ਦੇ ਸਿਧਾਂਤਾਂ ਦੀ ਪਾਲਣਾ ਕਰਨੀ ਜ਼ਰੂਰੀ ਸੀ ਅਤੇ ਨਾ ਹੀ ਕਿਸੇ ਅਜਿਹੇ ਵਿਅਕਤੀ ਨੂੰ ਤਾੜਨਾ ਦੇਣ ਵਾਲੀ ਕਿਸੇ ਸੰਸਥਾ ਦਾ ਡਰ ਸੀ ਜਿਹੜਾ ਧਾਰਮਿਕ ਅਸੂਲਾਂ ਜਾਂ ਸਿਧਾਂਤਾਂ ਤੋਂ ਡਿੱਗ ਕੇ ਕੋਈ ਕੰਮ ਕਰਦਾ ਹੋਵੇ, ਇਸ ਤਰ੍ਹਾਂ ਸਿੱਖ ਕੌਮ ਵਿੱਚ ਵਧੇਰੇ ਗਿਰਾਵਟ ਆਉਣੀ ਸੁਰੂ ਹੋ ਗਈ ਤੇ ਸਮੁੱਚੇ ਸਿੱਖ ਸਮਾਜ ਵਿੱਚ ਮੁਰਦੇਹਾਣ ਜਿਹੀ ਵਰਤ ਗਈ ।

ਉਸ ਵੇਲੇ ਸਿੱਖ ਧਰਮ ਦੇ ਬਚਾਓ ਤੇ ਉਸ ਨੂੰ ਫੇਰ ਪਹਿਲੀ ਹਾਲਤ ਵਿੱਚ ਲਿਆਉਣ ਲਈ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ ਤੇ ਸਿੰਘ ਸਭਾ ਲਹਿਰ, ਤਿੰਨ ਪ੍ਰਸਿੱਧ ਸਿੱਖ ਸੁਧਾਰਕ ਲਹਿਰਾਂ ਹੋਂਦ ਵਿੱਚ ਆਈਆਂ। ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਜੀ ਸਨ ਪਰ ਇਸ ਦੇ ਪ੍ਰਚਾਰ ਦਾ ਕੰਮ ਵਿਸ਼ੇਸ਼ ਰੂਪ ਵਿੱਚ ਬਾਬਾ ਦਰਬਾਰਾ ਸਿੰਘ ਤੇ ਬਾਬਾ ਰੱਤਾ ਜੀ ਨੇ ਕੀਤਾ। ਬਾਬਾ ਦਰਬਾਰਾ ਸਿੰਘ ਨੇ 'ਨਿਰੰਕਾਰੀ ਚਲਨ' ਨਾਂ ਦੀ ਪੁਸਤਕ ਲਿਖ ਕੇ ਬਹੁਤ ਸੁਧਾਰ ਕੀਤਾ। ਇਸ ਲਹਿਰ ਦਾ ਕੇਂਦਰ ਪ੍ਰਮੁੱਖ ਰੂਪ ਵਿੱਚ ਪੋਠੋਹਾਰ ਤੱਕ ਹੀ ਸੀਮਤ ਰਿਹਾ। ਇਹ ਇਕ ਨਿਰੋਲ ਧਾਰਮਿਕ ਲਹਿਰ ਸੀ। ਨਾਮਧਾਰੀ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਸਨ ਤੇ ਪਿਛੋਂ ਵੱਡੇ ਪ੍ਰਚਾਰਕ ਬਾਬਾ ਰਾਮ ਸਿੰਘ ਹੋਏ ਹਨ। ਉਨ੍ਹਾਂ ਨੇ ਆਪਣੇ ਮਿਸ਼ਨ ਦੇ ਪ੍ਰਚਾਰ ਲਈ ਸਿਰ ਚੋਟੀ ਦਾ ਜ਼ੋਰ ਲਾਇਆ। ਬਾਬਾ ਰਾਮ ਸਿੰਘ ਧਾਰਮਿਕ ਪ੍ਰਚਾਰ ਕਰਦੇ-ਕਰਦੇ ਰਾਜਨੀਤਕ ਵਧੇਰੇ ਹੋ ਗਏ ਸਨ। ਅੰਗਰੇਜ਼ੀ ਰਾਜ ਦੇ ਵਿਰੁੱਧ ਪ੍ਰਚਾਰ ਦੇ ਕਿਸੇ ਦੋਸ਼ ਵਿੱਚ ਉਨ੍ਹਾਂ ਨੂੰ ਅੰਗਰੇਜ਼ੀ ਸਰਕਾਰ ਵਲੋਂ 1872 ਈ. ਵਿੱਚ ਜਲਾਵਤਨ ਕੀਤਾ ਗਿਆ। ਉਨ੍ਹਾਂ ਤੋਂ ਪਿੱਛੋਂ ਇਸ ਲਹਿਰ ਦਾ ਪ੍ਰਭਾਵ ਘੱਟ ਗਿਆ। ਇਸ ਲਹਿਰ ਨੇ ਸਿੱਖ ਕੌਮ ਨੂੰ ਇਕ ਵਾਰ ਤਕੜਾ ਹਲੂਣਾ ਦਿੱਤਾ। ਨਾਮਧਾਰੀ ਲਹਿਰ ਨੇ ਪੱਛਮੀ ਸੱਭਿਅਤਾ, ਪੱਛਮੀ ਦੇਸ਼ਾਂ ਦੀਆਂ ਪੈਦਾ ਕੀਤੀਆਂ ਹੋਈਆਂ ਵਸਤਾਂ ਅਤੇ ਉਨ੍ਹਾਂ ਦੇਸ਼ਾਂ ਦੇ ਵਿਚਾਰਾਂ ਦਾ ਬਿਲਕੁਲ ਬਾਈਕਾਟ ਕਰ ਦਿੱਤਾ ਸੀ। ਨਾਮਧਾਰੀਏ ਪੱਛਮੀ ਵਿੱਦਿਆ ਤੇ ਉਨ੍ਹਾਂ ਵੱਲੋਂ ਪ੍ਰਚਲੱਤ ਕੀਤੀਆਂ ਗਈਆਂ ਆਧੁਨਿਕ ਸਹੂਲਤਾਂ ਦੇ ਵਿਰੋਧੀ ਸਨ।

ਉਸ ਸਮੇਂ ਅੰਗਰੇਜ਼ਾਂ ਨੇ ਸਰਕਾਰੀ ਸਕੂਲਾਂ ਤੇ ਕਾਲਜਾਂ ਵਿੱਚ ਪੱਛਮੀ ਵਿੱਦਿਆ ਦੇ ਪ੍ਰਚਾਰ ਦੇ ਨਾਲ-ਨਾਲ ਈਸਾਈ ਮੱਤ ਦਾ ਪ੍ਰਚਾਰ ਵੀ ਜ਼ੋਰਾਂ ਉੱਤੇ ਕਰ ਦਿੱਤਾ । ਲੋਕਾਂ ਨੂੰ ਸਹੂਲਤਾਂ ਦੇ-ਦੇ ਕੇ ਅਤੇ ਆਪਣੇ ਪ੍ਰਚਾਰ ਦੇ ਜ਼ੋਰ ਨਾਲ ਈਸਾਈ ਬਣਾਉਣਾ ਸ਼ੁਰੂ ਕਰ ਦਿੱਤਾ। ਇਸੇ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਥਾਂ-ਥਾਂ ਸਕੂਲ ਤੇ ਕਾਲਜ ਖੋਲ੍ਹ ਦਿੱਤੇ । ਇਸ ਤਰ੍ਹਾਂ ਦੇ ਪ੍ਰਚਾਰ ਨੇ ਸਾਡੇ ਧਰਮ ਤੇ ਦੇਸ਼ ਦੇ ਪਿਆਰੇ ਬੌਧਿਕ ਵਰਗ ਵਿੱਚ ਜਿਹੜੇ ਪੱਛਮੀ ਵਿੱਦਿਆ ਲੈ ਰਹੇ ਸਨ, ਇਕ ਤਰਾਂ ਦੀ ਹਲਚਲ ਮਚਾ ਦਿੱਤੀ । ਅੰਗਰੇਜ਼ਾਂ ਦੇ ਇਸ ਤਰਾਂ ਦੇ ਪ੍ਰਚਾਰ ਨੂੰ ਰੋਕਣ ਲਈ ਸਾਡੀਆਂ ਪਹਿਲੀਆਂ ਦੋਵੇਂ ਸਿੱਖ ਸੁਧਾਰਕ ਲਹਿਰਾਂ ਨੇ ਕੁਝ ਵੀ ਨਹੀਂ ਸੀ ਕੀਤਾ। ਈਸਾਈਆਂ ਦੇ ਪ੍ਰਚਾਰ ਨੂੰ ਰੋਕਣ ਤੇ ਸਿੱਖ ਧਰਮ ਦੀ ਪਹਿਲੀ ਹਾਲਾਤ ਨੂੰ ਸੁਰਜੀਤ ਕਰਨ ਲਈ 1873 ਈ. ਵਿੱਚ ਅੰਮ੍ਰਿਤਸਰ ਵਿਖੇ ਸਿੰਘ ਸਭਾ ਦੀ ਸਥਾਪਨਾ ਹੋਈ । ਇਸ ਲਹਿਰ ਨੇ ਸਿੱਖਾਂ ਦੇ ਸੁਧਾਰ ਤੇ ਉਨ੍ਹਾਂ ਦੇ ਵਕਾਰ ਨੂੰ ਬੁਲੰਦ ਕਰਨ ਲਈ ਉਪਰਾਲੇ ਆਰੰਭ ਦਿੱਤੇ। ਉਸ ਸਮੇਂ 1878 ਈਸਵੀ ਵਿੱਚ ਈਸਾਈ ਪ੍ਰਚਾਰ ਦੇ ਪ੍ਰਤੀ-ਕਰਮ ਵਜੋਂ ਆਰੀਆ ਸਮਾਜ ਦੀ ਸਥਾਪਨਾ ਲਾਹੌਰ ਵਿਖੇ ਹੋਈ।

1860 ਈ. ਵਿੱਚ ਸਿੱਖਿਆ ਵਿਭਾਗ ਲਾਹੌਰ ਵਿਖੇ ਖੋਲ੍ਹਿਆ ਗਿਆ ਸੀ ਤੇ ਓਰੀਐਂਟਲ ਕਾਲਜ ਲਾਹੌਰ ਦੀ ਸਥਾਪਨਾ 1864-65 ਵਿੱਚ ਕੀਤੀ ਗਈ । 1877 ਈ. ਵਿੱਚ ਪਹਿਲੀ ਵਾਰ ਭਾਈ ਗੁਰਮੁਖ ਸਿੰਘ ਤੇ ਸਿੰਘ ਸਭਾ ਦੇ ਮੋਢੀਆਂ ਦੇ ਯਤਨਾਂ ਨਾਲ ਪੰਜਾਬੀ ਦੀ ਪੜ੍ਹਾਈ ਸ਼ੁਰੂ ਕੀਤੀ ਗਈ। ਭਾਈ ਗੁਰਮੁਖ ਸਿੰਘ ਪੰਜਾਬੀ ਦੇ ਪਹਿਲੇ ਲੈਕਚਰਾਰ ਨਿਯੁਕਤ ਕੀਤੇ ਗਏ। ਇਸੇ ਸਮੇਂ 1886 ਈ. ਵਿੱਚ ਆਰੀਆ ਸਮਾਜੀਆਂ ਦੇ ਯਤਨਾਂ ਨਾਲ ਡੀ. ਏ. ਵੀ. ਕਾਲਜ ਲਾਹੌਰ ਦੀ ਸਥਾਪਨਾ ਕੀਤੀ ਗਈ। ਸਿੰਘ ਸਭਾ ਦੀ ਵਿਸ਼ੇਸ਼ ਮੰਗ 'ਤੇ 1882 ਈ. ਵਿਚ ਲਾਹੌਰ ਵਿਖੇ ਪੰਜਾਬ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਸੀ ਤੇ ਪੰਜਾਬੀ ਇਮਤਿਹਾਨਾਂ ਦਾ ਯੋਗ ਪ੍ਰਬੰਧ ਕੀਤਾ ਗਿਆ ਸੀ। 1888 ਈ. ਵਿੱਚ ਖ਼ਾਲਸਾ ਦੀਵਾਨ ਲਾਹੌਰ ਕਾਇਮ ਹੋਇਆ। ਖ਼ਾਲਸਾ ਦੀਵਾਨ ਦਾ ਮਨੋਰਥ ਸਿੱਖਾਂ ਵਿੱਚੋਂ ਛੂਤ-ਛਾਤ ਦੇ ਜਾਤ-ਪਾਤ ਦੇ ਭਰਮ ਭੇਦ ਦੂਰ ਕਰਕੇ ਉਨ੍ਹਾਂ ਨੂੰ ਵਹਿਮਾਂ-ਭਰਮਾਂ ਦੀ ਜਿਲਣ ਵਿੱਚੋਂ ਕੱਢ ਕੇ ਸ਼ੁੱਧ ਖਾਲਸਾ ਬਣਾਉਣ ਦਾ ਸੀ। ਉਨ੍ਹਾਂ ਦੇ ਯਤਨਾਂ ਨਾਲ ਸ਼ਹਿਰ-ਸ਼ਹਿਰ ਵਿੱਚ ਸਿੰਘ ਸਭਾਵਾਂ ਖੋਲ੍ਹੀਆਂ ਗਈਆਂ। ਸਿੱਖਾਂ ਦੇ ਅੰਗਰੇਜ਼ੀ ਤੇ ਪੰਜਾਬੀ ਅਖ਼ਬਾਰ ਜਾਰੀ ਕੀਤੇ ਗਏ। ਖ਼ਾਲਸਾ ਦੀਵਾਨ ਦੇ ਮੋਢੀਆਂ ਵਿੱਚ ਗਿਆਨੀ ਦਿੱਤ ਸਿੰਘ, ਜਵਾਹਰ ਸਿੰਘ ਤੇ ਗੁਰਮੁਖ ਸਿੰਘ ਆਦਿ ਪ੍ਰਸਿੱਧ ਵਿਅਕਤੀ ਹਨ ਅਤੇ ਇਹੋ ਹੀ ਸਿੰਘ ਸਭਾ ਲਹਿਰ ਦੇ ਮੁਖੀਏ ਸਨ। ਖ਼ਾਲਸਾ ਦੀਵਾਨ ਨੇ 1892 ਈ. ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਚਾਲੂ ਕੀਤਾ ਤੇ ਜਵਾਹਰ ਸਿੰਘ ਇਸ ਦੇ ਸੈਕਟਰੀ ਬਣਾਏ ਗਏ। ਸਿੰਘ ਸਭਾ ਲਹਿਰ ਦੇ ਯਤਨਾਂ ਨਾਲ ਖ਼ਾਲਸਾ ਸਕੂਲਾਂ ਤੇ ਕਾਲਜਾਂ ਵਿਚ ਪੰਜਾਬੀ ਦੀ ਪੜ੍ਹਾਈ ਦਾ ਵਿਸ਼ੇਸ਼ ਪ੍ਰਬੰਧ ਕਰਕੇ ਇਸ 'ਤੇ ਜ਼ੋਰ ਦਿੱਤਾ ਜਾਣ ਲੱਗ ਪਿਆ। ਇਨ੍ਹਾਂ ਵਿਦਿਅਕ ਸੰਸਥਾਵਾਂ ਵਿੱਚ ਪੱਛਮੀ ਸਾਹਿਤ ਤੇ ਵਿਗਿਆਨ ਦੀ ਪੜ੍ਹਾਈ ਵੀ ਨਾਲੋ-ਨਾਲ ਜਾਰੀ ਕੀਤੀ ਗਈ। ਪੱਛਮੀ ਸਾਹਿਤ ਦਾ ਅਧਿਐਨ ਕਰਦੇ ਸਮੇਂ ਸਾਡੇ ਵਿਦਿਆਰਥੀਆਂ ਨੂੰ ਆਪਣੇ ਸਾਹਿਤ ਦੀਆਂ ਘਾਟਾਂ ਤੇ ਥੋੜ੍ਹਾਂ ਦਾ ਵੀ ਪਤਾ ਲੱਗਣ ਲੱਗ ਪਿਆ। ਉਹ ਆਪਣੀ ਮਾਤ ਬੋਲੀ ਦੇ ਸਾਹਿਤ ਦੇ ਮਹੱਤਵ ਨੂੰ ਜਾਣਦੇ ਹੋਏ ਇਸ ਨਾਲ ਪਿਆਰ ਕਰਨ ਲੱਗ ਪਏ। ਇਸ ਤਰ੍ਹਾਂ ਸਾਡਾ ਨੌਜਵਾਨ ਵਰਗ ਪੰਜਾਬੀ ਬੋਲੀ ਦੇ ਸਾਹਿਤ ਪ੍ਰਤੀ ਚੇਤੰਨ ਹੋ ਗਿਆ। ਇਸ ਸਮੇਂ ਹੀ ਸਿੰਘ ਸਭਾ ਲਹਿਰ ਨੇ ਗੁਰਮਤਿ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਤੇ ਈਸਾਈ ਪ੍ਰਚਾਰਕਾਂ ਦੇ ਪ੍ਰਤੀਕਰਮ ਵਜੋਂ ਕਈ ਤਰ੍ਹਾਂ ਦੇ ਟਰੈਕਟ ਤੇ ਪੈਂਫਲਟ ਪੰਜਾਬੀ ਵਿੱਚ ਛਪਵਾ ਕੇ ਜਾਰੀ ਕਰ ਦਿੱਤੇ। ਇਸ ਤਰ੍ਹਾਂ ਇਕ ਤਾਂ ਧਰਮ, ਬੋਲੀ ਅਤੇ ਦੇਸ਼ ਪਿਆਰ ਦੇ ਪ੍ਰਚਾਰ ਨਾਲ ਲੋਕਾਂ ਨੂੰ ਆਪਣੇ ਧਰਮ ਅਤੇ ਸਾਹਿਤ ਦੀ ਮਹਾਨਤਾ ਦਾ ਪਤਾ ਲੱਗਿਆ, ਦੂਸਰਾ ਈਸਾਈ ਮੱਤ ਦੇ ਪ੍ਰਚਾਰ ਨੂੰ ਸਿੱਖ ਵਰਗ ਵਿੱਚ ਫੈਲਣੋਂ ਰੋਕਿਆ ਗਿਆ। ਉਹ ਇਕ ਇਸ ਤਰ੍ਹਾਂ ਦਾ ਸਮਾਂ ਸੀ ਜਦੋਂ ਸਿੱਖ ਕੌਮ ਤੇ ਧਰਮ ਢਹਿੰਦੀਆਂ ਕਲਾਂ ਵਲ ਜਾ ਰਹੇ ਸਨ। ਸਿੱਖਾਂ ਦਾ ਹਰਮਨ ਪਿਆਰਾ ਸਿਧਾਂਤ 'ਰਾਜ ਕਰੇਗਾ ਖ਼ਾਲਸਾ' ਦਿਨੋਂ ਦਿਨ ਫਿੱਕਾ ਪੈ ਰਿਹਾ ਸੀ। ਉਸ ਵੇਲੇ ਹਰ ਪੰਜਾਬੀ, ਹਰ ਸਿੱਖ, ਹਰ ਬਹਾਦਰ ਤੇ ਮਨੁੱਖਤਾ ਦਾ ਪਿਆਰਾ ਸਿੱਖ ਕੌਮ ਦੀ ਅਧੋਗਤੀ ਸਦਕਾ ਪੀਸਿਆ ਜਾ ਰਿਹਾ ਸੀ। ਉਸ ਮੌਕੇ ਨੂੰ ਸੰਭਾਲਦਿਆਂ ਹੋਇਆਂ ਸਿੰਘ ਸਭਾਵਾਂ ਦੀ ਸਥਾਪਨਾ ਹੋਈ ਤੇ ਸਿੱਖੀ ਸ਼ਾਨ ਤੇ ਵੱਕਾਰ ਨੂੰ ਮੁੜ ਬਹਾਲ ਕਰਨ ਲਈ ਉਪਰਾਲੇ ਹੋਣੇ ਸ਼ੁਰੂ ਹੋਏ। ਸਿੰਘ ਸਭਾ ਲਹਿਰ ਨੇ ਸਿੱਖਾਂ ਵਿੱਚ ਇਕ ਤਕੜੀ ਤੇ ਅਸਰ ਭਰਪੂਰ ਵਿਦਿਅਕ, ਸੱਭਿਆਚਾਰਕ ਤੇ ਸਾਹਿਤਕ ਲਹਿਰ ਜਾਰੀ ਕੀਤੀ।

'ਖ਼ਾਲਸਾ ਦੀਵਾਨ' ਲਾਹੌਰ ਦੇ ਪਹਿਲੇ ਸੇਵਕਾਂ ਦੇ ਚਲਾਣੇ ਉਪਰੰਤ ਉਹ ਖ਼ਤਮ ਹੋ ਗਿਆ ਤੇ ਫੇਰ ਉਸ ਦੀ ਥਾਂ 'ਚੀਫ਼ ਖ਼ਾਲਸਾ ਦੀਵਾਨ' ਅੰਮ੍ਰਿਤਸਰ ਨੇ ਜਨਮ ਲਿਆ। ਇਸ ਨਵੇਂ ਦੀਵਾਨ ਨੇ ਖ਼ਾਲਸਾ ਕਾਲਜ ਦੇ ਡਿਗਦੇ ਪ੍ਰਬੰਧ ਨੂੰ ਸੰਭਾਲਿਆ ਤੇ ਕਾਲਜ ਵਿੱਚ ਕਈ ਤਰ੍ਹਾਂ ਦੇ ਸੁਧਾਰ ਕੀਤੇ। 1908 ਈ. ਵਿੱਚ ਸਿੱਖ ਐਜੂਕੇਸ਼ਨਲ ਕਮੇਟੀ ਬਣਾਈ ਗਈ, ਜਿਸ ਨੇ ਧਾਰਮਿਕ ਤੇ ਵਿੱਦਿਅਕ ਪ੍ਰਚਾਰ ਵਿੱਚ ਬਹੁਤ ਮਹੱਤਵਪੂਰਨ ਹਿੱਸਾ ਲਿਆ। ਇਸ ਕਮੇਟੀ ਨੇ 1908 ਤੋਂ ਲੈ ਕੇ ਹੁਣ ਤਕ ਬਹੁਤ ਸਾਰੇ ਕੰਮ ਕੀਤੇ। ਕਈ ਸ਼ਹਿਰਾਂ ਵਿੱਚ ਖ਼ਾਲਸਾ ਸਕੂਲ ਖੋਲ੍ਹੇ ਗਏ। 1917-18 ਈ. ਤੋਂ ਮਗਰੋਂ ਹਰ ਸਾਲ ਸਾਲਾਨਾ ਕਾਨਫ਼ਰੰਸਾਂ ਸਮੇਂ ਕਵੀ ਦਰਬਾਰ ਕਰਨ ਦਾ ਪ੍ਰਬੰਧ ਜਾਰੀ ਕੀਤਾ ਗਿਆ। ਇਨ੍ਹਾਂ ਕਵੀ ਦਰਬਾਰਾਂ ਵਿੱਚ ਕਵੀਆਂ ਨੂੰ ਲੰਮੇ ਕਿੱਸਿਆਂ ਦੀ ਥਾਂ ਛੋਟੀ ਕਵਿਤਾ ਲਿਖਣ ਵੱਲ ਪ੍ਰੇਰਨਾ ਦਿੱਤੀ ਜਾਣ ਲੱਗ ਪਈ। ਚੰਗੀਆਂ ਕਵਿਤਾਵਾਂ ਪੜ੍ਹਨ ਵਾਲੇ ਕਵੀਆਂ ਨੂੰ ਨਕਦ ਇਨਾਮ ਦੇਣ ਦੀ ਪਿਰਤ ਤੋਰ ਕੇ ਪੜ੍ਹਨ ਤੇ ਸੁਣਨ ਦਾ ਸ਼ੌਂਕ ਲੋਕਾਂ ਵਿੱਚ ਪੈਦਾ ਕੀਤਾ ਗਿਆ। ਪੰਜਾਬੀ ਸਾਹਿਤਕ ਰਚਨਾਵਾਂ ਖ਼ਰੀਦ ਕੇ ਤੇ ਲਿਖਾਰੀਆਂ ਵਿੱਚ ਵੰਡ ਕੇ ਉਨ੍ਹਾਂ ਦੇ ਹੌਸਲੇ ਵਧਾਏ ਗਏ। ਪੰਜਾਬੀ ਸਾਹਿਤਕਾਰਾਂ ਦੀਆਂ ਪੁਸਤਕਾਂ ਨੂੰ ਸਕੂਲਾਂ, ਕਾਲਜਾਂ ਤੇ ਹੋਰ ਪੁਸਤਕਾਲਿਆਂ ਵਿੱਚ ਰੱਖਣ ਲਈ ਖਰੀਦਣ ਦਾ ਪ੍ਰਬੰਧ ਕੀਤਾ ਗਿਆ। ਸਾਹਿਤਕਾਰਾਂ ਦੀਆਂ ਕਿਰਤਾਂ ਨੂੰ ਸਨਮਾਨ ਦੇ ਕੇ ਉਨ੍ਹਾਂ ਵਿੱਚ ਵਧੇਰੇ ਚੰਗੇਰਾ ਸਾਹਿਤ ਪੈਦਾ ਕਰਨ ਲਈ ਰੁਚੀ ਪੈਦਾ ਕੀਤੀ ਗਈ। ਉਸ ਸਮੇਂ ਸਰਦਾਰ ਧਰਮ ਸਿੰਘ ਨੇ 'ਗੁਰੂ ਨਾਨਕ ਵਿੱਦਿਆ ਭੰਡਾਰ ਟਰੱਸਟ' ਕਾਇਮ ਕਰਕੇ ਪੰਜਾਬੀ ਵਿੱਚ ਵਿੱਦਿਆ ਦਾ ਪ੍ਰਚਾਰ ਜਾਰੀ ਕੀਤਾ। ਇਸ ਟਰੱਸਟ ਨੇ ਵਿੱਦਿਆ ਦੇ ਪ੍ਰਚਾਰ ਦੇ ਨਾਲ-ਨਾਲ ਪੰਜਾਬੀ ਬੋਲੀ ਦੀ ਚੰਗੀ ਸੇਵਾ ਕੀਤੀ।

ਵੱਖ-ਵੱਖ ਸ਼ਹਿਰਾਂ ਦੀਆਂ ਸਿੰਘ ਸਭਾਵਾਂ ਨੇ ਆਪੋ ਆਪਣੇ ਗੁਰਦੁਆਰਿਆਂ ਦੇ ਨਾਲ ਵਿਦਿਆਲੇ ਖੋਲ੍ਹ ਦਿੱਤੇ। ਇਨ੍ਹਾਂ ਵਿਦਿਆਲਿਆਂ ਵਿਚ ਗੁਰਪੁਰਬਾਂ ਸਮੇਂ ਪੰਜਾਬੀ ਟ੍ਰੈਕਟ ਵੰਡ ਕੇ ਤੇ ਉਪਦੇਸ਼ ਦੇ ਕੇ ਪੰਜਾਬੀ ਬੋਲੀ ਦੇ ਪ੍ਰਚਾਰ ਵਿਚ ਸ਼ਲਾਘਾਯੋਗ ਕਦਮ ਪੁੱਟੇ ਗਏ। ਇਨ੍ਹਾਂ ਗੁਰਪੁਰਬਾਂ ਦੇ ਸਮੇਂ ਹੀ ਕਈ ਪਿੰਡਾਂ, ਸ਼ਹਿਰਾਂ ਵਿੱਚ ਪ੍ਰਾਇਮਰੀ ਤੇ ਮਿਡਲ ਸਕੂਲ ਖੋਲ੍ਹਣ ਦੇ ਐਲਾਨ ਵੀ ਕੀਤੇ ਜਾਂਦੇ ਸਨ। ਸਿੰਘ ਸਭਾ ਲਹਿਰ ਨੇ ਪੰਜਾਬੀ ਵਿੱਚ ਵਿਖਿਆਨ ਦੇਣ ਤੇ ਚਿੱਠੀ ਪੱਤਰ ਕਰਨ ਉੱਤੇ ਸਮੇਂ-ਸਮੇਂ ਬਹੁਤ ਜ਼ੋਰ ਦਿੱਤਾ। ਸਿੰਘ ਸਭਾਵਾਂ ਦੇ ਯਤਨਾਂ ਨਾਲ ਗੁਰਪੁਰਬਾਂ ਮੌਕੇ ਪੰਜਾਬ ਵਿੱਚ ਹੋਰ ਬਹੁਤ ਸਾਰੇ ਕਵੀ ਦਰਬਾਰ ਕਰਨ ਦਾ ਰਿਵਾਜ਼ ਪ੍ਰਚਲਤ ਹੋਇਆ। ਇਨ੍ਹਾਂ ਕਵੀ ਦਰਬਾਰਾਂ ਤੋਂ ਇਕ ਤਾਂ ਪੰਜਾਬੀ ਕਵੀ ਨੂੰ ਕਵਿਤਾ ਲਿਖਣ ਦੀ ਪ੍ਰੇਰਨਾ ਮਿਲੀ ਤੇ ਦੂਸਰਾ ਲੋਕਾਂ ਨਾਲ ਪੰਜਾਬੀ ਕਵਿਤਾ ਦੇ ਗੂੜ੍ਹੇ ਸੰਬੰਧ ਬਣ ਗਏ। ਇਸ ਤਰ੍ਹਾਂ ਲੋਕਾਂ ਦੇ ਦਿਲਾਂ ਵਿੱਚ ਸਾਹਿਤਕ ਲਗਨ ਦੀ ਜੋਤ ਜਗ ਪਈ। ਇਸ ਲਹਿਰ ਨੇ ਸੈਂਕੜੇ ਵਕਤੇ ਰਾਗੀ, ਢਾਡੀ ਤੇ ਪ੍ਰਚਾਰਕ ਪੈਦਾ ਕੀਤੇ। ਇਸੇ ਰਾਜਨੀਤਕ, ਸੱਭਿਆਚਾਰਕ ਤੇ ਸਾਹਿਤਕ ਘੋਲ ਨੇ ਆਧੁਨਿਕ ਪੰਜਾਬੀ ਸਾਹਿਤ ਦੇ ਭਾਈ ਵੀਰ ਸਿੰਘ ਨੂੰ ਜਨਮ ਦਿੱਤਾ।

1846 ਤੋਂ ਲੁਧਿਆਣੇ ਵਿੱਚ ਬਾਈਬਲ ਦੇ ਉਲੱਥੇ ਲਈ ਈਸਾਈਆਂ ਵਲੋਂ ਗੁਰਮੁਖੀ ਟਾਈਪ ਤਿਆਰ ਕੀਤੀ ਗਈ ਸੀ। ਥੋੜ੍ਹੇ ਸਮੇਂ ਵਿੱਚ ਹੀ ਪੰਜਾਬੀ ਦੇ ਛਾਪੇਖਾਨੇ ਵੀ ਬਣ ਗਏ ਸਨ, ਜਿਨ੍ਹਾਂ ਸਦਕਾ ਪੰਜਾਬੀ ਦੇ ਲਈ ਅਖ਼ਬਾਰ ਤੇ ਟਰੈਕਟਾਂ ਦੀ ਵਰਤੋਂ ਹੋਣ ਲੱਗ ਪਈ ਸੀ। ਪੰਜਾਬੀ ਵਿੱਚ ਸਭ ਤੋਂ ਪਹਿਲਾਂ ਈਸਾਈਆਂ ਨੇ 1860 ਈ. ਵਿੱਚ ਇਕ ਸਮਾਚਾਰ ਪੱਤਰ ਚਿੱਠੀਆਂ ਦੇ ਰੂਪ ਵਿੱਚ ਜਾਰੀ ਕੀਤਾ। ਇਸ ਉਪਰੰਤ ਪੰਜਾਬੀ ਦਾ ਅਖ਼ਬਾਰ 'ਸ੍ਰੀ ਦਰਬਾਰ ਸਾਹਿਬ' 1867 ਈ. ਵਿਚ ਅੰਮ੍ਰਿਤਸਰ ਤੋਂ ਕੱਢਿਆ ਗਿਆ ਤੇ 1880 ਵਿੱਚ 'ਗੁਰਮੁਖੀ' ਨਾਂ ਦਾ ਇਕ ਹੋਰ ਅਖ਼ਬਾਰ ਪ੍ਰਕਾਸ਼ਤ ਹੋਣ ਲੱਗ ਪਿਆ। ਇਨ੍ਹਾਂ ਅਖ਼ਬਾਰਾਂ ਦੇ ਜਾਰੀ ਹੋਣ ਵਿੱਚ ਸਿੰਘ ਸਭਾ ਲਹਿਰ ਦਾ ਤਕੜਾ ਹੱਥ ਹੈ। ਸਿੰਘ ਸਭਾ ਲਹਿਰ ਦੇ ਪ੍ਰਸਿੱਧ ਆਗੂ ਭਾਈ ਦਿੱਤ ਸਿੰਘ ਦੀ ਸੰਪਾਦਨਾ ਹੇਠ ਲਾਹੌਰ ਤੋਂ 'ਖ਼ਾਲਸਾ' ਨਾਂ ਦਾ ਅਖ਼ਬਾਰ ਚਾਲੂ ਹੋਇਆ। ਇਸ ਅਖ਼ਬਾਰ ਦਾ ਮੁੱਖ ਮਨੋਰਥ ਪੰਥ ਵਿਰੋਧੀ ਅਨੁਮਤੀਆਂ ਦੇ ਪ੍ਰਚਾਰ ਦਾ ਖੰਡਨ ਕਰਨਾ ਹੀ ਸੀ। ਆਪਣੇ ਉਪਦੇਸ਼ ਦੀ ਪ੍ਰਾਪਤੀ ਲਈ ਇਸ ਅਖ਼ਬਾਰ ਨੇ ਬਹੁਤ ਮਹੱਤਵਪੂਰਨ ਕੰਮ ਕੀਤੇ। 6 ਸਤੰਬਰ, 1901 ਨੂੰ ਭਾਈ ਦਿੱਤ ਸਿੰਘ ਕਾਲਵਾਸ ਹੋ ਗਏ ਤੇ ਇਹ

ਅਖ਼ਬਾਰ ਵੀ ਬੰਦ ਹੋ ਗਿਆ। ਭਾਈ ਦਿੱਤ ਸਿੰਘ ਦੀ ਅਸਰ ਭਰਪੂਰ ਲੇਖਣੀ ਨੇ ਸਿੱਖਾਂ ਨੂੰ ਇਕ ਵਾਰ ਚੰਗੀ ਤਰ੍ਹਾਂ ਹਲੂਣਿਆਂ। 'ਨਕਲੀ ਸਿੱਖ ਪ੍ਰਬੋਧ' ਉਨ੍ਹਾਂ ਦਾ ਇਕ ਉਘਾ ਗ੍ਰੰਥ ਹੈ। ਇਸ ਤੋਂ ਬਿਨਾਂ ਇਨ੍ਹਾਂ ਦੇ ਦੋ ਕਾਵਿ ਨਾਟਕ 'ਸੁਪਨ ਨਾਟਕ' ਅਤੇ 'ਰਾਜਪ੍ਰਬੋਧ ਨਾਟਕ' ਬਹੁਤ ਪ੍ਰਸਿੱਧ ਹਨ।

ਸਿੰਘ ਸਭਾ ਲਾਹੌਰ ਤੇ ਅੰਮ੍ਰਿਤਸਰ ਦੇ ਸਿੱਖਾਂ ਨੇ 1883 ਵਿੱਚ ਪੁਰਾਤਨ ਜਨਮ ਸਾਖੀ ਨੂੰ ਵਲਾਇਤੋਂ ਵਾਪਸ ਮੰਗਵਾਇਆ। ਇਸ ਜਨਮ ਸਾਖੀ ਦੇ ਫੋਟੋ ਖਿੱਚ ਕੇ ਸੰਗਤਾਂ ਵਿੱਚ ਵੰਡੇ ਗਏ ਅਤੇ ਫੇਰ ਪਹਿਲੀ ਵਾਰ ਸਿੰਘ ਸਭਾ ਲਾਹੌਰ ਦੇ ਯਤਨਾਂ ਨਾਲ ਇਸ ਨੂੰ ਪੱਥਰ ਦੇ ਛਾਪੇ ਵਿੱਚ ਛਪਵਾਇਆ ਗਿਆ। ਆਪਣੀ ਵੀਹ ਵਰ੍ਹਿਆਂ ਦੀ ਉਮਰ ਵਿੱਚ ਭਾਈ ਵੀਰ ਸਿੰਘ ਨੇ ਸਿੰਘ ਸਭਾ ਲਹਿਰ ਦੀ ਵਾਗਡੋਰ 1892 ਈ. ਵਿੱਚ ਸੰਭਾਲ ਲਈ। ਉਹ ਉਸ ਦਿਨ ਤੋਂ ਹੀ ਸਿੱਖ ਧਰਮ ਦੇ ਪ੍ਰਚਾਰ ਤੇ ਪੰਜਾਬੀ ਸਾਹਿਤ ਦੇ ਵਿਕਾਸ ਲਈ ਕਮਰ ਕਸੇ ਕਰ ਕੇ ਜੁੱਟ ਪਏ। ਭਾਈ ਵੀਰ ਸਿੰਘ ਦੇ ਯਤਨਾਂ ਨਾਲ 1894 ਈ. ਵਿੱਚ 'ਖ਼ਾਲਸਾ ਟਰੈਕਟ ਸੁਸਾਇਟੀ' ਦੀ ਸਥਾਪਨਾ ਕੀਤੀ ਗਈ। ਇਸ ਸੁਸਾਇਟੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਵਿਦਵਾਨਾਂ ਤੋਂ ਵਡਮੁੱਲੇ ਲੇਖ ਤੇ ਟਰੈਕਟ ਲਿਖਵਾ ਕੇ ਛਪਵਾਉਣੇ ਸ਼ੁਰੂ ਕਰ ਦਿੱਤੇ। ਇਹ ਟਰੈਕਟ ਸੰਗਤਾਂ ਵਿੱਚ ਮੁਫ਼ਤ ਵੰਡੇ ਜਾਂਦੇ ਸਨ। ਭਾਈ ਵੀਰ ਸਿੰਘ ਦੀ ਸੰਪਾਦਨਾ ਹੇਠ 1899 ਈ. ਵਿੱਚ 'ਖ਼ਾਲਸਾ ਸਮਾਚਾਰ ਅੰਮ੍ਰਿਤਸਰ ਤੋਂ ਜਾਰੀ ਕੀਤਾ ਗਿਆ ਜਿਹੜਾ ਹੁਣ ਤਕ ਬਕਾਇਦਾ ਚੱਲ ਰਿਹਾ ਹੈ। ਇਸ ਅਖ਼ਬਾਰ ਦੇ ਸੰਪਾਦਕ ਭਾਈ ਵੀਰ ਸਿੰਘ, ਭਾਈ ਸੰਤ ਰਾਮ, ਭਾਈ ਸੋਹਣ ਸਿੰਘ, ਬਾਬਾ ਗੰਗਾ ਸਿੰਘ ਬੇਦੀ, ਭਾਈ ਸੇਵਾ ਸਿੰਘ, ਭਾਈ ਮਹਾਂ ਸਿੰਘ ਗਿਆਨੀ ਆਦਿ ਸਮੇਂ-ਸਮੇਂ ਰਹੇ। 'ਖ਼ਾਲਸਾ ਸਮਾਚਾਰ' ਦਾ ਉਦੇਸ਼ ਮੁੱਢ ਤੋਂ ਹੀ ਕੌਮੀ ਜਥੇਬੰਦੀ ਕੌਮੀ ਵਿਕਾਸ, ਪੰਜਾਬੀ ਦੀ ਤਰੱਕੀ, ਵਿੱਦਿਆ ਦਾ ਪ੍ਰਚਾਰ, ਗੁਰਸਿੱਖ ਆਦਰਸ਼ ਦੀ ਉਚਤਾ ਨੂੰ ਦਰਸਾਉਂਦਾ ਰਿਹਾ ਹੈ। ਇਸ ਅਖ਼ਬਾਰ ਦਾ ਇਕ ਹੋਰ ਮਨੋਰਥ ਕਥਾ ਵਾਰਤਾ ਰਾਹੀਂ ਗੁਰਬਾਣੀ ਦਾ ਪ੍ਰਚਾਰ ਕਰਨਾ ਅਤੇ ਈਸਾਈਆਂ ਦਾ, ਮੁਲਸਮਾਨਾਂ ਤੇ ਆਰੀਆ ਸਮਾਜੀਆਂ ਦੇ ਪ੍ਰਚਾਰ ਦਾ ਖੰਡਨ-ਮੰਡਨ ਕਰਨਾ ਸੀ। ਇਸ ਤਰ੍ਹਾਂ ਸਿੱਖ ਕੌਮ ਨੂੰ ਇਸ ਸਮਾਚਾਰ ਪੱਤਰ ਰਾਹੀਂ ਆਪਣੇ ਧਰਮ ਦੀ ਪਵਿੱਤਰਤਾ ਤੇ ਅਸਲੀਅਤ ਦਾ ਪਤਾ ਲੱਗਾ। ਹੁਣ ਉਹ ਲੋਕ ਦੂਸਰੇ ਧਰਮਾਂ ਦੇ ਦਿਖਾਵੇ ਦੇ ਪ੍ਰਚਾਰ ਤੋਂ ਚੌਕਸ ਹੋ ਗਏ ਅਤੇ ਆਪਣੇ ਧਰਮ ਦੇ ਸਿੱਧੇ ਸਾਦੇ ਅਸੂਲਾਂ ਵਿੱਚ ਵਿਸ਼ਵਾਸ ਰੱਖਣ ਲੱਗ ਪਏ। ਉਨੀਵੀਂ ਸਦੀ ਦੀ ਪਿਛਲੀ ਚੌਥਾਈ ਦਾ ਇਹ ਉਹ ਸਮਾਂ ਸੀ ਜਦ ਪੱਛਮੀ ਵਿੱਦਿਆ ਨੇ ਸਾਡੇ ਰਹਿਣ-ਸਹਿਣ ਤੇ ਸੱਭਿਆਚਾਰ ਤੇ ਬਹੁਤ ਅਸਰ ਪਾਉਣਾ ਸ਼ੁਰੂ ਕਰ ਦਿੱਤਾ ਸੀ। ਛਾਪੇਖਾਨੇ ਦੀ ਹੋਂਦ ਸਦਕਾ ਪੁਸਤਕਾਂ ਦੀਆਂ ਪ੍ਰਕਾਸ਼ਨਾ ਤੇ ਵਿਚਾਰਾਂ ਦੇ ਪ੍ਰਸਾਰ ਦਾ ਕੰਮ ਬਹੁਤ ਸੌਖਾ ਬਣਾ ਦਿੱਤਾ ਸੀ। ਇਸ ਸਮੇਂ 'ਖ਼ਾਲਸਾ ਸਮਾਚਾਰ' ਇਕ ਅਜਿਹਾ ਅਖ਼ਬਾਰ ਸੀ ਜੋ ਸਿੱਖ ਕੌਮ ਦੀ ਅਗਵਾਈ ਲਈ ਹਰ ਸੰਭਵ ਯਤਨ ਕਰ ਰਿਹਾ ਸੀ। ਇਸ ਤਰ੍ਹਾਂ ਧਰਮ ਪ੍ਰਚਾਰ ਦੇ ਨਾਲ-ਨਾਲ ਪੰਜਾਬੀ ਸਾਹਿਤ ਦਾ ਵਿਕਾਸ ਵੀ ਹੋਣ ਲੱਗ ਪਿਆ।

ਉਸ ਸਮੇਂ ਦੇ ਉਰਦੂ ਤੇ ਹਿੰਦੀ ਦੇ ਪ੍ਰਚਾਰਕਾਂ ਨੇ ਪੰਜਾਬੀ ਨੂੰ ਇਕ ਪੇਂਡੂ ਤੇ ਨੀਵੇਂ ਦਰਜੇ ਦੀ ਗੰਵਾਰ ਬੋਲੀ ਦੱਸ ਕੇ ਭੰਡਣ ਦਾ ਕੰਮ ਸ਼ੁਰੂ ਕੀਤਾ ਹੋਇਆ ਸੀ। ਪੰਜਾਬੀ ਮੁਸਲਮਾਨਾਂ ਨੂੰ ਉਰਦੂ ਵੱਲ ਤੇ ਪੰਜਾਬੀ ਹਿੰਦੂਆਂ ਨੂੰ ਹਿੰਦੀ ਵੱਲ ਮੋੜਨ ਦੇ ਯਤਨ ਕੀਤੇ ਜਾ ਰਹੇ ਸਨ। ਉਹ ਲੋਕ ਆਪਣੇ ਇਸ ਪ੍ਰਚਾਰ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਵੀ ਹੋ ਗਏ ਸਨ। ਇਸ ਤਰ੍ਹਾਂ ਬੋਲੀ ਵੰਡ ਵਿੱਚ ਧਰਮ ਨੂੰ ਖਿੱਚਿਆ ਜਾਣ ਲੱਗ ਪਿਆ। ਹਿੰਦੂਆਂ ਦਾ ਸਾਰਾ ਧਾਰਮਿਕ ਸਾਹਿਤ ਹਿੰਦੀ ਵਿੱਚ ਹੋਣ ਕਰਕੇ ਆਰੀਆ ਸਮਾਜੀਆਂ ਨੇ ਕੇਵਲ ਹਿੰਦੀ ਦਾ ਹੀ ਪ੍ਰਚਾਰ ਕੀਤਾ ਤੇ ਮੁਸਲਮਾਨਾਂ ਦੇ ਧਾਰਮਿਕ ਗ੍ਰੰਥ ਉਰਦੂ ਵਿੱਚ ਹੋਣ ਕਰਕੇ ਉਹ ਉਰਦੂ ਨੂੰ ਆਪਣੀ ਬੋਲੀ ਮੰਨਣ ਲੱਗ ਪਏ। ਸਿੱਖ ਧਰਮ ਦਾ ਸਾਰਾ ਸਾਹਿਤ ਪੰਜਾਬੀ ਵਿੱਚ ਸੀ। ਇਸ ਲਈ ਲੈ ਦੇ ਕੇ ਅੰਤ ਵਿੱਚ ਪੰਜਾਬੀ ਕੇਵਲ ਸਿੱਖਾਂ ਗੋਚਰੀ ਹੀ ਰਹਿ ਗਈ। ਅੰਗਰੇਜ਼ਾਂ ਆਪਣੇ ਦਫ਼ਤਰ ਦਾ ਕੰਮ ਚਲਾਉਣ ਲਈ ਬੰਗਾਲ ਤੇ ਉਤਰ ਪ੍ਰਦੇਸ ਵਿੱਚੋਂ ਆਪਣੇ ਨਾਲ ਅੰਗਰੇਜ਼ੀ ਤੇ ਉਰਦੂ ਪੜ੍ਹੇ ਕਲਰਕ ਲਿਆਂਦੇ ਸਨ। ਇਸ ਤਰ੍ਹਾਂ ਕ੍ਰਮਵਾਰ ਦਫ਼ਤਰਾਂ, ਕਚਹਿਰੀਆਂ ਵਿੱਚ ਅੰਗਰੇਜ਼ੀ ਤੇ ਉਰਦੂ ਨੇ ਚੌਧਰ ਸੰਭਾਲ ਲਈ। ਅੰਗਰੇਜ਼ੀ ਤੇ ਉਰਦੂ ਪੜ੍ਹਿਆਂ ਵੱਲੋਂ ਵੀ ਪੰਜਾਬੀ ਦਾ ਵਿਰੋਧ ਹੋਇਆ ਤੇ ਇਸ ਬੋਲੀ ਨੂੰ ਕਦੇ ਵੀ ਰਾਜ ਬੋਲੀ ਬਣ ਮੌਕਾ ਨਾ ਮਿਲਿਆ। ਉਰਦੂ ਤੇ ਅੰਗਰੇਜ਼ੀ ਸਰਕਾਰੇ-ਦਰਬਾਰੇ ਕਦਰ ਹੋਣ ਸਦਕਾ ਉਨ੍ਹਾਂ ਬੋਲੀਆਂ ਦੇ ਸਾਹਿਤ ਦਾ ਪ੍ਰਚਾਰ ਸੁਭਾਵਕ ਹੀ ਵੱਧ ਗਿਆ। ਇਸ ਸਮੇਂ ਜਦੋਂ ਸਿੱਖ ਕੌਮ ਵਿਚ ਹਰ ਪਾਸਿਓਂ ਅਸੰਤੁਸ਼ਟਤਾ ਵਧ ਰਹੀ ਸੀ ਤਾਂ ਕੇਵਲ ਸਿੱਖਾਂ ਦੀਆਂ ਧਾਰਮਿਕ ਲਹਿਰਾਂ ਖ਼ਾਸ ਕਰਕੇ ਸਿੰਘ ਸਭਾ ਲਹਿਰ ਨੇ ਸਿੱਖ ਵਰਗ ਨੂੰ ਆਪਣੇ ਧਰਮ ਪ੍ਰਤੀ ਸੁਚੇਤ ਕੀਤਾ। ਉਨ੍ਹਾਂ ਦਾ ਰੁਝਾਨ ਧਾਰਮਿਕ ਸੰਸਥਾਵਾਂ ਤੇ ਧਾਰਮਿਕ ਪੁਸਤਕਾਂ ਵੱਲ ਵਧਣ ਲੱਗ ਪਿਆ। ਉਸ ਸਮੇਂ ਭਾਈ ਵੀਰ ਸਿੰਘ ਦੇ ਪਹਿਲੇ ਤੇ ਪ੍ਰਸਿੱਧ ਨਾਵਲ 'ਸੁੰਦਰੀ' ਨੇ ਸਿੱਖਾਂ ਦੀ ਇਸ ਭੁੱਖ ਨੂੰ ਵੱਡੀ ਪੱਧਰ 'ਤੇ ਤ੍ਰਿਪਤ ਕੀਤਾ। 'ਸੁੰਦਰੀ' ਨਾਵਲ ਹਜ਼ਾਰਾਂ ਦੀ ਗਿਣਤੀ ਵਿੱਚ ਵਿਕਣ ਲੱਗ ਪਿਆ। ਸਮਕਾਲੀ ਲਿਖਾਰੀਆਂ ਵੀ ਧਾਰਮਿਕ ਪੁਸਤਕਾਂ ਰਚਣ ਵੱਲ ਬਹੁਤ ਧਿਆਨ ਦਿੱਤਾ, ਜਿਹੜੀਆਂ ਸਿੱਖ ਕੌਮ ਨੂੰ ਜਗਾਉਣ ਵਿੱਚ ਵਿਸ਼ੇਸ਼ ਤੌਰ 'ਤੇ ਸਹਾਇਕ ਸਿੱਧ ਹੋਈਆਂ ਸਨ।

ਇਕ ਹੋਰ ਦੁਰਭਾਗ ਦੀ ਗੱਲ ਹੈ ਕਿ ਉਸ ਵੇਲੇ ਦੇ ਸਿੱਖ ਵਿਦਵਾਨ ਜਾਂ ਨਿਰਮਲੇ ਸਾਧੂਆਂ ਦਾ ਵਧੇਰੇ ਝੁਕਾਅ ਬ੍ਰਿਜ ਭਾਸ਼ਾ ਵੱਲ ਹੀ ਰਿਹਾ ਹੈ। ਇਸ ਦਾ ਮੂਲ ਕਾਰਨ ਇਹ ਸੀ ਕਿ ਉਨ੍ਹਾਂ ਦੀ ਪੜ੍ਹਾਈ ਦਾ ਕੇਂਦਰ ਕਾਂਸੀ ਤੇ ਸੰਸਕ੍ਰਿਤ ਸਾਹਿਤ ਸੀ। ਇਸੇ ਪ੍ਰਭਾਵ ਸਦਕਾ ਪ੍ਰਸਿੱਧ ਕਵੀ ਸੰਤੋਖ ਸਿੰਘ ਨੇ ਰਲੀ-ਮਿਲੀ ਪੰਜਾਬੀ ਤੇ ਬ੍ਰਿਜ ਭਾਸ਼ਾ ਵਿਚ 'ਨਾਨਕ ਪ੍ਰਕਾਸ਼' 'ਸੂਰਜ ਪ੍ਰਕਾਸ਼' ਦੋ ਵੱਡੇ ਗ੍ਰੰਥ ਰਚੇ। ਇਹ ਪੰਜਾਬੀ ਸਾਹਿਤ ਦੀ ਬਦਕਿਸਮਤੀ ਸਮਝੋ ਕਿ ਇਹ ਗ੍ਰੰਥ ਨਿਰੋਲ ਪੰਜਾਬੀ ਵਿੱਚ ਨਹੀਂ ਸਨ, ਜੇ ਇਹ ਪੰਜਾਬੀ ਵਿੱਚ ਹੁੰਦੇ ਤਾਂ ਸੰਤੋਖ ਸਿੰਘ ਦੀ ਰਚਨਾ ਪੰਜਾਬੀ ਸਾਹਿਤ ਨੂੰ ਵਡਮੁੱਲੀ ਦੇਣ ਹੁੰਦੀ। ਸੁੱਖਾ ਸਿੰਘ ਦਾ ਗੁਰਬਿਲਾਸ ਵੀ ਇਸ ਸਮੇਂ ਹੀ ਰਚਿਆ ਗਿਆ। ਇਨ੍ਹਾਂ ਕਵੀਆਂ ਦੀਆਂ ਕਿਰਤਾਂ ਖ਼ਿਆਲ ਉਡਾਰੀ ਤੇ ਕਾਵਿ ਪੱਖੋਂ ਬਹੁਤ ਮਹੱਤਵਪੂਰਨ ਹਨ। ਭੰਗੂ ਰਤਨ ਸਿੰਘ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਨਵੀਨ ਪੰਜਾਬੀ ਵਿੱਚ ਇਕ ਇਤਿਹਾਸਕ ਪੁਸਤਕ ਲਿਖਣ ਦਾ ਮੁੱਢਲਾ ਯਤਨ ਕਿਹਾ ਜਾ ਸਕਦਾ ਹੈ ਪਰੰਤੂ ਇਸ ਪੁਸਤਕ ਵਿਚਲੇ ਛੰਦਾਂ ਤੇ ਬੋਲੀ ਦਾ ਮੁਹਾਵਰਾ ਕੁਝ ਠੀਕ ਨਹੀਂ ਹੈ। ਡਾਕਟਰ ਚਰਨ ਸਿੰਘ ਦਾ 'ਕੇਸਰੀ ਚਰਖਾ' ਫੁਟਕਲ ਛਾਇਆਵਾਦੀ ਕਵਿਤਾਵਾਂ ਦਾ ਸੰਗ੍ਰਹਿ ਹੈ। ਡਾਕਟਰ ਚਰਨ ਸਿੰਘ, ਸਿੰਘ ਸਭਾ ਲਹਿਰ ਦੇ ਉਨ੍ਹਾਂ ਮੋਢੀਆਂ ਵਿੱਚੋਂ ਹਨ ਜਿਨ੍ਹਾਂ ਨੂੰ ਸਾਹਿਤ ਰਚਨਾ ਦਾ ਬਹੁਤ ਸ਼ੌਕ ਸੀ। ਉਹ ਪਹਿਲਾਂ ਬ੍ਰਿਜ ਭਾਸ਼ਾ ਵਿੱਚ ਲਿਖਿਆ ਕਰਦੇ ਸਨ ਪਿੱਛੋਂ ਆਪਣੇ ਸਪੁੱਤਰ ਭਾਈ ਵੀਰ ਸਿੰਘ ਤੋਂ ਪ੍ਰੇਰਤ ਹੋ ਕੇ ਪੰਜਾਬੀ ਵਿੱਚ ਲਿਖਣ ਲੱਗ ਪਏ। ਉਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਪਹਿਲੀ ਵਾਰ ਸਾਹਿਤਕ ਪੱਧਰ 'ਤੇ ਲਿਆਂਦਾ। ਡਾਕਟਰ ਚਰਨ ਸਿੰਘ ਦੀ ਵਾਰਤਕ ਵਿੱਚ ਧਾਰਮਿਕ ਤੇ ਸਦਾਚਾਰਕ ਪ੍ਰਚਾਰ ਹੁੰਦਾ ਹੈ। ਇਸ ਪ੍ਰਸੰਗ ਵਿੱਚ 'ਮਹਾਰਾਣੀ ਸ਼ਰਾਬ ਕੌਰ' ਡਾਕਟਰ ਹੋਰਾਂ ਦੀ ਪ੍ਰਸਿੱਧ ਕਿਰਤ ਹੈ। ਉਨ੍ਹਾਂ ਦੀਆਂ ਰਚਨਾਵਾਂ ਖ਼ਾਲਸਾ ਟਰੈਕਟ ਸੁਸਾਇਟੀ ਦੇ ਟਰੈਕਟਾਂ ਵਿੱਚ ਛਪਦੀਆਂ ਰਹੀਆਂ ਹਨ। 'ਗੜਗਜ ਬੋਲੇ', 'ਹੋਲੀ' 'ਜੈ ਜੈ ਸੀਤਾ ਰਾਮ' ਆਦਿ ਉਨ੍ਹਾਂ ਦੇ ਕੁਝ ਹੋਰ ਪ੍ਰਸਿੱਧ ਟਰੈਕਟ ਹਨ। ਡਾਕਟਰ ਚਰਨ ਸਿੰਘ ਨੇ ਕਾਲੀਦਾਸ ਦੇ 'ਸ਼ਕੁੰਤਲਾ' ਨਾਟਕ ਦਾ ਪਹਿਲੀ ਵਾਰ ਪੰਜਾਬੀ ਵਿੱਚ ਅਨੁਵਾਦ ਕੀਤਾ। 'ਬਾਣੀ ਬਿਓਰਾ' ਉਨ੍ਹਾਂ ਦੀ ਇਕ ਹੋਰ ਬਲਵਾਨ ਕਿਰਤ ਹੈ।

ਪੰਜਾਬ ਟੈਕਸਟ ਬੁੱਕ ਕਮੇਟੀ ਦੀ ਸਥਾਪਨਾ ਨਾਲ ਦੂਜੀਆਂ ਬੋਲੀਆਂ ਤੋਂ ਪੰਜਾਬੀ ਵਿੱਚ ਉਲੱਥਾ

ਕਰਵਾਉਣ ਤੇ ਮੌਲਿਕ ਰਚਨਾਵਾਂ ਨੂੰ ਇਨਾਮ ਦੇਣ ਦਾ ਕੰਮ ਜਾਰੀ ਹੋਇਆ। ਇਸ ਤਰ੍ਹਾਂ ਪੰਜਾਬੀ ਸਾਹਿਤਕਾਰਾਂ ਦੇ ਹੌਂਸਲੇ ਵਧ ਗਏ ਤੇ ਬਹੁਤ ਸਾਰਾ ਪੰਜਾਬੀ ਸਾਹਿਤ ਲਿਖਿਆ ਜਾਣ ਲੱਗ ਪਿਆ।

ਅੰਗਰੇਜ਼ਾਂ ਨੂੰ ਪੰਜਾਬੀ ਬੋਲੀ, ਸੱਭਿਆਚਾਰ ਤੇ ਇਤਿਹਾਸ ਤੋਂ ਜਾਣੂ ਹੋਣ ਦੀ ਲੋੜ ਪਈ। ਉਨ੍ਹਾਂ ਨੇ ਪੰਜਾਬੀ ਲਿਖਾਰੀਆਂ ਤੋਂ ਇਨ੍ਹਾਂ ਵਿਸ਼ਿਆਂ 'ਤੇ ਪੁਸਤਕਾਂ ਲਿਖਵਾਉਣੀਆਂ ਸ਼ੁਰੂ ਕੀਤੀਆਂ। ਪੰਡਤ ਸ਼ਰਧਾ ਰਾਮ ਫਲੌਰੀ ਦੀਆਂ 'ਸਿੱਖ ਰਾਜ ਦੀ ਵਿਥਿਆ 'ਤੇ 'ਪੰਜਾਬੀ ਬਾਤ-ਚੀਤ' ਇਸ ਖੇਤਰ ਵਿੱਚ ਦੋ ਪ੍ਰਸਿੱਧ ਰਚਨਾਵਾਂ ਹਨ। ਇਨ੍ਹਾਂ ਦੋਵਾਂ ਕਿਰਤਾਂ 'ਤੇ ਉਸ ਨੂੰ ਇਨਾਮ ਮਿਲੇ। ਪਹਿਲੀ 1869 ਈ. ਵਿੱਚ ਸਰ ਡਾਨਲਡ ਮੈਕਲੀਅਰਡ ਦੇ ਕਹਿਣ 'ਤੇ ਅਤੇ ਦੂਜੀ 1875 ਈ. ਵਿੱਚ ਇਕ ਅੰਗਰੇਜ਼ ਪਾਦਰੀ ਜਾਨ ਨਿਊਟਨ ਦੇ ਕਹਿਣ 'ਤੇ ਲਿਖੀ ਗਈ । ਪੰਡਤ ਸਰਧਾ ਰਾਮ ਫਲੌਰੀ ਦੀ ਵਾਰਤਕ ਵਿੱਚ ਨਵੀਂ ਤੇ ਪੁਰਾਣੀ ਦੋਵਾਂ ਕਿਸਮਾਂ ਦੀ ਵਾਰਤਕ ਦੇ ਅੰਸ਼ ਪਾਏ ਜਾਂਦੇ ਹਨ। ਲੜਕੀਆਂ ਦੀ ਮਿਡਲ ਤੱਕ ਦੀ ਪ੍ਰੀਖਿਆ ਨੂੰ ਮੁੱਖ ਰੱਖ ਕੇ ਬਿਹਾਰੀ ਲਾਲ ਪੁਰੀ ਨੇ 'ਪੰਜਾਬੀ ਵਿਆਕਰਣ' ਨਾਂ ਦੀ ਪੁਸਤਕ ਲਿਖੀ। ਉਸ ਦੀਆਂ ਹੋਰ ਪ੍ਰਸਿੱਧ ਪੰਜਾਬੀ ਕਿਰਤਾਂ ਹਨ, 'ਵਿੱਦਿਆ ਰਤਨਾਕਰ', 'ਚਰਿਤਾਵਲੀ ਅਨੇਕ ਦਰਸ਼ਨ', 'ਪਿੰਗਲ ਮੰਜਰੀ' ਆਦਿ। ਉਸ ਦੀ ਵਾਰਤਕ ਵਿੱਚ ਵੀ ਨਵੀਂ ਤੇ ਪੁਰਾਣੀ ਵਾਰਤਕ ਦਾ ਮਿਲਗੋਭਾ ਮਿਲਦਾ ਹੈ। ਉਸ ਨੇ ਪਹਿਲੀ ਵਾਰ ਲੇਖ ਲਿਖ ਕੇ ਪੰਜਾਬੀ ਸਾਹਿਤ ਵਿਚ ਇਕ ਨਵੀਂ ਪਿਰਤ ਤੋਰੀ। ਪੰਜਾਬੀ ਬੋਲੀ ਤੋਂ ਜਾਣੂ ਹੋਣ ਲਈ ਅੰਗਰੇਜ਼ਾਂ ਨੇ ਕੁਝ ਪੰਜਾਬੀ ਅੰਗਰੇਜ਼ੀ ਕੋਸ਼ ਤਿਆਰ ਕਰਵਾਏ। ਇਸ ਪ੍ਰਸੰਗ ਵਿੱਚ ਮਈਆਂ ਸਿੰਘ ਦਾ ਕੋਸ਼ ਜੋ 1894 ਈ. ਵਿਚ ਛਪਿਆ, ਇਕ ਸਿਰਕੱਢ ਉੱਦਮ ਹੈ। ਇਕ ਹੋਰ ਕੋਸ ਬਿਹਾਰੀ ਲਾਲ ਪੁਰੀ ਦੇ ਪੁੱਤਰ ਬਿਸ਼ਨ ਦਾਸ ਪੁਰੀ ਨੇ ਤਿਆਰ ਕੀਤਾ।

ਉਸ ਵੇਲੇ ਤੱਕ ਪੰਜਾਬੀ ਦੇ ਕਈ ਦੈਨਿਕ, ਸਪਤਾਹਿਕ ਤੇ ਮਾਸਿਕ ਪੱਤਰ ਜਾਰੀ ਹੋਣ ਲੱਗ ਪਏ ਸਨ। ਇਨ੍ਹਾਂ ਪੱਤਰਾਂ ਦੇ ਆਰੰਭ ਕਰਨ ਵਿੱਚ ਸਮਕਾਲੀ ਸਿੰਘ ਸਭਾਵਾਂ ਦਾ ਵਿਸ਼ੇਸ਼ ਹੱਥ ਸੀ। ਇਨ੍ਹਾਂ ਅਖ਼ਬਾਰਾਂ, ਰਸਾਲਿਆਂ ਵਿੱਚੋਂ ਭਾਈ ਮੋਹਨ ਸਿੰਘ ਵੈਦ ਸਿੰਘ ਸਭਾ ਲਹਿਰ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਉਹ ਭਾਈ ਵੀਰ ਸਿੰਘ ਦੇ ਪੂਰਨਿਆਂ 'ਤੇ ਤੁਰਿਆ। ਵੈਦ ਨੇ ਆਪਣੇ ਨਾਵਲਾਂ ਵਿੱਚ ਵਧੇਰੇ ਸਮਾਜਿਕ ਸਮੱਸਿਆਵਾਂ ਨੂੰ ਹੀ ਲਿਆ ਹੈ । ਸੁਧਾਰਕ ਰੰਗ ਉਸ ਦੇ ਨਾਵਲਾਂ ਦਾ ਇਕ ਹੋਰ ਅਨਿਖੜਵਾਂ ਅੰਗ ਹੈ। ਭਾਈ ਮੋਹਨ ਸਿੰਘ ਵੈਦ ਨੇ ਸੌ ਤੋਂ ਵੱਧ ਕਿਤਾਬਾਂ ਲਿਖੀਆਂ ਹਨ। 'ਇਕ ਸਿੱਖ ਘਰਾਣਾ', 'ਨਾਸਤਕ', 'ਸੁਭਾਗ ਨੂੰਹ', 'ਸੁਖਦੇਵ ਕੌਰ', 'ਵਕੀਲ ਦੀ ਕਿਸਮਤ', 'ਸੁਸ਼ੀਲ ਵਿਧਵਾ' ਆਦਿ ਉਸ ਦੀਆਂ ਕੁਝ ਕੁ ਪ੍ਰਸਿੱਧ ਰਚਨਾਵਾਂ, ਹਨ। ਚਰਨ ਸਿੰਘ ਸ਼ਹੀਦ ਦੀਆਂ 'ਸ਼ਾਮ ਸੁੰਦਰ' 'ਦਲੇਰ ਕੌਰ', 'ਰਣਜੀਤ ਕੌਰ', 'ਚੰਚਲ ਮੂਰਤੀ' 'ਦੋ ਵਹੁਟੀਆਂ' ਆਦਿ ਕਿਰਤਾਂ ਹਨ। ਉਸ ਦੇ ਇਹ ਨਾਵਲ ਸਮਾਜਿਕ ਧਾਰਮਿਕ ਤੇ ਇਤਿਹਾਸਕ ਹਨ ਜਿਨ੍ਹਾਂ ਵਿੱਚ ਕੇਵਲ ਸਿੱਖ ਧਰਮ ਦਾ ਪ੍ਰਚਾਰ ਤੇ ਸਮਾਜਿਕ ਸੁਧਾਰ ਹੈ। ਗਿਆਨੀ ਹਜ਼ਾਰਾ ਸਿੰਘ ਦਾ 'ਸ੍ਰੀ ਗੁਰੂ ਗ੍ਰੰਥ ਕੋਸ਼', ਇਸ ਸਮੇਂ ਦੀ ਇਕ ਹੋਰ ਮਹੱਤਵ ਪੂਰਨ ਰਚਨਾ ਹੈ। ਪ੍ਰੋ. ਪੂਰਨ ਸਿੰਘ ਵੀ ਭਾਈ ਵੀਰ ਸਿੰਘ ਤੋਂ ਕਾਫੀ ਪ੍ਰਭਾਵਿਤ ਹੋਇਆ। ਉਸ ਦਾ ਇੱਕ ਵਾਰਤਕ ਸੰਗ੍ਰਹਿ 'ਖੁੱਲ੍ਹੇ ਲੇਖ ਪੰਜਾਬੀ ਵਾਰਤਕ ਖੇਤਰ ਵਿੱਚ ਉੱਘਾ ਸਥਾਨ ਰੱਖਦਾ ਹੈ। ਇਸ ਸੰਗ੍ਰਹਿ ਵਿਚ ਉਸ ਨੇ ਵੱਖ-ਵੱਖ ਵਿਸ਼ਿਆਂ ਤੇ ਨਿਬੰਧ ਲਿਖ ਕੇ ਸ਼ਾਮਲ ਕੀਤੇ ਹਨ। ਧਨੀ ਰਾਮ ਚਾਤ੍ਰਿਕ ਸਤਾਰਾਂ ਸਾਲ ਦੀ ਉਮਰ ਵਿੱਚ ਅੰਮ੍ਰਿਤਸਰ ਆ ਗਿਆ ਸੀ ਤੇ ਵਜ਼ੀਰ ਹਿੰਦ ਪ੍ਰੈੱਸ ਰਾਹੀਂ ਉਸ ਦੀ ਭਾਈ ਵੀਰ ਸਿੰਘ ਨਾਲ ਨੇੜਤਾ ਪ੍ਰਾਪਤ ਹੋਈ । ਭਾਈ ਸਾਹਿਬ ਦੀ ਪ੍ਰੇਰਨਾ ਸਦਕਾ ਉਸ ਵਿਚਲਾ ਕਵੀ ਦਾ ਹਿਰਦਾ ਜਾਗ ਪਿਆ। ਉਹ 'ਖ਼ਾਲਸਾ ਸਮਾਚਾਰ' ਵਿੱਚ 'ਹਰੀਧਨ' ਨਾਂ ਹੇਠ ਕਵਿਤਾਵਾਂ ਛਪਵਾਉਂਦਾ ਰਿਹਾ ਹੈ। ਉਸ ਦੀਆਂ ਕਵਿਤਾਵਾਂ ਵਿੱਚ ਵਧੇਰੇ ਧਾਰਮਿਕ ਰੰਗ ਤੇ ਗੀਤ ਰਸ ਭਰਿਆ ਹੁੰਦਾ ਹੈ।

ਉਸ ਵੇਲੇ ਦੀਆਂ ਹੋਰ ਪ੍ਰਮੁੱਖ ਲਹਿਰਾਂ ਨਿਰੰਕਾਰੀ ਲਹਿਰ, ਨਾਮਧਾਰੀ ਲਹਿਰ, ਰਾਧਾ ਸਵਾਮੀ ਲਹਿਰ, ਬ੍ਰਹਮ ਸਮਾਜ, ਆਰੀਆ ਸਮਾਜ, ਈਸਾਈ ਮਿਸ਼ਨ ਆਦਿ ਨੇ ਪੰਜਾਬੀ ਸਾਹਿਤ ਤੇ ਸਿੱਧਾ ਅਸਰ ਤਾਂ ਨਹੀਂ ਪਾਇਆ ਪਰੰਤੂ ਇਨਾਂ ਲਹਿਰਾਂ ਸਦਕਾ ਲੋਕਾਂ ਦੇ ਵਿਚਾਰਾਂ 'ਤੇ ਸਾਹਿਤਕ ਝੁਕਾਵਾਂ 'ਤੇ ਢੇਰ ਪ੍ਰਭਾਵ ਪਿਆ। ਇਨ੍ਹਾਂ ਲਹਿਰਾਂ ਦੇ ਪ੍ਰਭਾਵ ਦੇ ਨਾਲ-ਨਾਲ ਅਸਲ ਰੂਪ ਵਿੱਚ ਆਧੁਨਿਕ ਪੰਜਾਬੀ ਸਾਹਿਤ ਨੂੰ ਜਨਮ ਦੇਣ ਵਾਲੀ 'ਸਿੰਘ ਸਭਾ ਲਹਿਰ ਹੀ ਕਹੀ ਜਾ ਸਕਦੀ ਹੈ। ਇਸ ਲਹਿਰ ਨੇ ਪੰਜਾਬੀ ਸਾਹਿਤ ਨੂੰ ਪੱਛਮੀ 'ਤੇ ਆਧੁਨਿਕਤਾ ਦੀ ਪਿਊਂਦ ਲਾ ਕੇ ਨਵੀਨ ਪੰਜਾਬੀ ਸਾਹਿਤ ਦਾ ਮੁੱਢ ਬੰਨ੍ਹਿਆ। ਨਵੀਨ ਪੰਜਾਬੀ ਸਾਹਿਤਕਾਰਾਂ ਵਿੱਚੋਂ ਭਾਈ ਵੀਰ ਸਿੰਘ, ਮੋਹਨ ਸਿੰਘ, ਚਰਨ ਸਿੰਘ ਆਦਿ ਉਤੇ ਇਸ ਲਹਿਰ ਦਾ ਅਸਰ ਪ੍ਰਤੱਖ ਦਿਸਦਾ ਹੈ। ਭਾਈ ਵੀਰ ਸਿੰਘ ਇਸ ਲਹਿਰ ਦੀ ਸਭ ਤੋਂ ਮਹੱਤਵਪੂਰਨ ਦੇਣ ਹੈ। ਭਾਈ ਸਾਹਿਬ ਨੇ ਆਪਣੀ ਵੀਹ ਸਾਲਾਂ ਦੀ ਆਯੂ (1892) ਵਿੱਚ ਸਿੰਘ ਸਭਾ ਲਹਿਰ ਦੀ ਅਗਵਾਈ ਸੰਭਾਲੀ ਤੇ ਸਿੱਖ ਧਰਮ ਦੇ ਪ੍ਰਚਾਰ ਲਈ ਆਪਣਾ ਸਾਰਾ ਜੀਵਨ ਲਾਇਆ। ਧਾਰਮਿਕ ਪ੍ਰਚਾਰ ਲਈ ਪੰਜਾਬੀ ਸਾਹਿਤ ਦੇ ਨਵੀਨ ਰੂਪਾਂ ਨੂੰ ਵਰਤੋਂ ਵਿੱਚ ਲਿਆਂਦਾ। ਇਸ ਤਰ੍ਹਾਂ ਉਹ ਧਾਰਮਿਕ ਪ੍ਰਚਾਰਕ ਦੇ ਨਾਲ-ਨਾਲ ਆਧੁਨਿਕ ਪੰਜਾਬੀ ਸਾਹਿਤ ਦੇ ਰੂਪਾਂ ਦੇ ਜਨਮਦਾਤਾ ਵੀ ਹਨ। ਉਨ੍ਹਾਂ ਦੀ ਪ੍ਰੇਰਨਾ ਦਾ ਸਮਾਂ ਇਹ ਦੱਸਿਆ ਜਾਂਦਾ ਹੈ ਕਿ ਸਕੂਲ ਵਿੱਚ ਪੜ੍ਹਦੇ ਸਮੇਂ ਉਨ੍ਹਾਂ ਨੇ ਇਕ ਵਾਰ ਕਿਸੇ ਕਿਤਾਬ ਵਿੱਚ ਕਿਸੇ ਵਿਦੇਸ਼ੀ ਲੇਖਕ ਦੀ ਇਹ ਰਾਇ ਠਹਣ ਸ਼ਕਿਹਸ ੳਰਣ ਡੳਸਟ ਦਸਿ-ੳਪਪਣੳਰਨਿਗ ਪੜ੍ਹੀ। ਉਸ ਦਿਨ ਤੋਂ ਹੀ ਉਨ੍ਹਾਂ ਨੇ ਸਿੱਖ ਧਰਮ ਦੀ ਅਗਵਾਈ ਕਰਨ ਅਤੇ ਧਰਮ ਨੂੰ ਵਧ ਰਹੀ ਗਿਰਾਵਟ ਤੋਂ ਬਚਾਉਣ ਦਾ ਨਿਸ਼ਚਾ ਕਰ ਲਿਆ ਸੀ। ਉਹ ਕੇਵਲ ਸਾਹਿਤ ਨਿਰਮਾਤਾ ਹੀ ਨਹੀਂ ਸਨ ਸਗੋਂ ਹੋਰ ਸਾਹਿਤਕਾਰਾਂ ਨੂੰ ਪ੍ਰੇਰਨਾ ਦੇ ਕੇ ਉਨ੍ਹਾਂ ਦੀ ਸਾਹਿਤ ਨਿਰਮਾਣ ਵਿੱਚ ਸਹਾਇਤਾ ਵੀ ਕਰਦੇ ਸਨ। ਭਾਈ ਵੀਰ ਸਿੰਘ ਨੇ ਆਪਣੀਆਂ ਰਚਨਾਵਾਂ ਵਿੱਚ ਵਧੇਰੇ ਆਦਰਸ਼ ਸਿੱਖੀ-ਜੀਵਨ, ਭਗਤੀ ਦਾ ਜਜ਼ਬਾ, ਆਦਰਸ਼ਾਂ ਲਈ ਤਾਂਘ, ਕੁਦਰਤ ਪਿਆਰ ਤੇ ਸੁਹਜ ਨੂੰ ਹੀ ਪ੍ਰਗਟਾਇਆ ਹੈ। ਉਨ੍ਹਾਂ ਨੇ ਚਾਰ ਨਾਵਲ ਸੁੰਦਰੀ, ਸਤਵੰਤ ਕੌਰ, ਬਿਜੈ ਸਿੰਘ, ਬਾਬਾ ਨੌਧ ਸਿੰਘ, ਤਿੰਨ ਗੁਰੂ ਸਾਹਿਬਾਨਾਂ ਦੀਆਂ ਜੀਵਨੀਆਂ ਸੰਬੰਧੀ ਧਾਰਮਿਕ ਗ੍ਰੰਥ-ਸ੍ਰੀ ਗੁਰੂ ਨਾਨਕ ਚਮਤਕਾਰ, ਸ੍ਰੀ ਅਸ਼ਟ ਗੁਰੂ ਚਮਤਕਾਰ, ਸ੍ਰੀ ਕਲਗੀਧਰ ਚਮਤਕਾਰ, ਇਕ ਮਹਾਂ ਕਾਵਿ-ਰਾਣਾ ਸੂਰਤ ਸਿੰਘ, ਇਕ ਕਾਵਿ ਨਾਟਕ-ਰਾਜਾ ਲਖਦਾਤਾ ਸਿੰਘ ਤੇ ਹੋਰ ਲਹਿਰਾਂ ਦੇ ਹਾਰ, ਬਿਜਲੀਆਂ ਦੇ ਹਾਰ, ਮਟਕ ਹੁਲਾਰੇ, ਮੇਰੇ ਸਾਈਆਂ ਜੀਓ ਆਦਿ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ ਹਨ। ਪੁਰਾਤਨ ਜਨਮ ਸਾਖੀ ਨੂੰ ਕਈ ਹੋਰ ਦੁਰਲੱਭ ਨੁਸਖਿਆਂ ਨਾਲ ਮੇਲ ਕੇ ਸੰਪਾਦਿਤ ਕਰਕੇ ਅਗਸਤ 1926 ਵਿੱਚ ਅੰਮ੍ਰਿਤਸਰ ਤੋਂ ਵਰਤਮਾਨ ਰੂਪ ਵਿਚ ਪ੍ਰਕਾਸ਼ਤ ਕੀਤਾ ਹੈ। 'ਸੰਤ ਗਾਥਾ' ਉਨ੍ਹਾਂ ਦੀ ਇਕ ਹੋਰ ਦੁਰਲੱਭ ਰਚਨਾ ਹੈ। ਸਿੱਖ ਧਰਮ ਲਈ ਪ੍ਰੇਮ ਤੇ ਉਤਸ਼ਾਹ ਪੈਦਾ ਕਰਨ ਵਿੱਚ ਭਾਈ ਵੀਰ ਸਿੰਘ ਨੇ ਸਾਹਿਤ ਰਾਹੀਂ ਉਹ ਅਸਰ ਪਾਇਆ ਜਿਹੜਾ ਹੋਰ ਕੋਈ ਵੀ ਪੰਜਾਬੀ ਲਿਖਾਰੀ ਜਾਂ ਕਵੀ ਨਹੀਂ ਪਾ ਸਕਿਆ।

('ਪੰਜਾਬੀ ਦੁਨੀਆਂ' ਜਨਵਰੀ 1973 ਤੋਂ ਧੰਨਵਾਦ ਸਹਿਤ)

-0-

## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ। 79733-70542 'ਤੇ ਵਟਸਐਪ ਕਰ ਸਕਦੇ ਹੋ।**

# ਸਿੱਖ ਕੰਨਿਆ ਮਹਾਂ ਵਿਦਿਆਲਾ ਫਿਰੋਜ਼ਪੁਰ ਦੇ ਬਾਨੀ ਬੀਬੀ ਹਰਨਾਮ ਕੌਰ

**-ਡਾ. ਪੂਰਨ ਸਿੰਘ ਵੈਨਕੂਵਰ**



ਇਸ ਤੱਥ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਸਿੰਘ ਸਭਾ ਲਹਿਰ ਨੇ ਖ਼ਾਲਸਾ ਪੰਥ ਦੀ ਮੌਲਿਕ ਅਤੇ ਵਿਲੱਖਣਤਾ ਬਾਰੇ ਭਟਕੀ ਹੋਈ ਸਿੱਖ ਕੌਮ ਨੂੰ ਸੁਚੇਤ ਕੀਤਾ। ਸਿੱਖ ਵਿਰੋਧੀ ਤਾਕਤਾਂ ਨੇ ਹਮੇਸ਼ਾਂ ਹੀ ਸਿੱਖ ਕੌਮ ਦੀ ਵਿਲੱਖਣਤਾ ਅਤੇ ਅੱਡਰੀ ਪਛਾਣ ਨੂੰ ਅਸਵੀਕਾਰ ਕੀਤਾ। ਅਠਾਰਵੀਂ ਸਦੀ ਦੀ ਆਰੀਆ ਸਮਾਜ ਲਹਿਰ ਅਤੇ ਈਸਾਈ ਮਤ ਦੇ ਮਾਰੂ ਪ੍ਰਭਾਵ ਤੋਂ ਸੁਰੱਖਿਅਤ ਰਹਿਣ ਲਈ ਸਿੰਘ ਸਭਾ ਲਹਿਰ ਨੇ ਮੁੱਖ ਭੂਮਿਕਾ ਨਿਭਾਈ। ਸਿੰਘ ਸਭਾ ਦੇ ਵਿਦਵਾਨਾਂ ਨੇ ਵਿਰੋਧੀ ਲਹਿਰ ਦੇ ਸੰਚਾਲਕਾਂ ਨਾਲ ਸੰਵਾਦ ਰਚਾਏ ਅਤੇ ਸਿੱਖ ਧਰਮ ਦੇ ਸੁਤੰਤਰ ਵਜੂਦ ਅਤੇ ਮੌਲਿਕ ਰੂਪ ਦੀ ਪਛਾਣ ਲਈ ਸਾਹਿਤ ਰਚਨਾ ਕੀਤੀ। ਗੁਰਮਤਿ ਅੰਦਰ ਸਿੱਖ ਗੁਰੂਆਂ ਦੀ ਪਛਾਣ ਲਈ ਸਾਹਿਤ ਰਚਨਾ ਕੀਤੀ। ਗੁਰਮਤਿ ਅੰਦਰ ਸਿੱਖ ਗੁਰੂਆਂ ਨੇ ਇਸਤਰੀ ਦੀ ਮਹਾਨਤਾ ਨੂੰ ਉਜਾਗਰ ਕੀਤਾ। ਉਹਨਾਂ ਨੇ ਉਚ-ਨੀਚ, ਜਾਤ-ਪਾਤ ਦਾ ਖੰਡਣ ਕੀਤਾ ਅਤੇ ਇਸ ਦੇ ਨਾਲ ਹੀ ਲਿੰਗ ਦੇ ਆਧਾਰ 'ਤੇ ਵਿਤਕਰੇ ਨੂੰ ਵੀ ਅਸਵੀਕਾਰ ਕੀਤਾ। ਭਾਰਤੀ ਸਮਾਜ ਅੰਦਰ ਇਸਤਰੀ ਜਾਤੀ ਦਾ ਤ੍ਰਿਸਕਾਰ ਆਮ ਹੀ ਹੁੰਦਾ ਸੀ ਅਤੇ ਕੁੜੀਆਂ ਨੂੰ ਜੰਮਣ ਵੇਲੇ ਹੀ ਮਾਰ ਦਿੱਤਾ ਜਾਂਦਾ ਸੀ।

ਸਿੱਖ ਗੁਰੂਆਂ ਨੇ ਜਿੱਥੇ ਇਸਤਰੀ ਜਾਤੀ ਲਈ ਬਰਾਬਰਤਾ ਦੇ ਅਧਿਕਾਰ ਲਈ ਆਵਾਜ਼ ਬੁਲੰਦ ਕੀਤੀ, ਉੱਥੇ ਉਸ ਕਾਲ ਅੰਦਰ ਸਤੀ ਦੀ ਭੈੜੀ ਰਸਮ ਨੂੰ ਖ਼ਤਮ ਕਰਨ ਲਈ ਪ੍ਰਚਾਰ ਕੀਤਾ। ਸਿੰਘ ਸਭਾ ਦੇ ਉਸਰਈਆਂ ਨੇ ਇਸਤਰੀ ਵਿੱਦਿਆ ਦਾ ਪ੍ਰਚਾਰ ਕੀਤਾ। ਵਿਸ਼ੇਸ਼ ਕਰਕੇ ਸਿੰਘ ਸਭਾ ਲਹਿਰ ਦੇ ਮੋਢੀਆਂ ਵਿਚੋਂ ਪ੍ਰਸਿੱਧ ਵਿਦਵਾਨ ਗਿਆਨੀ ਦਿੱਤ ਸਿੰਘ ਜੀ ਹਮੇਸ਼ਾਂ ਹੀ ਆਪਣੇ ਵਿਦਿਆਰਥੀਆਂ ਨੂੰ ਪ੍ਰੇਰਦੇ ਸਨ ਕਿ ਉਹ ਇਸਤਰੀ ਵਿੱਦਿਆ ਲਈ ਜ਼ਰੂਰ ਉਪਰਾਲੇ ਕਰਨ, ਤਾਂ ਜੋ ਸਿੱਖ ਕੌਮ ਦੀਆਂ ਬੀਬੀਆਂ ਪੜ੍ਹ ਲਿਖ ਕੇ ਸਿੱਖ ਕੌਮ ਦੀ ਤਰੱਕੀ ਲਈ ਯੋਗਦਾਨ ਪਾਉਣ ਲਈ ਸਮਰੱਥ ਹੋਣ।

ਪੰਜਾਬ ਅੰਦਰ ਸਭ ਤੋਂ ਪਹਿਲਾਂ ਈਸਾਈ ਮਿਸ਼ਨਰੀਆਂ ਨੇ ਇਸਤਰੀ ਵਿੱਦਿਆ ਲਈ ਸਕੂਲ ਆਰੰਭ ਕੀਤੇ, ਜਿਵੇਂ ਅੰਮ੍ਰਿਤਸਰ ਵਿਖੇ 1878 ਵਿਚ ਅਲੈਗਜ਼ੈਂਡਰ ਸਕੂਲ (ਲੜਕੀਆਂ) ਲਈ ਸ਼ੁਰੂ ਹੋਇਆ। ਸਿੱਖ ਕੌਮ ਵਲੋਂ ਫ਼ਿਰੋਜ਼ਪੁਰ ਵਿਖੇ 1882 ਵਿਚ ਸਿੱਖ ਕੰਨਿਆ ਮਹਾਂਵਿਦਿਆਲਾ ਦਾ ਅਰੰਭ ਹੋਣਾ ਇਕ ਬਹੁਤ ਸ਼ਲਾਘਾਯੋਗ ਉਪਰਾਲਾ ਸੀ। ਇਹ ਮਹਾਨ ਕਾਰਜ ਬੀਬੀ ਹਰਨਾਮ ਕੌਰ ਅਤੇ ਇਹਨਾਂ ਦੇ ਪਤੀ ਜ਼ਿੰਦਾ ਸ਼ਹੀਦ ਭਾਈ ਤਖ਼ਤ ਸਿੰਘ ਜੀ ਵੱਲੋਂ ਕੀਤਾ ਗਿਆ।

ਸਿੱਖ ਇਤਿਹਾਸ ਦੀ ਮਹਾਨ ਨਾਇਕਾ ਬੀਬੀ ਹਰਨਾਮ ਕੌਰ ਦਾ ਜਨਮ 10 ਅਪ੍ਰੈਲ 1882 ਨੂੰ ਮਾਤਾ ਰਾਮ ਦੇਈ ਦੀ ਕੁੱਖ ਤੋਂ ਹੋਇਆ। ਇਨ੍ਹਾਂ ਦੇ ਪਿਤਾ ਜੀ ਉਦਾਸੀ ਭਗਵਾਨ ਦਾਸ ਜੀ, ਜਿਨ੍ਹਾਂ ਦਾ ਜ਼ੱਦੀ ਪਿੰਡ, ਚੰਦ ਪੁਰਾਣਾ ਜ਼ਿਲ੍ਹਾ ਮੋਗਾ ਸੀ। ਬੀਬੀ ਹਰਨਾਮ ਕੌਰ ਦਾ ਮੁਢਲਾ ਨਾਮ ਜਿਉਣੀ ਸੀ ਅਤੇ ਇਨ੍ਹਾਂ ਨੇ ਅਨੰਦ ਕਾਰਜ ਸਮੇਂ ਖੰਡੇ ਦੀ ਪਾਹੁਲ ਲਈ, ਉਸ ਸਮੇਂ ਨਵਾਂ ਨਾਮਕਰਣ ਹੋਇਆ ਅਤੇ ਹਰਨਾਮ ਕੌਰ ਨਾਮ ਰੱਖਿਆ ਗਿਆ। ਬੀਬੀ ਹਰਨਾਮ ਕੌਰ ਮਸਾਂ ਹੀ ਤਿੰਨ ਚਾਰ ਸਾਲ ਦੇ ਸਨ, ਪਰ ਇਨ੍ਹਾਂ ਦੇ ਵਿਲੱਖਣ ਸੁਭਾਅ ਅਤੇ ਸ਼ਾਂਤ ਰਹਿਣ ਵਾਲੀ ਬਿਰਤੀ ਤੋਂ ਸਭ ਹੈਰਾਨ ਸਨ। ਜਦੋਂ ਬੀਬੀ ਜੀ ਪੰਜ ਵਰ੍ਹੇ ਦੇ ਹੋਏ ਤਾਂ ਇਨ੍ਹਾਂ ਦੇ ਪਿਤਾ ਜੀ ਨੇ ਗੁਰਮੁਖੀ ਪੜ੍ਹਾਉਣੀ ਸ਼ੁਰੂ ਕੀਤੀ।

ਬੀਬੀ ਹਰਨਾਮ ਕੌਰ ਜੀ ਦੀ ਬੁੱਧੀ ਕਮਾਲ ਦੀ ਸੀ ਕਿ ਜੇਕਰ ਇਕ ਵਾਰ ਪੜ੍ਹ ਲਿਆ ਤਾਂ ਕੰਠ ਕਰ ਲੈਂਦੀ ਸੀ ਅਤੇ ਕਦੇ ਭੁਲਦੀ ਨਹੀਂ ਸੀ। ਅਜੋਕੇ ਮਾਪਦੰਡ ਅਨੁਸਾਰ ਇਨ੍ਹਾਂ ਨੇ ਆਪਣੇ ਘਰ ਵਿਚ ਹੀ ਪੰਜ ਗ੍ਰੰਥੀ ਦਾ ਪਾਠ ਸਿੱਖਣਾ ਸ਼ੁਰੂ ਕੀਤਾ। ਪਾਠ ਸਿੱਖਣ ਉਪਰੰਤ ਆਪ ਜੀ ਨੂੰ ਆਪਣੀ ਮਾਤਾ ਜੀ ਨਾਲ ਇਤਿਹਾਸਕ ਗੁਰਧਾਮਾਂ ਦੀ ਯਾਤਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ, ਇਸ ਨਾਲ ਇਨ੍ਹਾਂ ਦੇ ਗਿਆਨ ਵਿਚ ਵਾਧਾ ਹੋਇਆ। ਪਰਿਵਾਰ ਵਲੋਂ ਬੀਬੀ ਜੀ ਨੂੰ ਪਿੰਡ ਦੋਉਧਰ (ਮੋਗਾ) ਦੀ ਟਕਸਾਲ ਵਿਚ ਭੇਜ ਦਿੱਤਾ ਗਿਆ, ਜਿੱਥੇ ਇਨ੍ਹਾਂ ਨੇ ਗੁਰਮਤਿ ਅਤੇ ਸੰਗੀਤ ਦੀ ਵਿੱਦਿਆ ਹਾਸਲ ਕੀਤੀ। ਇੱਥੇ ਹੀ ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਿਆ। ਵਿੱਦਿਆ ਹਾਸਲ ਕਰਨੀ ਸੌਖੀ ਨਹੀਂ ਸੀ ਕਿਉਂਕਿ ਡੇਰੇਦਾਰ ਭਾਈ ਦੁੱਲਾ ਸਿੰਘ ਬੀਬੀ ਜੀ ਨੂੰ ਪਿੰਡ ਵਿੱਚ ਗਜਾ ਕਰਨ ਲਈ ਭੇਜ ਦਿੰਦੇ ਸਨ। ਪਰ ਛੋਟੀ ਉਮਰ ਵਿਚ ਸੇਵਾ ਕਰਨ ਲਈ ਬੀਬੀ ਜੀ ਨੇ ਸੇਵਾ ਲਈ ਉਤਸ਼ਾਹ ਦਿਖਾਇਆ।

ਇਸ ਪਿੱਛੋਂ ਪਰਿਵਾਰ ਨੇ ਬੀਬੀ ਜੀ ਨੂੰ ਵਾਪਸ ਲੈ ਜਾ ਕੇ ਫ਼ਿਰੋਜ਼ਪੁਰ ਦੇ ਆਰੀਆ ਪਾਠਸ਼ਾਲਾ ਵਿਚ ਦਾਖਲ ਕਰ ਦਿੱਤਾ, ਪਰ ਉੱਥੇ ਪੰਜਾਬੀ (ਗੁਰਮੁਖੀ) ਦੀ ਪੜ੍ਹਾਈ ਨਹੀਂ ਕਰਾਈ ਜਾਂਦੀ ਸੀ, ਇਸ ਕਰਕੇ ਜਿਉਣੀ (ਹਰਨਾਮ ਕੌਰ ਜੀ) ਨੂੰ ਉੱਥੋਂ ਹਟਾ ਲਿਆ ਗਿਆ। ਬੀਬੀ ਜੀ ਨੇ ਦੇਵਨਾਗਰੀ ਲਿੱਪੀ ਵੀ ਸਿੱਖ ਲਈ ਸੀ। ਇੱਕ ਮਹੀਨੇ ਤੋਂ ਬਾਅਦ ਸਿੰਘ ਸਭਾ ਵਾਲਿਆਂ ਨੇ ਕੰਨ੍ਹਿਆ ਪਾਠਸ਼ਾਲਾ ਖੋਲ੍ਹ ਦਿੱਤੀ ਅਤੇ ਉਸ ਸਕੂਲ ਵਿਚ



ਜਿਉਣੀ (ਹਰਨਾਮ ਕੌਰ) ਜੀ ਨੂੰ ਅਧਿਆਪਕ ਨਿਯੁਕਤ ਕਰ ਲਿਆ ਗਿਆ। ਇਸ ਬਾਰੇ ਪਹਿਲਾਂ ਉਲੇਖ ਕਰ ਚੁੱਕੇ ਹਾਂ ਕਿ ਬੀਬੀ ਜੀ ਕੁਦਰਤੀ ਤੀਖਣ ਬੁੱਧੀ ਦੇ ਮਾਲਕ ਸਨ, ਜਿਸ ਕਰਕੇ ਉਹ ਬਹੁਤ ਛੇਤੀ ਗਿਆਨ ਪ੍ਰਾਪਤ ਕਰ ਲੈਂਦੇ ਸਨ। ਇਹੀ ਕਾਰਨ ਹੈ ਕਿ ਸਾਢੇ ਦਸ ਸਾਲ ਦੀ ਉਮਰ ਵਿਚ ਅਧਿਆਪਨ ਕਿੱਤੇ ਵਿਚ ਯੋਗਤਾ ਰੱਖਦੇ ਸਨ। ਦੂਜੇ ਪਾਸੇ, ਕੁਝ ਲੋਕ ਸ਼ੱਕ ਵੀ ਕਰਦੇ ਸਨ ਕਿ ਖ਼ੁਦ ਇਕ ਬਾਲੜੀ, ਦੂਸਰੀਆਂ ਬਾਲੜੀਆਂ ਨੂੰ ਕਿਵੇਂ ਪੜ੍ਹਾਉਣ ਦੇ ਸਮਰੱਥ ਹੋ ਸਕਦੀ ਹੈ?

ਜਿੱਥੇ ਤਕ ਇਨ੍ਹਾਂ ਦੇ ਭਾਈ ਤਖ਼ਤ ਸਿੰਘ ਜੀ ਨਾਲ ਸੰਯੋਗ ਦੀ ਗੱਲ ਹੈ, ਇਹ ਫੈਸਲਾ ਜਾਂ ਸੋਚ, ਸਿੰਘ ਸਭਾ ਦੇ ਮੈਂਬਰਾਂ ਨੂੰ ਫੁਰੀ। ਉਹ ਚਾਹੁੰਦੇ ਸਨ ਕਿ ਬਹੁਤ ਚੰਗਾ ਹੋਵੇਗਾ, ਜੇਕਰ ਜਿਉਣੀ (ਹਰਨਾਮ ਕੌਰ) ਦਾ ਅਨੰਦ ਕਾਰਜ ਭਾਈ ਤਖ਼ਤ ਸਿੰਘ ਨਾਲ ਹੋ ਜਾਵੇ। ਦੋਨਾਂ ਪਾਸਿਓਂ ਪਰਿਵਾਰਾਂ ਦੀ ਸਹਿਮਤੀ ਹੋਈ ਅਤੇ ਅਨੰਦ ਕਾਰਜ ਹੋ ਗਏ ਅਤੇ ਇਸ ਜੋੜੀ ਦੇ ਸਿਦਕ ਯੋਗਤਾ ਅਤੇ ਪੰਥ ਸੇਵਾ ਦੀ ਭਾਵਨਾ ਸਦਕਾ, ਕੰਨਿਆ ਪਾਠਸ਼ਾਲਾ ਦੀ ਤਰੱਕੀ ਹੋਈ। ਲੋਕਾਂ ਵੱਲੋਂ ਆਪਣੀਆਂ ਬੱਚੀਆਂ ਨੂੰ ਪੜ੍ਹਾਈ ਲਈ ਭੇਜਣਾ ਨਿਰੰਤਰ ਵਾਧਾ ਹੋਇਆ। ਜਿਵੇਂ ਉੱਪਰ ਦੱਸਿਆ ਗਿਆ ਕਿ ਕੁਝ ਲੋਕਾਂ ਨੇ ਬੀਬੀ ਹਰਨਾਮ ਕੌਰ ਦੀ ਯੋਗਤਾ ਉੱਤੇ ਕਿੰਤੂ ਕੀਤਾ। ਲੋਕਾਂ ਦੇ ਸ਼ੱਕ ਨੂੰ ਦੂਰ ਕਰਨ ਲਈ, ਇਕ ਵਿਦਵਾਨਾਂ ਦੀ ਟੀਮ ਬਣਾਈ ਗਈ ਅਤੇ ਉਨ੍ਹਾਂ ਨੇ ਬੀਬੀ ਜੀ ਦੀ ਯੋਗਤਾ ਦੀ ਪਰਖ ਕੀਤੀ। ਬੀਬੀ ਜੀ ਨੇ ਉਨ੍ਹਾਂ ਵੱਲੋਂ ਪੁੱਛੇ ਗਏ ਪ੍ਰਸ਼ਨਾਂ ਦਾ ਉੱਤਰ ਦੇ ਕੇ ਸੰਤੁਸ਼ਟ ਕਰ ਦਿੱਤਾ। ਇਹ ਹੈਰਾਨੀ ਹੋਣੀ ਕੁਦਰਤੀ ਸੀ ਕਿ 10-12 ਸਾਲ ਦੀ ਉਮਰ ਵਿਚ ਹੀ ਬੀਬੀ ਜੀ ਅਧਿਆਪਕ ਦੀ ਯੋਗਤਾ ਰੱਖਦੇ ਸਨ।

ਜਿੱਥੇ ਬੀਬੀ ਹਰਨਾਮ ਕੌਰ ਜੀ ਬਤੌਰ ਅਧਿਆਪਕਾ ਪੂਰੀ ਤਨਦੇਹੀ ਨਾਲ ਸੇਵਾ ਕਰਦੇ, ਉੱਥੇ ਉਨ੍ਹਾਂ ਦੀ ਦਿਲੀ ਖ਼ਾਹਿਸ਼ ਸੀ ਕਿ ਪੰਥ ਦੀਆਂ ਸਮੂਹ ਸਿੱਖ ਬੀਬੀਆਂ ਨੂੰ ਗੁਰਮਤਿ ਅਤੇ ਸਦਾਚਾਰਕ ਵਿੱਦਿਆ ਵੀ ਪ੍ਰਦਾਨ ਕੀਤੀ ਜਾਵੇ। ਇਸ ਮਨੋਰਥ ਦੀ ਪੂਰਤੀ ਲਈ, ਉਹ ਇਸਤਰੀ ਸਿੱਖਿਆ ਲਈ ਇਕ ਵਿਸ਼ੇਸ਼ ਮੈਗਜ਼ੀਨ ਸ਼ੁਰੂ ਕਰਨਾ ਚਾਹੁੰਦੇ ਸਨ। ਇਹ ਉਨ੍ਹਾਂ ਦਾ ਸੁਪਨਾ, ਉਨ੍ਹਾਂ ਦੀ ਮੌਤ ਤੋਂ ਬਾਅਦ 1907 ਵਿਚ ਸਾਕਾਰ ਹੋਇਆ ਅਤੇ ਮੈਗਜ਼ੀਨ ''ਪੰਜਾਬੀ ਭੈਣ'' ਪੰਜ ਸਾਲ ਛਪਦਾ ਰਿਹਾ।

ਜਦੋਂ ਬੀਬੀਆਂ ਲਈ ਬੋਰਡਿੰਗਜ਼ ਦੀ ਸਹੂਲਤ ਬਣੀ ਤਾਂ ਦੇਸ਼ ਦੇ ਵੱਖ-ਵੱਖ ਭਾਗਾਂ ਵਿਚੋਂ ਲੜਕੀਆਂ ਦਾਖ਼ਲ ਹੋਣ ਲੱਗੀਆਂ। ਸਮੂਹ ਪੰਥ ਵੱਲੋਂ ਇਸ ਸਕੂਲ ਦੀ ਸਫ਼ਲਤਾ ਲਈ ਵੱਧ-ਚੜ੍ਹ ਕੇ ਹਿੱਸਾ ਪਾਇਆ ਗਿਆ। ਕੁਝ ਮੰਨੇ-ਪ੍ਰਮੰਨੇ ਵਿਅਕਤੀਆਂ, ਜਿਵੇਂ ਭਾਈ ਕਾਨ੍ਹ ਸਿੰਘ ਨਾਭਾ ਅਤੇ ਮਹਾਰਾਜਾ ਹੀਰਾ ਸਿੰਘ ਨਾਭਾ ਹੋਰਾਂ ਨੇ ਬਹੁਤ ਯੋਗਦਾਨ ਪਾਇਆ।

ਬੀਬੀ ਜੀ ਹਰਨਾਮ ਕੌਰ ਜਿੱਥੇ ਗੁਰਮਤਿ ਸਿੱਖਿਆ ਅਤੇ ਅਧਿਆਪਕਾਂ ਦੇ ਕਿੱਤੇ ਵਿਚ ਪਰਬੀਨ ਸਨ, ਉੱਥੇ ਹੀ ਉਹ ਸਿੱਖੀ ਦੀ ਰਹਿਣੀ-ਬਹਿਣੀ ਵਿਚ ਪਰਪੱਕ ਸਨ। ਉਹ ਨਿਮਰਤਾ ਦੇ ਪੁੰਜ ਸਨ, ਉਨ੍ਹਾਂ ਅੰਦਰ ਦਿਆਲੂਪਣਾ ਅਤੇ ਪੰਥ ਲਈ ਸੁੱਚਾ ਦਰਦ ਸੀ। ਇਕ ਵਾਰ ਬੋਰਡਿੰਗ ਵਿਚ ਰਹਿਣ ਵਾਲੀ ਵਿਦਿਆਰਥਣ ਰੁੱਸ ਗਈ ਅਤੇ ਖਾਣ-ਪੀਣ ਤੋਂ ਨਾਂਹ ਕਰ ਦਿੱਤੀ ਅਤੇ ਸਿੱਖ ਵਿਦਿਆਰਥਣਾਂ ਨੇ ਪੈਰੀਂ ਪੈ-ਪੈ ਕੇ ਉਸ ਸਾਥੀ ਵਿਦਿਆਰਥਣ ਦੇ ਰੋਸੇ ਨੂੰ ਦੂਰ ਕਰਨ ਦਾ ਯਤਨ ਕੀਤਾ ਪਰ ਅਸਫਲ ਰਹੀਆਂ। ਅਖੀਰ ਬੀਬੀ ਜੀ ਨੇ ਖੁਦ ਆਪਣਾ ਸਿਰ ਬੱਚੀ ਦੇ ਪੈਰਾਂ ਵਿੱਚ ਰੱਖ ਮੁਆਫੀ ਮੰਗੀ, ਤਾਂ ਜਾ ਕੇ ਬਾਲੜੀ ਨੇ ਰੋਟੀ ਖਾਧੀ।

ਉਨ੍ਹਾਂ ਨੇ ਸਕੂਲ ਵਿਚ ਪੜ੍ਹਾਉਣ ਅਤੇ ਲੰਗਰ ਵਿਚ ਸੇਵਾ ਕਰਨ ਸਮੇਂ ਕਦੀ ਸ਼ਿਕਾਇਤ ਨਹੀਂ ਕੀਤੀ ਅਤੇ ਹਰ ਕੰਮ ਖੁਸ਼ੀ-ਖੁਸ਼ੀ ਕਰਦੇ ਅਤੇ ਕਈ ਵਾਰ ਲੰਗਰ ਵੀ ਕੋਲ ਖੜ੍ਹ ਕੇ ਤਿਆਰ ਕਰਵਾਉਂਦੇ। ਸ਼ਾਮ ਨੂੰ ਕੀਰਤਨ ਵੀ ਸਿਖਾਉਂਦੇ, ਕਢਾਈ ਆਦਿ ਦੀ ਸਿਖਲਾਈ ਵੀ ਦਿੰਦੇ ਸਨ। ਇਸ ਕਰਕੇ ਵਿਦਿਆਰਥਣਾਂ ਹਮੇਸ਼ਾ ਹੀ ਬੀਬੀ ਜੀ ਦੇ ਸੰਗ ਰਹਿ ਕੇ ਖੁਸ਼ ਰਹਿੰਦੀਆਂ ਸਨ। ਕਈ ਵਾਰ ਬੱਚੀਆਂ ਛੁੱਟੀਆਂ ਵਿਚ ਵੀ ਆਪਣੇ ਘਰਾਂ ਨੂੰ ਜਾਣ ਦੀ ਥਾਂ ਬੋਰਡਿੰਗ ਵਿਚ ਹੀ ਰਹਿਣਾ ਪਸੰਦ ਕਰਦੀਆਂ ਸਨ। ਇਕ ਵਾਰ ਇਕ 3 ਮਹੀਨੇ ਦੀ ਬੱਚੀ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਲੈ ਕੇ ਖੁਸ਼ੀ ਮਹਿਸੂਸ ਕੀਤੀ। ਉਨ੍ਹਾਂ ਦਾ ਆਪਣਾ ਲੜਕਾ ਪ੍ਰੀਤਮ ਸਿੰਘ ਬੀਬੀ ਜੀ ਦੇ ਕੁੱਛੜ ਸੀ, ਪਰ ਬੀਬੀ ਜੀ ਨੇ ਆਪਣਾ ਦੁੱਧ ਆਪਣੇ ਬੇਟੇ ਦੀ ਥਾਂ ਉਸ ਬੱਚੀ ਨੂੰ ਦੇਣਾ ਸ਼ੁਰੂ ਕੀਤਾ ਅਤੇ ਪ੍ਰੀਤਮ ਸਿੰਘ ਲਈ ਮਾਂ ਦੇ ਦੁੱਧ ਦੀ ਥਾਂ ਬਾਜ਼ਾਰ ਤੋਂ ਦੁੱਧ ਮੰਗਾਉਣ ਲੱਗੇ। ਕਿਸੇ ਸ਼ਰਧਾਲੂ ਨੇ ਉਨ੍ਹਾਂ ਦੇ ਬੇਟੇ ਲਈ ਫ਼ਲਾਲੈਣ ਦਾ ਕੱਪੜਾ ਦਿੱਤਾ ਤਾਂ ਜੋ ਸਰਦੀਆਂ ਲਈ ਠੀਕ ਰਹਿਣ। ਬੀਬੀ ਜੀ ਨੇ ਉਹੀ ਕੱਪੜਾ ਬਠਿੰਡੇ ਤੋਂ ਇਕ ਯਤੀਮ ਬੱਚੀ ਪ੍ਰਤਾਪ ਕੌਰ ਦੇ ਕੱਪੜੇ ਸਿਲਾਉਣ ਲਈ ਦੇ ਦਿੱਤਾ। ਅਜਿਹੇ ਜਿਗਰੇ ਵਾਲੇ ਵਿਰਲੇ ਹੀ ਹੁੰਦੇ ਹਨ।

ਬੀਬੀ ਹਰਨਾਮ ਕੌਰ ਨੇ ਹਮੇਸ਼ਾ ਹੱਥੀਂ ਸੇਵਾ ਕਰਕੇ ਖੁਸ਼ੀ ਮਹਿਸੂਸ ਕੀਤੀ। ਆਪਣੇ ਪਤੀ ਦੀ ਸੇਵਾ ਕਰਨ ਤੋਂ ਕੁਤਾਹੀ ਨਹੀਂ ਕੀਤੀ, ਸਗੋਂ ਜਿੰਨਾ ਚਿਰ ਭਾਈ ਤਖ਼ਤ ਸਿੰਘ ਕੰਮ ਕਾਰ ਕਰ ਕੇ ਘਰ ਨਹੀਂ ਆਉਂਦੇ ਸਨ ਓਨਾ ਚਿਰ ਆਪ ਰੋਟੀ ਵੀ ਨਹੀਂ ਖਾਂਦੇ ਸਨ। ਭਾਵੇਂ ਉਨ੍ਹਾਂ ਨੇ ਅਨੇਕਾਂ ਵਾਰ ਬੇਨਤੀ ਕੀਤੀ ਕਿ ਆਪ ਪ੍ਰਸ਼ਾਦਾ ਛਕ ਲਿਆ ਕਰਨ, ਪਰ ਬੀਬੀ ਜੀ ਨੇ ਪ੍ਰਣ ਕੀਤਾ ਸੀ ਕਿ ਪਤੀ ਤੋਂ ਪਹਿਲਾਂ ਕਦੀ ਪ੍ਰਸ਼ਾਦਾ ਨਹੀਂ ਛਕਣਾ। ਰਾਤ ਵੇਲੇ ਉਹ ਗਰਮ ਪਾਣੀ ਕਰਕੇ ਬੋਰਡਿੰਗ ਵਿਚ ਰਹਿਣ ਵਾਲੀਆਂ ਵਿਦਿਆਰਥਣਾਂ ਦੇ ਆਪਣੇ ਹੱਥੀਂ ਹੱਥ-ਪੈਰ ਧੋਂਦੇ। ਇਹ ਵੀ ਅਤਿਕਥਨੀ ਨਹੀਂ, ਜੇਕਰ ਅਸੀਂ ਉਨ੍ਹਾਂ ਨੂੰ ਸੇਵਾ ਦੀ ਪਰਉਪਕਾਰੀ ਅਸਲ ਧਰਮ-ਮੂਰਤ ਆਖੀਏ। ਇਹ ਮਹਾਨ ਸਰਬ-ਪੱਖੀ ਸਖ਼ਸ਼ੀਅਤ ਨੇ 24 ਕੁ ਸਾਲ ਦੀ ਆਯੂ ਭੋਗ ਅਕਤੂਬਰ 1906 ਨੂੰ ਅਕਾਲ ਚਲਾਣਾ ਕੀਤਾ। ਅਜਿਹੀਆਂ ਰੂਹਾਂ ਸੰਸਾਰ ਅੰਦਰ ਵਿਰਲੀਆਂ ਹੀ ਹੁੰਦੀਆਂ ਹਨ:

**ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥ (495)**

ਡਾ. ਪੂਰਨ ਸਿੰਘ: ਉਹਨਾਂ ਦਾ ਪਿੰਡ ਗੁਰੂ ਸਰ ਸੁਧਾਰ (ਜ਼ਿਲਾ ਲੁਧਿਆਣਾ) ਹੈ ਪਰ ਉਹਨਾਂ ਦਾ ਜਨਮ 18 ਅਗਸਤ 1947 ਨੂੰ ਸੁਮਾਟਰਾ ਇੰਡੋਨੇਸੀਆਂ ਵਿੱਚ ਹੋਇਆ ਸੀ। ਉਹਨਾਂ ਨੇ ਐਮ.ਏ ਹਿਸਟਰੀ, ਪੋਲ. ਸਾਇੰਸ, ਬੈਚੂਲਰ ਆਫ ਲਾਇਬਰੇਰੀ ਸਾਇੰਸ, ਡਿਪਲੋਮਾ ਇਨ ਰਿਲੀਜਸ ਸਟੱਡੀਜ ਤੇ ਹਿਸਟਰੀ ਦੀ ਪੀ.ਐਚ.ਡੀ ਕੀਤੀ ਹੈ। ਉਹਨਾਂ ਪੰਜਾਬ ਦੇ ਕਾਲਜਾਂ ਵਿਚ ਪੜ੍ਹਾਇਆ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿਚ ਲਾਇਬਰੇਰੀਅਨ ਰਹੇ ਹਨ। ਜਿਥੋਂ ਉਹ 2003 ਵਿੱਚ ਸੇਵਾ ਮੁਕਤ ਹੋਏ ਹਨ। ਉਹ 'ਸਿੱਖ ਵਿਰਸਾ' ਤੇ 'ਦਾ ਵੈਸਟਰਨ ਸਿੱਖ ਸਮਾਚਾਰ' ਦੇ ਸੰਪਾਦਕ ਹਨ। ਉਹਨਾਂ ਨੇ 'ਕਾਮਾਗਾਟਾ ਮਾਰੂ ਦਾ ਦੁਖਾਂਤ', 'ਕਿਵ ਸਚਿਆਰਾ ਹੋਏ', 'ਸਿੱਖ ਦਰਸ਼ਨ ਦੀ ਵਿਲੱਖਣਤਾ', 'ਧਾਰਮਿਕ ਸੰਸਕਾਰਾਂ ਨਾਲ ਜੁੜੇ ਵਹਿਮ ਤੇ ਭਰਮ', 'ਸਿੱਖ ਨਾਵਾਂ ਦਾ ਕੋਸ਼' 'ਪਰਜਾ ਅੰਧੀ ਗਿਆਨ ਬਿਨ', 'ਭਾਈ ਅਰਜਨ ਸਿੰਘ ਚੰਦ ਦੀ ਡਾਇਰੀ'' ਆਦਿ ਦਰਸ਼ਨ ਤੋਂ ਵੱਧ ਪੁਸਤਕਾਂ ਦੀ ਰਚਨਾ ਕੀਤੀ ਹੈ।

-0-

# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70542**
**Email:** gurmatvirsa@gmail.com

# ਸਿੰਘ ਸਭਾ ਲਹਿਰ ਦਾ ਗਦਰ ਲਹਿਰ 'ਤੇ ਪ੍ਰਭਾਵ

-ਰਾਜਵਿੰਦਰ ਸਿੰਘ ਰਾਹੀ

ਸਿੰਘ ਸਭਾ ਲਹਿਰ ਬਾਰੇ ਖੱਬੇ ਪੱਖੀ ਕਾਮਰੇਡਾਂ, ਭਾਰਤੀ ਰਾਸ਼ਟਰਵਾਦੀਆਂ ਅਤੇ ਹਿੰਦੂ ਰਾਸ਼ਟਰਵਾਦੀਆਂ ਦਾ ਪ੍ਰਵਚਨ ਸਾਂਝਾ ਹੈ ਕਿ ਇਹ ਅੰਗਰੇਜ ਪੱਖੀ ਲਹਿਰ ਸੀ। ਭਾਰਤੀ ਰਾਸ਼ਟਰਵਾਦੀਆਂ ਤੇ ਹਿੰਦੂ ਰਾਸ਼ਟਰਵਾਦੀਆਂ ਦੀ ਖਿਝ ਤਾਂ ਸਮਝ ਪੈਂਦੀ ਹੈ ਪਰ ਖੱਬੇ ਪੱਖੀ ਕਾਮਰੇਡ ਵੀਰਾਂ ਦਾ ਸਤਹੀ ਜਿਹਾ ਵਿਸ਼ਲੇਸ਼ਣ ਵੀ, ਰਾਸ਼ਟਰਵਾਦੀਆਂ ਦੀ ਸੁਰ ਵਿੱਚ ਹੀ ਸਮੋਅ ਜਾਂਦਾ ਹੈ। ਭਾਰਤੀ ਰਾਸ਼ਟਰਵਾਦੀਆਂ ਤੇ ਹਿੰਦੂ ਰਾਸ਼ਟਰਵਾਦੀਆਂ ਨੂੰ ਤਾਂ ਸਿੰਘ ਸਭਾ ਲਹਿਰ 'ਤੇ ਇਹ ਗੁੱਸਾ ਹੈ ਕਿ ਇਸ ਨੇ ਸਿੱਖਾਂ ਦੀ ਵੱਖਰੀ ਪਛਾਣ ਤੇ ਨਿਆਰੀ ਹਸਤੀ ਬਰਕਰਾਰ ਕਰਕੇ ਉਨ੍ਹਾਂ ਨੂੰ ਹਿੰਦੂਵਾਦ ਵਿੱਚ ਜਜ਼ਬ ਕਰਨ ਦਾ ਰਾਹ ਬੰਦ ਕਰ ਦਿੱਤਾ ਹੈ। ਪਰ ਖੱਬੇ ਪੱਖੀ ਵੀ ਕਿਸੇ ਘੱਟ ਗਿਣਤੀ ਦੀ ਸਮੱਸਿਆ ਸਮਝਣ ਤੋਂ ਅਸਮਰੱਥ ਹਨ। ਸਿੰਘ ਸਭਾ ਲਹਿਰ ਇੱਕ ਸੁਧਾਰਵਾਦੀ ਲਹਿਰ ਸੀ, ਜਿਸ ਨੇ ਸਿੱਖ ਸਮਾਜ ਉਪਰ ਜੰਮ ਚੁੱਕੀ ਬ੍ਰਾਹਮਣਵਾਦੀ ਮੈਲ ਨੂੰ ਪਾਸੇ ਕਰਕੇ ਗੁਰ ਦਰਸ਼ਨ ਅਤੇ ਗੁਰ ਸਿਧਾਂਤ ਦੀ ਅਸਲ ਰੌਸ਼ਨੀ ਦਾ ਪਸਾਰਾ ਕਰਨ ਦਾ ਯਤਨ ਕੀਤਾ ਸੀ। ਉਸ ਵਕਤ ਸਿੱਖ ਸਮਾਜ ਜਾਤ-ਪਾਤ, ਛੂਤ-ਛਾਤ, ਉਚ-ਨੀਚ ਅਤੇ ਵਹਿਮ ਪ੍ਰਸਤੀ ਦੇ ਮੱਕੜ ਜਾਲ਼ ਵਿੱਚ ਬੁਰੀ ਤਰ੍ਹਾਂ ਫਸ ਚੁੱਕਿਆ ਸੀ। ਇਹੋ ਹੀ ਨਹੀਂ ਸਿੰਘ ਸਭਾ ਦੇ ਆਗੂਆਂ ਸਾਹਮਣੇ ਵੱਡਾ ਸਿਧਾਂਤਕ ਸੁਆਲ ਇਹ ਵੀ ਸੀ ਕਿ ਮੁਸਲਮ ਅਤੇ ਹਿੰਦੂ ਬਹੁਗਿਣਤੀਵਾਦ ਵਿੱਚ ਸਿੱਖ ਘੱਟ ਗਿਣਤੀ ਆਪਣੀ ਸਿਆਸੀ, ਸਮਾਜੀ ਤੇ ਧਾਰਮਿਕ ਹੋਂਦ ਕਿਵੇਂ ਬਰਕਰਾਰ ਰੱਖ ਸਕਦੀ ਹੈ? ਕਿਸੇ ਵੀ ਲਹਿਰ ਦਾ ਸਮਾਜੀ, ਪ੍ਰਭਾਵ ਬਹੁਪਸਾਰੀ ਹੁੰਦਾ ਹੈ। ਇਸ ਲਹਿਰ ਨੇ ਸਿੱਖ ਸਮਾਜ 'ਚੋਂ ਜਾਤ-ਪਾਤ, ਛੂਤ-ਛਾਤ ਹਟਾਉਣ ਦਾ ਮੁੱਢ ਬੰਨ੍ਹਿਆ, ਬੰਦੇ ਨੂੰ ਬੰਦਾ ਸਮਝਣ ਦੀ ਇਹ ਸੋਝੀ ਹੀ ਅੱਗੇ ਜਾ ਕੇ ਸਿਆਸੀ ਚੇਤਨਾ ਵਿੱਚ ਪ੍ਰਵਰਤਿਤ ਹੋਈ, ਜਿਸ ਵਿੱਚੋਂ ਗਦਰ ਲਹਿਰ, ਅਕਾਲੀ ਲਹਿਰ, ਬਬਰ ਅਕਾਲੀ ਤੇ ਛੂਤ ਤੋੜਕ ਆਦਿ ਲਹਿਰਾਂ ਪੈਦਾ ਹੋਈਆਂ।




ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕਨੇਡਾ-ਅਮਰੀਕਾ ਵਿੱਚ ਜੋ ਲੋਕ ਕਿਸਾਨੀ ਪਿਛੋਕੜ ਚੋਂ ਗਏ ਸਨ, ਉਹਨਾਂ ਵਿੱਚ ਵੱਡੀ ਗਿਣਤੀ ਸਾਬਕਾ ਫੌਜੀਆਂ ਦੀ ਸੀ। ਉਸ ਵਕਤ ਸਿੱਖ ਫੌਜੀਆਂ ਲਈ ਸਿੱਖ ਰਹਿਤ-ਬਹਿਤ ਰੱਖਣਾ ਜ਼ਰੂਰੀ ਸੀ। ਸੋ ਉਹ ਸਿੱਖੀ 'ਚ ਪਰਪਕ ਹੋ ਕੇ ਹੀ ਇਥੋਂ ਗਏ ਸਨ ਤੇ ਬਹੁਤਿਆਂ 'ਤੇ ਸਿੰਘ ਸਭਾ ਲਹਿਰ ਦਾ ਅਸਰ ਸੀ। ਜੋ ਉਨ੍ਹਾਂ ਦੀ ਸਿਆਸੀ ਸੋਝੀ ਦਾ ਆਧਾਰ ਬਣਿਆ। "ਗ਼ਦਰ ਪਾਰਟੀ ਲਹਿਰ" ਦੇ ਕਰਤਾ ਸ. ਜਗਜੀਤ ਸਿੰਘ ਲਿਖਦੇ ਹਨ :-


"ਸਿੰਘ ਸਭਾ ਲਹਿਰ ਭਾਵੇਂ ਤੰਗ ਫਿਰਕੂ ਨਜ਼ਰੀਏ ਵਾਲੀ, ਲਹਿਰ ਸੀ। ਪਰ ਇੱਕ ਦ੍ਰਿਸ਼ਟੀਕੋਣ ਤੋਂ ਕੇਂਦਰੀ ਪੰਜਾਬ ਦੇ ਕਿਸਾਨਾਂ ਵਾਸਤੇ ਇਸ ਨੇ ਇੱਕ ਸੁਰਜੀਤ ਹੋਈ ਜਾਗਰਤੀ ਲਹਿਰ (Renaissance Movement) ਦਾ ਕੰਮ ਕੀਤਾ। ਇਸ ਨੇ ਉਸ ਵਿਚ ਅੰਗਰੇਜਾਂ ਹੱਥ ਰਾਜ ਗਵਾਉਣ ਪਿੱਛੋਂ ਪਹਿਲੀ ਵਾਰ ਜਨਤਕ ਪੱਧਰ ਉੱਤੇ ਸਮਾਜਿਕ ਚੇਤਨਤਾ ਪੈਦਾ ਕੀਤੀ ਅਤੇ ਉਸ ਨੂੰ ਉਸ ਦੀਆਂ ਭੁੱਲੀਆਂ ਹੋਈਆਂ ਕੁਰਬਾਨੀਆਂ ਅਤੇ ਸ਼ਹੀਦੀਆਂ ਭਰਪੂਰ ਰਵਾਇਤਾਂ ਨਾਲ ਜੋੜਿਆ। ਇਸ ਤਰ੍ਹਾਂ ਕੇਂਦਰੀ ਪੰਜਾਬ ਦੇ ਕਿਸਾਨਾਂ ਵਿੱਚ ਰਾਜਸੀ ਚੇਤੰਨਤਾ ਭਾਵੇਂ ਨਾ ਹੋਇਆਂ ਬਰਾਬਰ ਸੀ, ਪਰ ਉਸ ਵਿਚ ਨਵੇਂ ਵਿਚਾਰ ਸੁਣਨ ਅਤੇ ਉਨ੍ਹਾਂ ਦਾ ਹਲੂਣਾ ਖਾਣ ਦੀ ਚੇਤਨਤਾ ਪੈਦਾ ਹੋ ਚੁੱਕੀ ਸੀ। " ਸ. ਜਗਜੀਤ ਸਿੰਘ ਅੱਗੇ ਲਾਲਾ ਹਰਦਿਆਲ ਦੇ ਕਲਕੱਤੇ ਤੋਂ ਛਪਦੇ ਦਿ ਮਾਡਰਨ ਰਿਵਿਊ 'ਚ ਜੁਲਾਈ 1911 ਨੂੰ ਛਪੇ ਇੱਕ ਲੇਖ 'ਚੋਂ ਹਵਾਲਾ ਦਿੰਦੇ ਹਨ, ਜਿਸ ਵਿਚ ਉਸ ਨੇ ਸਿੱਖ ਕਿਸਾਨਾਂ ਦੇ ਕਿਰਦਾਰ ਨੂੰ ਸੂਤਰਬੱਧ ਕਰ ਦਿੱਤਾ ਸੀ, "ਉਹਨਾਂ ਦੇ ਮਨ ਦੀ ਤਹਿ ਵਿਚ ਭਾਈਚਾਰਕ ਭਲਾਈ ਲਈ ਗੁੱਸਾ ਅਤੇ ਉਤਸ਼ਾਹ ਛੁਪਿਆ ਹੋਇਆ ਸੀ। "

ਸ. ਜਗਜੀਤ ਸਿੰਘ ਅਨੁਸਾਰ, "ਅਰਥਾਤ ਉਹ ਗੁਰਦੇ ਵਾਲਾ, ਸਵੈਮਾਨ ਵਾਲਾ ਅਤੇ ਨਰੋਆ ਦਲੇਰ ਅਨਸਰ ਸੀ, ਜਿਸ ਵਿੱਚ ਇਨਕਲਾਬੀ ਰਾਹ ਉਤੇ ਤੁਰਨ ਦੀਆਂ ਕਾਫੀ ਸੰਭਾਵਨਾ ਭਰਪੂਰ ਖ਼ੂਬੀਆਂ ਸਨ, ਪਰ ਜਿਸ ਨੂੰ ਇਨਕਲਾਬੀ ਜਾਗ ਅਤੇ ਸਿਖਿਆ ਦੀ ਅਜੇ ਲੋੜ ਸੀ। "

ਕੈਨੇਡਾ-ਅਮਰੀਕਾ ਗਏ ਸਿੱਖ ਕਿਸਾਨਾਂ ਨੂੰ ਵੀ ਸਭ ਤੋਂ ਪਹਿਲਾਂ ਬੇਗਾਨੀ ਧਰਤੀ 'ਤੇ ਜਾ ਕੇ ਆਪਣੀ ਧਰਮ ਤੇ ਸੱਭਿਆਚਾਰ ਅਧਾਰਤ ਮੌਲਿਕ ਹਸਤੀ ਨੂੰ ਬਚਾਉਣ ਦਾ ਸੰਘਰਸ਼ ਕਰਨਾ ਪਿਆ। ਬੇਗਾਨੀ ਧਰਤੀ, ਬੇਗਾਨੀ ਬੋਲੀ, ਬੇਗਾਨਾ ਸੱਭਿਆਚਾਰ ਤੇ ਬੇਗਾਨੇ ਮੌਸਮ ਵਿੱਚ ਜਾ ਕੇ ਆਪਣੀ ਵੱਖਰੀ ਪਛਾਣ ਤੇ ਨਿਆਰੀ ਹਸਤੀ ਨੂੰ ਬਚਾ ਕੇ ਰੱਖਣ ਦੀ ਚੇਤੰਨਤਾ ਸਿੰਘ ਸਭਾ ਲਹਿਰ ਨੇ ਪੈਦਾ ਕੀਤੀ ਸੀ। ਸ. ਜਗਜੀਤ ਸਿੰਘ ਅਨੁਸਾਰ:

"ਸ਼ੁਰੂ ਸ਼ੁਰੂ ਵਿਚ ਅਮਰੀਕਾ ਗਏ ਹਿੰਦੀ ਕਾਮਿਆਂ ਨਾਲੋਂ ਕੈਨੇਡਾ ਦੇ ਹਿੰਦੀ ਕਾਮਿਆਂ ਨੇ ਭਾਈਚਾਰਕ ਜਥੇਬੰਦੀ ਦੇ ਲਿਹਾਜ ਨਾਲ ਵਧੇਰੇ ਤਰੱਕੀ ਕੀਤੀ। ਇਸ ਦਾ ਸਿਹਰਾ ਪ੍ਰੋਫੈਸਰ ਤੇਜਾ ਸਿੰਘ ਐਮ. ਏ. ਐਲ. ਐਲ. ਬੀ. ਦੇ ਸਿਰ ਹੈ। ਅਮਰੀਕਾ-ਕੈਨੇਡਾ ਗਏ ਹਿੰਦੀ ਕਾਮਿਆਂ ਦੀ ਬਹੁਗਿਣਤੀ ਕਿਉਂਕਿ ਸਿੱਖਾਂ ਦੀ ਸੀ ਅਤੇ ਦੇਸੋਂ ਜਾਣ ਸਮੇਂ ਸਿੰਘ ਸਭਾ ਲਹਿਰ ਦੇ ਅਸਰ ਲੈ ਕੇ ਗਏ ਸਨ, ਇਸ ਵਾਸਤੇ ਉਨ੍ਹਾਂ ਦੀਆਂ ਸੁਸਾਇਟੀਆਂ ਨੇ ਵੀ ਸ਼ੁਰੂ ਵਿਚ ਉਸ ਵੇਲੇ ਦੀਆਂ ਦੇਸ਼ ਵਿਚਲੀਆਂ ਸਿੱਖ ਸੁਸਾਇਟੀਆਂ ਵਰਗੀ ਸ਼ਕਲ ਫੜੀ। ਸੰਨ 1907 ਵਿਚ ਵੈਨਕੂਵਰ (ਕੈਨੇਡਾ) ਵਿਚ 'ਖਾਲਸਾ ਦੀਵਾਨ ਸੁਸਾਇਟੀ' ਕਾਇਮ ਕੀਤੀ ਗਈ ਜਿਸ ਦੇ ਮਨੋਰਥ ਧਾਰਮਿਕ, ਵਿਦਿਅਕ ਤੇ ਭਾਈਚਾਰਕ ਸਨ। ਇਸ ਸੁਸਾਇਟੀ ਨੇ 25000 ਡਾਲਰ ਦੀ ਲਾਗਤ ਨਾਲ ਵੈਨਕੂਵਰ ਵਿਚ ਗੁਰਦੁਵਾਰਾ ਬਣਵਾਇਆ। ਇਸੇ ਤਰ੍ਹਾਂ ਪ੍ਰੋਫੈਸਰ ਤੇਜਾ ਸਿੰਘ ਨੇ ਵਿਕਟੋਰੀਆ (ਕੈਨੇਡਾ) ਵਿਚ ਗੁਰਦੁਵਾਰਾ ਕਾਇਮ ਕਰਨ ਦਾ ਉੱਦਮ ਕੀਤਾ। ਤਕਰੀਬਨ ਏਸੇ ਸਮੇਂ ਜਵਾਲਾ ਸਿੰਘ (ਠੱਟੀਆਂ) ਅਤੇ ਸੰਤ ਵਸਾਖਾ ਸਿੰਘ (ਦਦੇਹਰ) ਦੇ ਉੱਦਮ ਨਾਲ ਅਮਰੀਕਾ ਵਿਚ "ਪੈਸੇਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ" ਕਾਇਮ ਕੀਤੀ ਗਈ ਅਤੇ ਸਟਾਕਟਨ (ਕੈਲੇਫੋਰਨੀਆਂ, ਅਮਰੀਕਾ) ਵਿਚ ਗੁਰਦੁਵਾਰਾ ਬਣਵਾਇਆ ਗਿਆ। ਇਹ ਗੁਰਦੁਵਾਰੇ, ਸਿੱਖਾਂ ਦੇ ਧਾਰਮਿਕ ਕੇਂਦਰ ਹੋਣ ਤੋਂ ਇਲਾਵਾ ਅਮਰੀਕਾ ਗਏ ਸਾਰੇ ਹਿੰਦੀ ਕਾਮਿਆਂ ਦੀ ਪਹਿਲੋਂ ਭਾਈਚਾਰਕ ਅਤੇ ਪਿਛੋਂ ਰਾਜਸੀ ਜਾਗਰਤੀ ਦੇ ਕੇਂਦਰ ਬਣੇ। "

ਕੈਨੇਡਾ-ਅਮਰੀਕਾ ਦੀ ਧਰਤੀ 'ਤੇ ਮੋਨਾ ਲਹਿਰਾਂ ਵੀ ਚੱਲੀਆਂ ਜੋ ਸਿੱਖਾਂ ਨੂੰ "ਜੈਸਾ ਦੇਸ-ਵੈਸਾ ਭੇਸ" ਦੀਆਂ ਦਲੀਲਾਂ ਦੇ ਕੇ ਉਹਨਾਂ ਨੂੰ ਪਤਿਤ ਹੋਣ ਵੱਲ ਪ੍ਰੇਰਦੀਆਂ ਸਨ। ਬਾਬਾ ਸੋਹਣ ਸਿੰਘ ਭਕਨਾ ਅਨੁਸਾਰ ਬਹੁਤ ਸਾਰੇ ਸਿੱਖਾਂ ਨੇ ਮੂੰਹ ਸਿਰ ਮੁੰਨਾ ਕੇ ਸਿਰ ਨੂੰ ਸੁਨਹਿਰੀ ਰੰਗ ਕਰਕੇ ਅੰਗਰੇਜ਼ ਬਣਨ ਦੀ ਕੋਸ਼ਿਸ਼ ਵੀ ਕੀਤੀ, ਪਰ ਨਸਲੀ ਹਮਲਿਆਂ ਤੋਂ ਉਹ ਵੀ ਬਚ ਨਾ ਸਕੇ। ਬਲਕਿ ਸਿੱਖੀ ਤੋਂ ਪਤਿਤ ਹੋ ਕੇ ਉਹਨਾਂ ਵਿਚੋਂ ਟਾਕਰੇ ਦੀ ਭਾਵਨਾ ਹੀ ਗਾਇਬ ਹੋ ਗਈ। ਸਿੰਘ ਸਭਾ ਲਹਿਰ ਦੇ ਪ੍ਰਭਾਵ ਨੇ ਜਿਥੇ ਸਿੱਖਾਂ ਨੂੰ ਪਤਿਤ ਹੋਣ ਤੋਂ ਬਚਾਈ ਰੱਖਿਆ, ਉਥੇ ਉਹਨਾਂ ਅੰਦਰ ਲੜਾਕੂ ਸ਼ਕਤੀ ਤੇ ਟਾਕਰੇ ਦਾ ਜਜ਼ਬਾ ਵੀ ਬਰਕਰਾਰ ਰਿਹਾ, ਜਿਸ ਨਾਲ ਮੁੱਠੀ ਭਰ ਸਿੱਖ ਕਾਮੇ, ਸੈਂਕੜੇ ਨਸਲਵਾਦੀ ਗੋਰਿਆਂ ਦਾ ਮੁਕਾਬਲਾ ਕਰਨ ਦੇ ਸਮਰੱਥ ਹੋ ਗਏ। ਇਹੀ ਸਿੱਖ ਕਾਮੇ ਬਾਅਦ ਵਿੱਚ ਜਾ ਕੇ ਗ਼ਦਰ ਲਹਿਰ ਦਾ ਧੁਰਾ ਬਣੇ।



**ਬਾਬਾ ਹਰਨਾਮ ਸਿੰਘ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ)**

ਬਾਬਾ ਜੀ ਅਮਰੀਕਾ ਵਿਚ ਗਠਿਤ ਹੋਈ ਗ਼ਦਰ ਪਾਰਟੀ ਦੇ ਮੋਢੀਆਂ 'ਚੋਂ ਸਨ। ਜਦ 1913 ਵਿੱਚ ਗ਼ਦਰ ਅਖ਼ਬਾਰ ਨਿਕਲਿਆ ਤਾਂ ਉਹ ਉਸ ਦੇ ਸੰਪਾਦਕੀ ਮੰਡਲ ਵਿਚ ਸ਼ਾਮਲ ਸਨ। ਜਦ ਪਾਰਟੀ ਦੇ ਜਨਰਲ ਸਕੱਤਰ ਲਾਲਾ ਹਰਦਿਆਲ ਨੂੰ ਖ਼ਤਰਾ ਮਹਿਸੂਸ ਹੋਇਆ ਤਾਂ ਉਹ ਉਸ ਦੇ ਬਾਡੀਗਾਰਡ ਬਣ ਕੇ ਵਿਚਰਦੇ ਰਹੇ। ਪੰਜਾਬ ਆ ਕੇ ਗ਼ਦਰ ਕਰਨ ਦੀ ਤਿਆਰੀ ਵਜੋਂ, ਬੰਬ ਬਣਾਉਂਦਿਆਂ ਉਹਨਾਂ ਦੀ ਬਾਂਹ ਉੱਡ ਗਈ ਸੀ, ਪਰ ਇਸ ਦੇ ਬਾਵਜੂਦ ਵੀ ਉਹ ਗ਼ਦਰ ਕਰਕੇ ਅੰਗਰੇਜ਼ਾਂ ਨੂੰ ਕੱਢ ਕੇ ਦੇਸ਼ ਅਜ਼ਾਦ ਕਰਵਾਉਣ ਲਈ ਪੰਜਾਬ ਆਏ, ਤੇ ਹੋਰ ਗ਼ਦਰੀਆਂ ਸਮੇਤ ਗ੍ਰਿਫਤਾਰ ਹੋ ਗਏ। ਪਹਿਲੇ ਲਹੌਰ ਸਾਜਿਸ਼ ਕੇਸ ਵਿੱਚ ਸਰਾਭੇ ਹੋਰਾਂ ਨਾਲ ਹੀ ਫਾਂਸੀ ਦੀ ਸਜਾ ਹੋਈ ਪਰ ਬਾਅਦ ਵਿਚ ਕਾਲੇ ਪਾਣੀ ਉਮਰ ਕੈਦ ਵਿੱਚ ਬਦਲ ਗਈ, ਜੋ ਉਹਨਾਂ ਨੇ ਬੜੇ ਪ੍ਰੇਮ ਤੇ ਸਿਦਕ ਨਾਲ ਕੱਟੀ। ਉਹਨਾਂ ਦੇ ਲੰਬੇ ਬਿਆਨ 'ਚੋਂ ਕੁੱਝ ਅੰਸ਼:

"..... ਮੇਰਾ ਜਨਮ 10 ਕੱਤਕ 1884 ਈ: (26 ਅਕਤੂਬਰ 1884) ਵਿੱਚ ਹੋਇਆ ਸੀ। ਅੱਜ 1961 ਈ. ਵਿੱਚ ਮੇਰੀ ਉਮਰ 77 ਵਰ੍ਹੇ ਹੋ ਗਈ ਹੈ।....ਮੇਰੀ ਉਮਰ ਸ਼ਾਇਦ ਬਾਰਾਂ ਕੁ ਵਰ੍ਹੇ ਸੀ। ਅਜੇ ਵੀਹਵੀਂ ਸਦੀ ਅਰੰਭ ਨਹੀਂ ਹੋਈ ਸੀ। ਦੁਆਬੇ ਵਿੱਚ ਸਿੰਘ ਸਭਾ ਲਹਿਰ ਚੱਲ ਪਈ। ਸੰਤ ਹੀਰਾ ਦਾਸ ਚਿੱਟੀ ਵਾਲਾ ਸਿੰਘ ਸਭਾ ਦਾ ਬੜਾ ਪ੍ਰਚਾਰ ਕਰਦਾ ਸੀ। ਉਹ ਬੜਾ ਵਿਦਵਾਨ ਸੀ। ਦੁਆਬੇ ਵਿਚ ਲੋਕੀ ਬੜੇ ਪੰਜ ਪੀਰੀਏ ਸਨ। ਸਖੀ ਸਰਵਰ ਨੂੰ ਮੰਨਦੇ ਸੀ। ਬ੍ਰਾਹਮਣਾ ਨੇ ਵੀ ਕਾਫੀ ਜਾਲ ਤਾਣਿਆ ਸੀ। ਸਿੰਘ ਸਭਾ ਵਾਲੇ ਕਬਰਾਂ ਦੀ ਪੂਜਾ, ਫਕੀਰਾਂ ਦੀ ਪੂਜਾ, ਸਰਾਧ, ਸੂਤਕ ਤੇ ਹੋਰ ਬ੍ਰਾਹਮਣਾ ਦੇ ਪਖੰਡ ਹਟਾਉਂਦੇ ਸਨ। ਹੀਰਾ ਦਾਸ ਦਾ ਪਰਚਾਰ ਸੁਣ ਕੇ ਫਤਿਹ ਸਿੰਘ (ਦਾਦਾ ਜੀ) ਦਾ ਸਾਰਾ ਖਾਨਦਾਨ ਸਿੰਘ ਸਭੀਆ ਬਣ ਗਿਆ। ਮੈਨੂੰ ਵੀ ਸਿੰਘ ਸਭਾ ਦਾ ਰੰਗ ਚੜ੍ਹ ਗਿਆ। ਅੰਮ੍ਰਿਤਸਰ ਜਾ ਕੇ ਗੁਰਦੁਆਰਿਆਂ ਦੀ ਦਰਸ਼ਨ ਵੀ ਕੀਤੇ।

"....ਮੈਂ 26 ਜੂਨ 1906 ਈ. ਪੈਸੇਫਿਕ ਰੇਲਵੇ ਕੰਪਨੀ ਦੇ ਜਹਾਜ਼ ਵਿੱਚ ਸੁਆਰ ਹੋਇਆ। 18 ਦਿਨਾਂ ਵਿਚ ਜਹਾਜ਼ ਵੈਨਕੋਵਰ ਜਾ ਲੱਗਾ ਮੇਰੇ ਦਿਲ ਵਿਚੋਂ ਛੂਤ-ਛਾਤ ਚਰੋਕਣੀ ਉੱਡ ਚੁੱਕੀ ਸੀ। ਪਿੰਡਾਂ ਵਿਚ ਉਦੋਂ ਭੁੱਜੇ ਹੋਏ ਦਾਣੇ ਵੀ ਮੁਸਲਮਾਨ ਨਾਲ ਛੂਹ ਕੇ ਭਿੱਟ ਜਾਂਦੇ ਸਨ। ਮੈਂ ਸਕੂਲ ਵਿਚ ਪੜ੍ਹਦਾ ਸਾਂ। ਇੱਕ ਵੇਰਾਂ ਦਾਣੇ ਭੁੰਨਾ ਕੇ ਲੈ ਗਿਆ। ਮੇਰੇ ਲਾਗੇ ਇੱਕ ਮੁਸਲਮਾਨ ਬੈਠਾ ਸੀ, ਮੈਂ ਉਸ ਨਾਲ ਲੱਗ ਕੇ ਵੇਖਿਆ ਤਾਂ ਦਾਣਿਆਂ ਦਾ ਕੁੱਝ ਵੀ ਨਹੀਂ ਵਿਗੜਿਆ। ਨਾ ਰੰਗ ਬਦਲਿਆ ਨਾ ਸੁਆਦ, ਮੈਂ ਕਿਹਾ ਦਾਣੇ ਤਾਂ ਕੋਈ ਨਹੀਂ ਭਿੱਟੇ। ਮੈਂ ਦਾਣੇ ਖਾ ਲਏ। ਇਹ ਗੱਲ ਸ਼ਾਇਦ ਮੇਰੀ 8-9 ਸਾਲ ਦੀ ਉਮਰ ਦੀ ਹੈ। ਫਿਰ ਮੈਂ ਸੁੱਚ ਦਾ ਭਰਮ ਛੱਡ ਦਿੱਤਾ। ਜਦ ਮੈਂ ਫੌਜ ਵਿਚ ਸਾਂ ਤਾਂ ਉਥੇ ਮੁਸਲਮਾਨ ਦੇ ਹੱਥ ਦਾ ਖਾ ਪੀ ਲੈਂਦਾ ਸੀ।

**ਬਾਬਾ ਹਰਦਿੱਤ ਸਿੰਘ, ਪਿੰਡ ਲੰਮੇ ਜੱਟਪੁਰਾ, ਤਹਿ: ਰਾਏਕੋਟ (ਲੁਧਿਆਣਾ)**

ਬਾਬਾ ਜੀ ਵੀ ਕੈਨੇਡਾ ਤੋਂ ਗ਼ਦਰ ਲਹਿਰ ਨਾਲ ਜੁੜੇ ਸਨ। ਇਹ ਗ਼ਦਰ ਪਾਰਟੀ ਦੇ ਜਨਰਲ ਸਕੱਤਰ ਭਾਈ ਸੰਤੋਖ ਸਿੰਘ, ਬਾਬੂ ਹਰਨਾਮ ਸਿੰਘ ਸਾਹਰੀ, ਸੋਹਣ ਲਾਲ ਪੱਟੀ, ਵੈਨਕੂਵਰ ਗੁਰਦੁਆਰੇ ਦੇ ਗਰੰਥੀ ਭਾਈ ਬਲਵੰਤ ਸਿੰਘ ਖੁਰਦਪੁਰ ਆਦਿ ਨਾਲ ਪੂਰਬੀ ਫਰੰਟ 'ਤੇ ਬਰਮਾ, ਪੀਨਾਂਗ, ਸਿਆਮ (ਥਾਈਲੈਂਡ) ਆਦਿ ਟਾਪੂਆਂ 'ਤੇ ਸਿੱਖ ਫੌਜਾਂ ਵਿੱਚ ਬਗਾਵਤ ਭੜਕਾਉਣ ਲਈ ਕੇਂਦਰ ਸਥਾਪਤ ਕਰਨ ਲਈ ਗਏ ਸਨ। ਪਰ ਉਥੇ ਅੰਗਰੇਜ਼ਾਂ ਵਲੋਂ ਗ੍ਰਿਫਤਾਰ ਕਰ ਲਏ ਗਏ। ਬਾਬੂ ਹਰਨਾਮ ਸਿੰਘ ਸਾਹਰੀ ਸਮੇਤ ਛੇ ਗ਼ਦਰੀਆਂ ਨੂੰ ਫਾਂਸੀ ਲਗਾ ਦਿੱਤਾ ਗਿਆ ਤੇ ਬਾਬਾ ਜੀ ਸਮੇਤ ਅਨੇਕਾਂ ਨੂੰ ਕਾਲ਼ੇ ਪਾਣੀ ਦੀ ਉਮਰ ਕੈਦ ਵਿੱਚ ਭੇਜ ਦਿੱਤਾ ਗਿਆ। ਕੈਦ ਤੋਂ ਬਾਅਦ ਬਾਬਾ ਜੀ ਪਿੰਡ ਆ ਕੇ ਕਿਸਾਨ ਸਭਾਵਾਂ ਵਿੱਚ ਕੰਮ ਕਰਦੇ ਰਹੇ ਸਨ। ਉਹਨਾਂ ਦੇ ਬਿਆਨ ਅਨੁਸਾਰ:


"ਮੇਰੇ ਪਿਤਾ ਦਾ ਨਾਂ ਭਗਵਾਨ ਸਿੰਘ ਤੇ ਦਾਦਾ ਜੀ ਦਾ ਨਾਂ ਸੰਤਾ ਸਿੰਘ ਸੀ। ਅਸੀਂ ਤੱਤੜੇ ਗੋਤ ਦੇ ਜੱਟ ਹਾਂ। ਸਾਡੇ ਵੱਡੇ ਵਡੇਰੇ ਸੁਰ ਸਿੰਘ ਜ਼ਿਲਾ ਲਾਹੌਰ ਤੋਂ ਇੱਥੇ ਆਏ ਸਨ ਤੇ ਇੱਥੇ ਵਸੇ ਸਨ। ਜਨਮ: ਤਾਰੀਖ ਯਾਦ ਨਹੀਂ। ਇਸ ਸਮੇਂ 78 ਸਾਲ ਦੀ ਉਮਰ ਹੈ। ਇਸ ਹਿਸਾਬ ਮੇਰਾ ਜਨਮ ਲਗਭਗ 1880 ਈ. ਵਿੱਚ ਹੋਇਆ ਸੀ। ਤਾਲੀਮ: ਪਿੰਡ ਦੇ ਗੁਰਦੁਆਰੇ ਵਿਚ ਪੰਜਾਬੀ ਪੜ੍ਹੀ। ਕੁੱਝ ਵੇਦਾਂਤ ਦੇ ਗਰੰਥ ਵੀ ਪੜ੍ਹੇ। ਸਕੂਲ ਕੋਈ ਨਹੀਂ ਸੀ। ਹੋਰ ਪੜ੍ਹਾਈ ਕੁੱਝ ਨਹੀਂ ਹੋਈ। ਪਰ ਯਾਦ ਮੇਰੀ ਬੜੀ ਚੰਗੀ ਹੈ। ਜਦ ਮੈਂ ਹਾਂਗਕਾਂਗ ਗਿਆ ਤਾਂ ਉਥੋਂ ਦੀ ਚੀਨੀ ਬੋਲੀ ਸਿੱਖ ਲਈ ਤੇ ਜਦ ਅਮਰੀਕਾ ਗਿਆ ਤਾਂ ਅੰਗਰੇਜ਼ੀ ਵੀ ਚੰਗੀ ਗੁਜ਼ਾਰੇ ਜੋਗੀ ਸਿੱਖ ਲਈ। ਮੈਂ ਅੰਗਰੇਜ਼ੀ ਬੋਲ ਤੇ ਸਮਝ ਲੈਂਦਾ ਹਾਂ।

....ਉਨ੍ਹਾਂ ਦਿਨਾਂ ਵਿੱਚ ਸਿੰਘ ਸਭਾ ਲਹਿਰ ਚੱਲ ਪਈ ਸੀ। ਕੁੱਝ ਪਿੰਡਾਂ ਵਿਚ ਸਿੰਘ ਸਭਾ ਲੱਗਦੀ ਸੀ, ਧਾਰਮਿਕ ਲੈਕਚਰ ਹੁੰਦੇ ਸਨ। ਮੈਂ ਵੀ ਅੰਮ੍ਰਿਤ ਛਕ ਲਿਆ ਤੇ ਜਲਸਿਆਂ ਵਿੱਚ ਸ਼ਬਦ ਪੜ੍ਹਨ ਲੱਗ ਪਿਆ। ਮੈਂ ਹੱਲੇ ਦੇ ਸ਼ਬਦ ਜ਼ੋਰ ਜ਼ੋਰ ਨਾਲ ਬੜੇ ਜੋਸ਼ ਵਿੱਚ ਆ ਕੇ ਪੜ੍ਹਦਾ ਸੀ।

.....ਜੁਲਾਈ 1906 ਨੂੰ ਸਾਡਾ ਜਹਾਜ਼ ਵੈਨਕੂਵਰ (ਕੈਨੇਡਾ) ਜਾ ਲੱਗਾ।.... ਇੱਥੇ ਵੈਨਕੂਵਰ ਵਿਚ ਭਾਈ ਅਰਜਨ ਸਿੰਘ ਨੇ ਇੱਕ ਜਗਾਂ ਕਿਰਾਏ 'ਤੇ ਲੈ ਕੇ ਗੁਰਦੁਆਰਾ ਬਣਾਇਆ ਹੋਇਆ ਸੀ। ਇਹ ਬੜਾ ਪ੍ਰੇਮੀ ਸੀ। ਗੁਰੂ ਗਰੰਥ ਸਾਹਿਬ ਸ਼ਾਇਦ ਇਹ ਨਾਲ ਹੀ ਲੈ ਗਿਆ ਸੀ। ਐਤਵਾਰ ਨੂੰ ਇਥੇ ਇਕੱਠ ਹੁੰਦਾ, ਸ਼ਬਦ ਕੀਰਤਨ ਹੁੰਦਾ। ਇਕੱਠੇ ਹੋ ਕੇ ਆਪਣੇ ਦੁੱਖਾਂ ਸੁੱਖਾਂ ਦੀਆਂ ਗੱਲਾਂ ਹੁੰਦੀਆਂ। ਸਹਿਜੇ ਸਹਿਜੇ ਆਪਣਾ ਗੁਰਦੁਆਰਾ ਬਣਾਉਣ ਦਾ ਉੱਦਮ ਆਰੰਭ ਹੋ ਗਿਆ।....ਕੈਨੇਡਾ ਵਿਚ ਖਾਲਸਾ ਦੀਵਾਨ ਸੁਸਾਇਟੀ ਭਾਵੇਂ ਧਾਰਮਿਕ ਸੰਸਥਾ ਸੀ, ਪਰ ਸਾਰੇ ਰਾਜਸੀ ਕਾਰਜ ਵੀ ਕਰਦੀ ਸੀ। ਜਦੋਂ 1913 ਵਿਚ ਸਾਨਫਰਾਂਸਿਸਕੋ ਵਿਚ ਗ਼ਦਰ ਪਾਰਟੀ ਬਣ ਗਈ ਤੇ ਗ਼ਦਰ ਅਖਬਾਰ ਨਿਕਲਣ ਲੱਗਾ ਤਾਂ ਅਸੀਂ ਸਾਰੇ ਉਸ ਦੇ ਹਾਮੀ ਸਾਂ। ਪਰ ਇੱਥੇ ਕੰਮ ਖੁਫੀਆਂ ਹੁੰਦਾ ਸੀ। ਉਨ੍ਹਾਂ ਨੂੰ ਮਾਇਕ ਸਹਾਇਤਾ ਭੇਜੀ ਜਾਂਦੀ ਸੀ। ਗ਼ਦਰ ਅਖਬਾਰ ਕਾਫੀ ਗਿਣਤੀ ਵਿੱਚ ਇੱਥੇ ਆਉਂਦਾ ਸੀ ਤੇ ਵੰਡਿਆ ਜਾਂਦਾ ਸੀ।''

**ਬਾਬਾ ਪਿਆਰਾ ਸਿੰਘ ਪਿੰਡ ਲੰਗੇਰੀ, ਤਹਿ: ਮਾਹਲਪੁਰ, ਜ਼ਿਲ੍ਹਾ ਹੁਸ਼ਿਆਰਪੁਰ**

ਬਾਬਾ ਜੀ ਵੀ ਕੈਨੇਡਾ ਤੋਂ ਆਏ ਗ਼ਦਰੀ ਸਨ। ਪੰਜਾਬ ਵਿਚ ਗ੍ਰਿਫਤਾਰੀ ਹੋਈ ਅਤੇ ਕਾਲ਼ੇ ਪਾਣੀ ਦੀ ਉਮਰ ਕੈਦ ਭੁਗਤ ਕੇ ਆਏ। ਬਾਅਦ ਵਿੱਚ ਅਕਾਲੀ ਲਹਿਰਾਂ ਵਿੱਚ ਸਰਗਰਮ ਰਹੇ। ਉਹਨਾਂ ਦੇ ਬਿਆਨ ਅਨੁਸਾਰ:



"ਨਾਂ ਪਿਆਰਾ ਸਿੰਘ, ਪਿੰਡ ਲੰਗੇਰੀ, ਮਾਹਲਪੁਰ ਤੋਂ ਡੇਢ ਕੁ ਮੀਲ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ। ਪਿਤਾ ਦਾ ਨਾਂ ਲੱਖਾ ਸਿੰਘ (ਜੱਟ) ਜਨਮ-1880 ਈ., ਉਮਰ 78 ਸਾਲ। ਮੈਂ ਬਚਪਨ ਘਰ ਹੀ ਗੁਜ਼ਾਰਿਆ। ਘਰ ਦੀ ਖੇਤੀਬਾੜੀ ਵਿੱਚ ਪਿਤਾ ਜੀ ਦਾ ਹੱਥ ਵਟਾਉਂਦਾ ਰਿਹਾ। ਗੁਜ਼ਾਰੇ ਜੋਗੀ ਜ਼ਮੀਨ ਸੀ। ਉਨ੍ਹਾਂ ਦਿਨਾਂ ਵਿਚ ਮੈਨੂੰ ਯਾਦ ਹੈ ਕਿ ਦੁਆਬੇ ਵਿੱਚ ਸਿੰਘ ਸਭਾ ਤੇ ਆਰੀਆ ਸਮਾਜ ਦੀ ਲਹਿਰ ਚੱਲ ਰਹੀ ਸੀ। ਅਨੰਦਪੁਰ ਸਾਹਿਬ ਹੋਲੇ ਮਹੱਲੇ ਦੇ ਮੇਲੇ ਉਤੇ ਜਦ ਮੈਂ ਗਿਆ ਤਾਂ ਅੰਮ੍ਰਿਤ ਛਕ ਲਿਆ। ਮੈਨੂੰ ਧਰਮ ਨਾਲ ਪ੍ਰੇਮ ਹੋ ਗਿਆ। ਮਗਰੋਂ ਵੀ ਮੈਂ ਧਰਮ ਵਿੱਚ ਪ੍ਰੇਮ ਤੇ ਸ਼ਰਧਾ ਰੱਖਦਾ ਰਿਹਾ।

ਸਾਡੇ ਪਿੰਡਾਂ ਦੇ ਲੋਕ ਫੌਜੀ ਨੌਕਰੀ ਕਰਨ ਬੜੇ ਸ਼ੌਕ ਨਾਲ ਜਾਂਦੇ ਸਨ। ਮੇਰੇ ਦਿਲ ਵਿਚ ਵੀ ਫੌਜੀ ਨੌਕਰੀ ਦਾ ਸ਼ੌਕ ਉਠਿਆ। ਘਰੋਂ ਕੁੱਝ ਰੁਪਏ ਲੈ ਕੇ ਮੈਂ ਭਰਤੀ ਹੋਣ ਚਲਾ ਗਿਆ ਤੇ ਰਸਾਲੇ ਵਿੱਚ ਭਰਤੀ ਹੋ ਗਿਆ। ਮੈਨੂੰ ਭਰਤੀ

ਕਰਕੇ ਬੰਗਲੌਰ ਲੈ ਗਏ। ਪਰ ਇਹ ਰਸਾਲਾ ਰੋਡੇ ਜਾਟਾਂ ਦਾ ਸੀ। ਮੈਨੂੰ ਕਹਿਣ ਟੋਪੀ ਪਾਓ। ਮੈਂ ਇਨਕਾਰ ਕੀਤਾ। ਮੈਂ ਸਿੱਖ ਹੋਣ ਕਰਕੇ ਟੋਪੀ ਨਹੀਂ ਸੀ ਪਾ ਸਕਦਾ। ਕੁੱਝ ਚਿਰ ਤਾਂ ਮੈਂ ਕੰਮ ਕਰਦਾ ਰਿਹਾ ਪਰ ਇੱਕ ਦਿਨ ਸਾਹਿਬ ਨੇ ਹੁਕਮ ਦਿੱਤਾ ਕਿ ਜਾਂ ਤਾਂ ਮੈਂ ਹੋਰ ਜਵਾਨਾਂ ਵਾਂਗ ਟੋਪੀ ਪਾਵਾਂ, ਜਾਂ ਨੌਕਰੀ ਛੱਡ ਦੇਵਾਂ। ਸੁ ਮੈਂ ਨੌਕਰੀ ਛੱਡ ਕੇ ਘਰ ਆ ਗਿਆ। ਮੈਂ ਪਿਤਾ ਜੀ ਨੂੰ ਕਿਹਾ, ਮੈਂ ਪਰਦੇਸ ਜਾ ਕੇ ਕਮਾਈ ਕਰਨੀ ਚਾਹੁੰਦਾ ਹਾਂ। ਮੇਰੇ ਜ਼ੋਰ ਦੇਣ 'ਤੇ ਉਹ ਮੰਨ ਗਏ। 500 ਰੁਪਏ ਪਿਤਾ ਜੀ ਨੇ ਦਿੱਤੇ। ਮੈਂ ਕਲੱਕਤੇ ਪਹੁੰਚਿਆ।....ਮੈਂ ਤੇ ਕਪੂਰ ਸਿੰਘ ਜਹਾਜ਼ 'ਤੇ ਸਵਾਰ ਹੋ ਕੇ ਸਾਨਫਰਾਂਸਿਸਕੋ (ਅਮਰੀਕਾ) ਵਿੱਚ ਜਾ ਪਹੁੰਚੇ। ਇਹ ਗੱਲ 1906 ਦੀ ਹੈ।....1908 ਈ. ਦੇ ਅਖੀਰ ਵਿਚ, ਕੈਨੇਡਾ ਤੋਂ ਇੱਕ ਡੈਪੂਟੇਸ਼ਨ ਕੈਲੀਫੋਰਨੀਆਂ ਆਇਆ। ਇਸ ਵਿਚ ਭਾਈ ਸੁੰਦਰ ਸਿੰਘ, ਭਾਈ ਭਾਗ ਸਿੰਘ ਪਰਧਾਨ ਸਿੱਖ ਟੈਂਪਲ, ਭਾਈ ਬਲਵੰਤ ਸਿੰਘ ਗਰੰਥੀ ਤੇ ਸੰਤ ਤੇਜਾ ਸਿੰਘ ਸਨ। ਇਨ੍ਹਾਂ ਦੇ ਕਈ ਲੈਕਚਰ ਹੋਏ। ਕੈਨੇਡਾ ਵਿੱਚ ਹਿੰਦੀਆਂ ਦੇ ਆਉਣ ਉਤੇ ਪਾਬੰਦੀਆਂ ਲੱਗ ਗਈਆਂ ਸਨ। ਉਨ੍ਹਾਂ ਜਥੇਬੰਦੀ ਉੱਤੇ ਲੈਕਚਰ ਦਿੱਤੇ ਅਤੇ ਕੈਨੇਡਾ ਵਿਚ ਦਾਖਲੇ ਦੀ ਅਜ਼ਾਦੀ ਦੀ ਮੰਗ ਕੀਤੀ। ਦੇਸ਼ ਦੀ ਗੁਲਾਮੀ ਉਤੇ ਵੀ ਚਾਨਣਾ ਪਾਇਆ। ਇਨ੍ਹਾਂ ਦੇ ਲੈਕਚਰ ਸੁਣ ਕੇ ਪਹਿਲੀ ਵਾਰ ਮੇਰੀਆਂ ਅੱਖਾਂ ਖੁੱਲ੍ਹੀਆਂ ਅਤੇ ਦੇਸ਼ ਤੇ ਪੰਥ ਲਈ ਕੁਝ ਕਰਨ ਲਈ ਦਿਲ ਵਿੱਚ ਉਛਾਲਾ ਉਠਿਆ। ਉਨ੍ਹਾਂ ਨੇ ਕੈਨੇਡਾ ਦੇ ਗੁਰਦੁਆਰੇ ਲਈ ਕੁਝ ਫੰਡ ਵੀ ਇਕੱਤਰ ਕੀਤਾ। ਵੈਨਕੂਵਰ ਗੁਰਦੁਆਰਾ ਬਣ ਰਿਹਾ ਸੀ।

ਗੁਰਮੁਖੀ ਤਾਂ ਮੈਂ ਫੌਜ ਵਿੱਚ ਪੜ੍ਹ ਲਈ ਸੀ। ਹੁਣ ਧਾਰਮਿਕ ਕਿਤਾਬਾਂ ਸੁੰਦਰੀ ਤੇ ਬਿਜੈ ਸਿੰਘ ਆਦਿ ਮੰਗਾ ਕੇ ਪੜ੍ਹੀਆਂ। ਅਖਬਾਰਾਂ ਵੀ ਪੜ੍ਹਨ ਲਗ ਪਿਆ। ਮੇਰੇ ਦਿਲ ਉੱਤੇ ਧਰਮ ਦਾ ਭਾਵ ਡੂੰਘਾ ਅਸਰ ਪਿਆ। ਮੈਂ ਕੰਮ-ਕਾਰ ਛੱਡ ਦਿੱਤਾ ਤੇ ਭਜਨ ਪਾਠ ਵਿੱਚ ਰੁੱਝ ਗਿਆ। ਸਵੇਰੇ ਉੱਠ ਕੇ ਹੀ ਭਜਨ ਕਰਨ ਲੱਗ ਪੈਂਦਾ।....ਕੈਨੇਡਾ ਵਿੱਚ ਸੰਤ ਤੇਜਾ ਸਿੰਘ ਨੇ ''ਗੁਰੂ ਨਾਨਕ ਮਾਈਨਿੰਗ ਐਂਡ ਟਰੱਸਟ ਕੰਪਨੀ'' ਬਣਾਈ ਸੀ। ਸੰਤ ਤੇਜਾ ਸਿੰਘ ਉਸ ਦਾ ਪਰਧਾਨ ਸੀ। ਮੈਨੂੰ ਕੈਨੇਡਾ ਸੱਦਿਆ ਤੇ ਮੈਨੂੰ ਮਜਬੂਰ ਕਰਕੇ, ਸੇਵਾ ਦਾ ਕੰਮ ਆਖ ਕੇ ਪ੍ਰਧਾਨ ਬਣਾ ਦਿੱਤਾ ਤੇ ਆਪ ਇੰਗਲੈਂਡ ਨੂੰ ਚਲਾ ਗਿਆ।.....ਹੁਣ ਮੇਰੇ ਸਾਹਮਣੇ ਇੱਕ ਹੋਰ ਕੰਮ ਆ ਗਿਆ। ਜਲੰਧਰ ਦੁਆਬਾ ਖਾਲਸਾ ਹਾਈ ਸਕੂਲ ਲਈ ਫੰਡ ਦੀ ਲੋੜ ਸੀ। ਮੈਂ ਉਸ ਲਈ ਉਗਰਾਹੀ ਕਰਨ ਲੱਗ ਪਿਆ। ਕੈਨੇਡਾ ਤੇ ਅਮਰੀਕਾ ਵਿਚੋਂ ਉਗਰਾਹੀ ਕੀਤੀ। ਮੇਰਾ ਖਿਆਲ ਹੈ ਇੱਕ ਲੱਖ ਰੁਪਏ ਦੇ ਕਰੀਬ ਉਗਰਾਹੀ ਕਰਕੇ ਭੇਜੀ ਹੋਵੇਗੀ!

'ਸੰਸਾਰ' ਅਖਬਾਰ ਮੈਂ ਵਿਕਟੋਰੀਆ (ਕੈਨੇਡਾ) ਰਹਿੰਦਾ ਸੀ। ਕੁਝ ਸੱਜਣਾ ਨਾਲ ਸਲਾਹ ਕਰਕੇ 'ਸੰਸਾਰ' ਅਖਬਾਰ ਗੁਰਮੁਖੀ ਵਿੱਚ ਜਾਰੀ ਕਰਨ ਦਾ ਫੈਸਲਾ ਕੀਤਾ। ਡਾ. ਸੁੰਦਰ ਸਿੰਘ (ਹਿੰਦੂ), ਕਰਤਾਰ ਸਿੰਘ ਅਕਾਲੀ ਮਾਹਲਪੁਰੀ, ਲਾਲ ਸਿੰਘ, ਈਸ਼ਰ ਸਿੰਘ ਤੇ ਮੈਂ (ਪਿਆਰਾ ਸਿੰਘ) ਰਲ ਕੇ ਕਮੇਟੀ ਬਣਾਈ! ਮੈਂ ਰੁਪਇਆ ਇਕੱਠਾ ਕੀਤਾ ਤੇ ਅਖਬਾਰ ਜਾਰੀ ਕੀਤਾ। ਅਖ਼ਬਾਰ ਦਾ ਆਸ਼ਾ ਪ੍ਰੇਮ-ਪਿਆਰ ਦਾ ਪਰਚਾਰ, ਸ਼ਰਾਬ ਤੇ ਜੂਏ ਦੀ ਨਿਖੇਧੀ, ਜਥੇਬੰਦੀ ਤੇ ਇਤਫ਼ਾਕ ਉਤੇ ਜ਼ੋਰ, ਕੈਨੇਡਾ ਵਿੱਚ ਸਾਡੇ ਆਉਣ ਉਤੇ ਲੱਗੀਆਂ ਪਾਬੰਦੀਆਂ ਦੂਰ ਕਰਨ ਤੇ ਇਸਤਰੀਆਂ, ਬੱਚਿਆਂ ਦੇ ਲਿਆਉਣ ਦੀ ਖੁੱਲ੍ਹ ਦੀ ਮੰਗ ਆਦਿ ਸੀ। ਕੁੱਝ ਚਿਰ ਅਖਬਾਰ ਚੰਗਾ ਚੱਲਿਆ। ਦੇਸ਼ ਵਾਸੀਆਂ ਨੇ ਬੜੀ ਸਹਾਇਤਾ ਕੀਤੀ। ਅਖਬਾਰ 1911 ਈ. ਦੇ ਅਖੀਰ ਵਿੱਚ ਜਾਰੀ ਹੋਇਆ।

....1913 ਈ. ਵਿੱਚ ਗ਼ਦਰ ਪਾਰਟੀ ਬਣ ਗਈ ਸੀ। ਮੈਂ ਕੈਨੇਡਾ ਹੀ ਸਾਂ। ਬੜੀ ਖੁਸ਼ੀ ਹੋਈ। ਪਰ ਮੈਂ ਬਕਾਇਦਾ ਮੈਂਬਰ ਨਾ ਬਣਿਆ। ਕੈਨੇਡਾ ਵਿੱਚ ਗ਼ਦਰ ਪਾਰਟੀ ਦੀ ਬਕਾਇਦਾ ਸ਼ਾਖ ਨਹੀਂ ਬਣੀ ਸੀ। ਉਂਝ ਅਸੀਂ ਸਾਰੇ ਹੀ ਗ਼ਦਰ ਪਾਰਟੀ ਤੇ ਗ਼ਦਰ ਅਖਬਾਰ ਦੇ ਹਾਮੀ ਸਾਂ।....ਹੁਣ ਗ਼ਦਰ ਪਾਰਟੀ ਨੇ ਐਲਾਨ ਕਰ ਦਿੱਤਾ ਕਿ ਅਜ਼ਾਦੀ ਲਈ ਕੁਰਬਾਨੀ ਦੇਣ ਵਾਲੇ ਹਿੰਦ ਨੂੰ ਚਾਲੇ ਪਾ ਦੇਣ, ਮੈਂ ਪ੍ਰਣ ਕੀਤਾ ਹੋਇਆ ਸੀ ਕਿ ਜਦ ਤੀਕ ਦੇਸ਼ ਨੂੰ ਆਜ਼ਾਦੀ ਨਹੀਂ ਮਿਲੇਗੀ ਮੈਂ ਸ਼ਾਦੀ ਨਹੀਂ ਕਰਾਂਗਾ। ਹੁਣ ਜਦ ਅਜ਼ਾਦੀ ਲਈ ਘੋਲ ਕਰਨ ਦਾ ਨਗਾਰਾ ਵੱਜ ਪਿਆ ਤਾਂ ਮੈਂ ਵੀ ਦੇਸ਼ ਜਾਣ ਲਈ ਤਿਆਰ ਹੋ ਪਿਆ।....ਜਹਾਜ਼ ਰਵਾਨਾ ਹੋਇਆ। ਜਹਾਜ਼ ਵਿੱਚ ਗ਼ਦਰ ਗੂੰਜਾਂ ਪੜ੍ਹੀਆਂ ਜਾਂਦੀਆਂ ਤੇ ਭੜਕੀਲੇ ਲੈਕਚਰ ਹੁੰਦੇ।....ਜਹਾਜ਼ ਵਿੱਚ ਫੈਸਲਾ ਹੋਇਆ ਕਿ ਪੰਜਾਬ ਪਹੁੰਚ ਕੇ ਇੱਕ ਤਾਂ ਲੋਕਾਂ ਵਿੱਚ ਅਜ਼ਾਦੀ ਲਈ ਅੰਗਰੇਜ਼ਾਂ ਵਿਰੁੱਧ ਪਰਚਾਰ ਕਰੋ, ਪੁਲਸ ਤੇ ਫੌਜ ਨੂੰ ਵਿਗਾੜੋ, ਹਥਿਆਰ ਜਮ੍ਹਾਂ ਕਰੋ, ਤਿਆਰੀ ਕਰੋ, ਅਤੇ ਜਦ ਮਿਥੀ ਤਰੀਖ ਉਤੇ ਹੁਕਮ ਪਹੁੰਚੇ ਥਾਉਂ ਥਾਈਂ ਅੰਗਰੇਜਾਂ ਉਤੇ ਹਮਲਾ ਬੋਲ ਦਿਓ।....ਮੈਂ ਦੁਆਬੇ ਵਿੱਚ ਅਜ਼ਾਦੀ ਦਾ ਪਰਚਾਰ ਕਰਦਾ ਰਿਹਾ।....21 ਫਰਵਰੀ, 1915 ਈ. ਦੀ ਤਾਰੀਖ ਮਿਥੀ ਗਈ ਸੀ। ਪਰ ਭੇਦ ਖੁੱਲ੍ਹ ਗਿਆ। ਹਕੂਮਤ ਨੂੰ ਇੱਕ ਚੁਗਲ ਨੇ ਇਤਲਾਹ ਦੇ ਦਿੱਤੀ। ਲਹੌਰ, ਫੀਰੋਜ਼ਪੁਰ ਤੇ ਹੋਰ ਕਈ ਥਾਈਂ ਗ੍ਰਿਫਤਾਰੀਆਂ ਸ਼ੁਰੂ ਹੋ ਗਈਆਂ। ਮੁਰੱਬੇ, ਨਕਦ, ਜੈਲ਼ਦਾਰੀਆਂ ਤੇ ਨੰਬਰਦਾਰੀਆਂ ਇਨਾਮ ਰੱਖੇ ਗਏ ਸਨ। ਮੇਰੀ ਗ੍ਰਿਫਤਾਰੀ ਦਾ ਵੀ ਇਨਾਮ ਰੱਖਿਆ ਗਿਆ ਸੀ।

**ਪਹਿਲੀ ਵਾਰ ਲੋਕਾਂ ਸਾਹਮਣੇ**

1920 ਈ. ਵਿੱਚ ਪੰਜਾਬ ਵਿੱਚ ਰਾਜਸੀ ਲਹਿਰ ਤੇਜ਼ ਹੋ ਗਈ। ਸਿੱਖਾਂ ਵਿੱਚ ਵੀ ਜਾਗਰਤੀ ਵਧ ਗਈ। ਅਕਤੂਬਰ 1920 ਈ. ਵਿੱਚ ਲਹੌਰ ਵਿੱਚ ਬਾਬਾ ਖੜਕ ਸਿੰਘ ਦੀ ਪ੍ਰਧਾਨਗੀ ਹੇਠ ਸਿੱਖ ਲੀਗ ਦੀ ਕਾਨਫਰੰਸ ਰੱਖੀ ਗਈ। ਅਸੀਂ ਵੀਹ-ਪੰਝੀ ਗ਼ਦਰੀ ਦੇਸ਼ ਭਗਤ ਉਥੇ ਪਹੁੰਚੇ। ਅਜ਼ਾਦੀ ਲਈ ਜੋਸ਼ ਦਾ ਸਮੁੰਦਰ ਠਾਠਾਂ ਮਾਰਦਾ ਵੇਖ ਕੇ ਸਾਨੂੰ ਬੜੀ ਖੁਸ਼ੀ ਹੋਈ। ਨਾ-ਮਿਲਵਰਤਨ ਦਾ ਮਤਾ ਪਾਸ ਹੋਇਆ। ਸਰਕਾਰ ਪੂਜ ਧੜੇ ਨੂੰ ਹਾਰ ਹੋ ਗਈ। ਦੇਸ਼ ਭਗਤਾਂ ਵਲੋਂ ਮੈਨੂੰ ਕਾਨਫਰੰਸ ਵਿੱਚ ਬੋਲਣ ਲਈ ਕਿਹਾ ਗਿਆ। ਮੈਂ ਹਾਜ਼ਰ ਲੋਕਾਂ ਨੂੰ ਯਕੀਨ ਦਵਾਇਆ ਕਿ ਭਾਵੇਂ ਅਸੀਂ ਉਮਰ ਕੈਦਾਂ ਤੇ ਜਾਇਦਾਦਾਂ ਦੀ ਜਬਤੀ ਮਗਰੋਂ ਰਿਹਾਅ ਹੋ ਕੇ ਆਏ ਹਾਂ ਪਰ ਅਸੀਂ ਅਜ਼ਾਦੀ ਪ੍ਰਾਪਤ ਦਾ ਪ੍ਰਣ ਕੀਤਾ ਹੋਇਆ ਹੈ। ਅਸੀਂ ਹੁਣ ਵੀ ਆਪਦੇ ਨਾਲ ਰਲ ਕੇ ਕੁਰਬਾਨੀਆਂ ਦੇਵਾਂਗੇ। ਹੁਣ ਪੰਜਾਬ ਵਿੱਚ ਗੁਰਦੁਆਰਾ ਲਹਿਰ (ਅਕਾਲੀ ਲਹਿਰ) ਚੱਲ ਪਈ। ਕਾਂਗਰਸ ਦੀ ਨਾ-ਮਿਲਵਰਤਨ ਦੀ ਲਹਿਰ ਚੱਲ ਪਈ। ਕੁੱਝ ਚਿਰ ਮਗਰੋਂ ਕਿਰਤੀ ਕਿਸਾਨਾਂ ਦੀ ਲਹਿਰ ਚੱਲ ਪਈ। 1922 ਈ. ਵਿੱਚ ਬੱਬਰ ਅਕਾਲੀ ਲਹਿਰ ਵੀ ਚੱਲੀ। ਇਨ੍ਹਾਂ ਲੋਕ ਲਹਿਰਾਂ ਨੂੰ ਸਾਮਰਾਜ ਵਿਰੋਧੀ ਸਮਝ ਕੇ ਮੈਂ ਪੂਰਾ ਹਿੱਸਾ ਲੈਂਦਾ ਰਿਹਾ।

....ਹੁਸ਼ਿਆਰਪੁਰ ਮੈਂ ਅਕਾਲੀ ਜਥਾ 1921 ਈ. ਵਿੱਚ ਜਥੇਬੰਦ ਕੀਤਾ। ਮੈਂ ਜਥੇਦਾਰ ਚੁਣਿਆ ਗਿਆ। ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ ਵੀ ਮੈਂ ਮੈਂਬਰ ਚੁਣਿਆ ਗਿਆ। 1923 ਵਿੱਚ ਜਦੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਕਾਨੂੰਨ ਖਿਲਾਫ ਕਰਾਰ ਦਿੱਤੀ ਗਈ ਮੈਂ ਵੀ ਫੜਿਆ ਗਿਆ ਤੇ ਗੁਰਦੁਆਰਾ ਐਕਟ ਬਣਨ ਉਤੇ ਸ. ਬਹਾਦਰ ਮਹਿਤਾਬ ਸਿੰਘ ਤੇ ਬਾਵਾ ਹਰਕਿਸ਼ਨ ਸਿੰਘ ਦੇ ਨਾਲ ਰਿਹਾਅ ਹੋਇਆ। ''ਪਰਦੇਸੀ ਖਾਲਸਾ'' ਅਖਬਾਰ ਜਾਰੀ ਕਰਨ ਵਿੱਚ ਹਿੱਸਾ ਪਾਇਆ। ਬੱਬਰ ਅਕਾਲੀਆਂ ਦੀ ਮਦਦ ਕੀਤੀ। ਉਨ੍ਹਾਂ ਨੂੰ ਲੋੜ ਪੈਣ ਤੇ ਰੁਪਇਆਂ ਦੀ ਸਹਾਇਤਾ ਕੀਤੀ। ਜੰਗ 1930 ਈ. ਵਿਚ ਸ਼ੁਰੂ ਹੋ ਗਿਆ। ਮੈਨੂੰ ਗ੍ਰਿਫਤਾਰ ਕਰਕੇ ਦੇਉਲੀ ਤੇ ਗੁਜਰਾਤ ਭੇਜਿਆ ਗਿਆ। ਰਿਹਾਈ ਮਗਰੋਂ 1946 ਈ. ਦੀਆਂ ਚੋਣਾਂ ਵਿੱਚ ਮੈਂ ਐਮ.ਐਲ.ਏ. ਅਕਾਲੀ ਪਾਰਟੀ ਵਲੋਂ ਚੁਣਿਆ ਗਿਆ।''



**⬅ ਬਾਬਾ ਭਾਗ ਸਿੰਘ ਕੈਨੇਡੀਅਨ, ਪਿਤਾ ਸ. ਅਤਰ ਸਿੰਘ ਉੱਪਲ ਜੱਟ, ਪਿੰਡ-ਉੱਪਲ ਭੂਪਾ, ਤਹਿ: ਫਿਲੌਰ, ਥਾਣਾ ਨੂਰਮਹਿਲ, ਜ਼ਿਲ੍ਹਾ ਜਲੰਧਰ।**

ਬਾਬਾ ਭਾਗ ਸਿੰਘ ਕੈਨੇਡੀਅਨ ਵੀ ਕੈਨੇਡਾ ਤੋਂ ਆਏ ਗ਼ਦਰੀ ਸਨ। ਬਾਕੀ ਗ਼ਦਰੀਆਂ ਨਾਲ ਹੀ ਗ਼ਦਰ ਕਰਨ ਲਈ ਪੰਜਾਬ ਨੂੰ ਚੱਲੇ। ਪਰ 29 ਅਕਤੂਬਰ 1914 ਨੂੰ ਕਲਕੱਤੇ ਤੋਂ ਗ੍ਰਿਫਤਾਰ ਕਰ ਲਏ। ਪਹਿਲੇ ਲਹੌਰ ਸਾਜ਼ਸ਼ ਕੇਸ ਵਿਚ ਉਮਰ ਕੈਦ ਕਾਲ਼ੇ ਪਾਣੀ ਦੀ ਸਜਾ ਹੋਈ। 1919

'ਚ ਰਿਹਾਅ ਹੋ ਕੇ ਆਏ। ਉਹਨਾਂ ਦੇ ਬਿਆਨ ਅਨੁਸਾਰ:

"ਮੇਰਾ ਜਨਮ ਮਹੀਨਾ ਮੱਘਰ ਵਿਚ ਸੰਨ 1876 ਈ. ਵਿਚ ਹੋਇਆ। ਜਦ ਹੋਸ਼ ਸੰਭਾਲੀ ਤਾਂ ਪਿੰਡ ਦੇ ਡੇਰੇ ਵਿਚ ਗੁਰਮੁਖੀ ਮਾੜੀ ਮੋਟੀ ਪੜ੍ਹ ਲਈ ਤੇ ਘਰ ਵਿਚ ਖੇਤੀਬਾੜੀ ਦੇ ਕੰਮ ਵਿੱਚ ਲੱਗ ਗਿਆ। ....ਮੇਰੀ ਜਵਾਨੀ ਸਮੇਂ ਦੁਆਬੇ ਵਿੱਚ ਦੋ ਮਜ਼ਹਬੀ ਤੇ ਸੁਧਾਰਕ ਲਹਿਰਾਂ ਚੱਲੀਆਂ ਆਰੀਆ ਸਮਾਜ ਤੇ ਸਿੰਘ ਸਭਾ। ਸਿੰਘ ਸਭਾ ਲਹਿਰ ਦੇ ਆਗੂ ਛੂਤ-ਛਾਤ ਦੂਰ ਕਰਨ ਤੇ ਅਛੂਤਾਂ ਨੂੰ ਸ਼ੁੱਧ ਕਰਨ, ਬੁੱਤ ਪੂਜਾ, ਸਰਾਧ ਆਦਿ ਨਾ ਕਰਨ ਦਾ ਉਪਦੇਸ਼ ਦੇਂਦੇ ਸਨ। ਬ੍ਰਾਹਮਣਾਂ ਦੇ ਭਰਮ ਜਾਲ ਤੋਂ ਲੋਕਾਂ ਨੂੰ ਕੱਢਦੇ ਸਨ। ਮੈਨੂੰ ਸਿੰਘ ਸਭਾ ਦੇ ਪਰਚਾਰ ਵਿਚ ਦਿਲਚਸਪੀ ਵਧ ਗਈ। ਮੈਂ ਇਨ੍ਹਾਂ ਦੇ ਜਲਸਿਆਂ ਵਿੱਚ ਆਉਣ ਜਾਣ ਲੱਗ ਪਿਆ। ਇੱਕ ਵੇਰਾਂ ਪਿੰਡ ਬਕਾਪੁਰ, ਤਹਿ. ਫਿਲੌਰ, ਵਿਚ ਬਹੁਤ ਭਾਰੀ ਜਲਸਾ ਹੋਇਆ। ਉਥੇ ਦੇ ਇੱਕ ਮੁਸਲਮਾਨ ਅਰਾਂਈ ਅਬਦੁੱਲ ਕਰੀਮ ਦੇ ਟੱਬਰ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਗਿਆ, ਉਨ੍ਹਾਂ ਦੇ ਹੱਥੀ ਪਰਸ਼ਾਦ ਲਿਆ ਤੇ ਲੰਗਰ ਛਕਿਆ। ਅਬਦੁੱਲ ਕਰੀਮ ਦਾ ਨਾਂ ਲਖਮੀਰ ਸਿੰਘ ਰੱਖਿਆ ਗਿਆ। ਜੋ ਮਗਰੋਂ ਸੰਤ ਲਖਮੀਰ ਸਿੰਘ ਦੇ ਨਾਂ ਨਾਲ ਬਹੁਤ ਪ੍ਰਸਿੱਧ ਹੋਇਆ। ਉਸ ਦਾ ਸਪੁੱਤਰ ਮਹਿਤਾਬ ਸਿੰਘ ਬੀਰ ਸ਼ੁੱਧੀ ਪਰਚਾਰ ਦਾ ਬੜਾ ਕੰਮ ਕਰਦਾ ਸੀ। ਦੂਜਾ ਸਮਾਗਮ ਬਿਲਗਾ, ਜ਼ਿਲਾ ਜਲੰਧਰ ਵਿੱਚ ਹੋਇਆ। ਇਸ ਸਮਾਗਮ ਵਿੱਚ ਸਿੱਖ ਪ੍ਰਚਾਰਕ ਤੇ ਸਿੱਖ ਆਗੂ ਆਏ। ਚਮਾਰਾਂ, ਰਾਮਦਾਸੀਆਂ ਆਦਿ ਅਛੂਤਾਂ ਨੂੰ ਸਿੰਘ ਸਜਾ ਕੇ ਅੰਮ੍ਰਿਤ ਵਰਤਾਇਆ ਗਿਆ। ਇੱਥੇ ਵੀ ਮੈਂ ਸ਼ਾਮਲ ਸੀ ਤੇ ਸ਼ੁੱਧ ਹੋਇਆਂ ਦੇ ਹੱਥੀਂ ਪਰਸ਼ਾਦ ਛਕਿਆ ਸੀ। ਪਿੰਡ ਦੇ ਲੋਕ ਨਰਾਜ਼ ਹੋ ਗਏ। ਮਾਤਾ-ਪਿਤਾ ਨਰਾਜ਼, ਮੈਨੂੰ ਕੁਝ ਚਿਰ ਪਿੰਡ ਵਾਲਿਆਂ ਬਾਈਕਾਟ ਵੀ ਕੀਤਾ ਪਰ ਮਗਰੋਂ ਇਹ ਬਾਈਕਾਟ ਹਟ ਗਿਆ, ਕਿਉਂਕਿ ਸਾਡਾ ਪਿੰਡ ਵਿੱਚ ਚੰਗਾ ਅਸਰ ਰਸੂਖ ਸੀ। ਇਸ ਤਰ੍ਹਾਂ ਇਨ੍ਹਾਂ ਦਿਨਾਂ ਵਿੱਚ ਮੈਂ ਸਿੰਘ ਸਭਾ ਦੀ ਸੁਧਾਰਕ ਤੇ ਸ਼ੁੱਧੀ ਦੀ ਲਹਿਰ ਵਿੱਚ ਦਿਲਚਸਪੀ ਲੈਂਦਾ ਰਿਹਾ।

ਇਨ੍ਹਾਂ ਦਿਨਾਂ ਵਿੱਚ ਅਮਰੀਕਾ ਤੇ ਕੈਨੇਡਾ ਵਿਚ ਕਮਾਈ ਦੀ ਬੜੀ ਚਰਚਾ ਸੀ। ਮੈਂ ਆਸਟਰੇਲੀਆ ਦਾ ਖਿਆਲ ਛਡ ਕੇ ਅਮਰੀਕਾ ....ਮੈਂ ਸਾਨਫਰਾਂਸਿਸਕੋ ਪਹੁੰਚ ਗਿਆ।..... ਇੱਕ-ਦੋ ਘਟਨਾਵਾਂ ਅਜਿਹੀਆਂ ਹੋਈਆਂ ਕਿ ਮੈਂ ਅਮਰੀਕਾ ਛੱਡ ਕੇ ਕੈਨੇਡਾ ਚਲਾ ਗਿਆ। 1909 ਸੰਨ ਚੜ੍ਹ ਕੁ ਚੁੱਕਾ ਸੀ। ਜਦੋਂ ਮੈਂ ਕੈਨੇਡਾ ਵਿੱਚ ਵੈਨਕੋਵਰ ਪਹੁੰਚਿਆ ਤਾਂ ਇੱਥੇ ਗੁਰਦੁਆਰਾ ਵੈਨਕੂਵਰ ਬਣ ਚੁੱਕਾ ਸੀ। ਖਾਲਸਾ ਦੀਵਾਨ ਸੁਸਾਇਟੀ ਬਣੀ ਹੋਈ ਸੀ। ਇੱਥੇ ਵੀ ਛੇ ਸੱਤ ਹਜ਼ਾਰ ਹਿੰਦੀ ਸਨ। ਕੈਨੇਡਾ ਵਿਚ ਕਾਫ਼ੀ ਜਾਗਰਤੀ ਸੀ। ਦੋ ਛੱਤਾ ਗੁਰਦੁਆਰਾ ਬਣ ਚੁੱਕਾ ਸੀ। ਉੱਪਰਲੀ ਛੱਤ 'ਤੇ ਧਾਰਮਕ ਦੀਵਾਨ ਸਜਦੇ ਸਨ। ਹੇਠਾਂ ਰਾਜਸੀ ਜਲਸੇ ਹੁੰਦੇ ਸਨ। ਹਿੰਦੀਆਂ ਦਾ ਆਪੋ ਵਿਚ ਬੜਾ ਪਿਆਰ ਸੀ। ਮੈਂ ਵੀ ਗੁਰਦੁਆਰੇ ਜਾਣ ਲੱਗ ਪਿਆ।

**ਫਿਰ ਅਮਰੀਕਾ ਨੂੰ**

ਭਗਵਾਨ ਸਿੰਘ ਦੇ ਲੈਕਚਰਾਂ ਬਾਰੇ ਮੈਨੂੰ ਅਮਰੀਕਾ ਵਿਚ ਪਤਾ ਲੱਗਾ। ਮੈਨੂੰ 1912 ਈ. ਦੇ ਅਖੀਰ ਵਿੱਚ ਅਮਰੀਕਾ ਤੋਂ ਦੋਸਤਾਂ ਨੇ ਚਿੱਠੀਆਂ ਲਿਖੀਆਂ ਸੀ ਕਿ ਇੱਥੇ ਆ ਜਾਓ। ਉਨ੍ਹਾਂ ਨੇ ਲਿਖਿਆ ਕਿ ਅਮਰੀਕਾ ਵਿਚ ਕੋਈ ਰਾਜਸੀ ਪਾਰਟੀ ਬਣਾਉਣ ਦਾ ਵਿਚਾਰ ਹੈ।....ਮੈਂ ਕਿਸੇ ਨਾ ਕਿਸੇ ਢੰਗ ਨਾਲ ਅਮਰੀਕਾ ਜਾ ਪਹੁੰਚਿਆ।.....ਸ਼ਾਇਦ ਮਾਰਚ 1913 ਈ. ਵਿਚ ਆਸਟੋਰੀਆ (ਓਰੇਗਨ) ਵਿਚ ਇੱਕ ਮੀਟਿੰਗ ਹੋਈ। ਲਾਗਲੀਆਂ ਕਈ ਮਿੱਲਾਂ ਤੋਂ ਵੀ ਆਦਮੀ ਆਏ। ਚੰਗਾ ਇਕੱਠ ਹੋਇਆ। ਲਾਲਾ ਹਰਦਿਆਲ ਨੇ ਲੈਕਚਰ ਦਿੱਤਾ। ਪਾਰਟੀ ਬਣਾਉਣ ਤੇ ਅਖਬਾਰ ਕੱਢਣ ਦੀ ਪ੍ਰੇਰਨਾ ਕੀਤੀ। ਉਥੇ ਪਾਰਟੀ ਬਣ ਗਈ। ਬਾਬਾ ਸੋਹਣ ਸਿੰਘ ਭਕਨਾ ਪਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ, ਮੁਨਸ਼ੀ ਰਾਮ ਮੀਤ ਸਕੱਤਰ, ਕਾਸ਼ੀ ਰਾਮ ਖਜ਼ਾਨਚੀ, ਕੇਸਰ ਸਿੰਘ ਠੱਠਗੜ-ਮੀਤ ਪ੍ਰਧਾਨ ਕਰੀਮ ਬਖ਼ਸ਼ ਮੀਤ ਪ੍ਰਧਾਨ ਚੁਣੇ ਗਏ। ਹੋਰ ਬਹੁਤ ਮੈਂਬਰ ਬਣ ਗਏ। ਮੈਂ ਵੀ ਮੈਂਬਰ ਬਣ ਗਿਆ। ਸੌ ਡਾਲਰ ਮੈਂ ਸਹਾਇਤਾ ਦਿੱਤੀ ਤੇ ਪਾਰਟੀ ਦੇ ਹੁਕਮ ਮੁਤਾਬਕ ਕੰਮ ਕਰਨ ਦਾ ਪ੍ਰਣ ਕੀਤਾ। ਹੋਰ ਬਹੁਤ ਸਾਰੇ ਮੈਂਬਰ ਬਣੇ ਤੇ ਦਸ ਹਜ਼ਾਰ ਡਾਲਰ ਇਕੱਠਾ ਹੋ ਗਿਆ। ਲੋਕਾਂ ਵਿੱਚ ਬੜਾ ਉਤਸ਼ਾਹ ਸੀ।



..... ਅਗਸਤ 1914 ਈ. ਨੂੰ ਜਰਮਨੀ ਨੇ ਯੁੱਧ ਛੇੜ ਦਿੱਤਾ ਤੇ ਬਰਤਾਨੀਆਂ ਵੀ ਚਾਰ ਅਗਸਤ ਨੂੰ ਸ਼ਾਮਲ ਹੋ ਗਿਆ। ਯੁੱਧ ਦੇ ਛਿੜਨ 'ਤੇ ਹੀ ਗ਼ਦਰ ਪਾਰਟੀ ਨੇ ਭਾਰਤ ਨੂੰ ਅਜ਼ਾਦ ਕਰਾਉਣ ਲਈ ਬਿਗਲ ਵਜਾ ਦਿੱਤਾ ਤੇ ਐਲਾਨ ਕਰ ਦਿੱਤਾ ਕਿ ਦੇਸ਼ ਨੂੰ ਹੁਣ ਅਜ਼ਾਦ ਕਰਾਉਣ ਦਾ ਸਮਾਂ ਆ ਗਿਆ ਹੈ। ਲੋਕਾਂ ਵਿੱਚ ਬੜਾ ਜੋਸ਼ ਸੀ। ਅਜ਼ਾਦੀ ਦੀ ਖਾਤਰ ਆਪਣਾ ਇਕੱਠਾ ਕੀਤਾ ਧਨ ਗ਼ਦਰ ਪਾਰਟੀ ਦੇ ਹਵਾਲੇ ਕਰ ਕੇ ਕੁਰਬਾਨੀ ਲਈ ਲੋਕ ਨਾਂ ਲਿਖਾਉਂਦੇ ਸਨ। ਮੈਂ ਵੀ ਕੁਝ ਰੁਪਇਆ ਕੋਲ ਰੱਖ ਕੇ ਬਾਕੀ ਰੁਪਏ ਤੇ ਜ਼ਮੀਨ ਪਾਰਟੀ ਦੇ ਹਵਾਲੇ ਕਰ ਦਿੱਤੀ ਤੇ ਦੇਸ਼ ਜਾਣ ਲਈ ਤਿਆਰ ਹੋ ਗਿਆ।....ਸਾਨਫਰਾਂਸਿਸਕੋ ਤੋਂ ਐਮਪ੍ਰੈਸ ਕੋਰੀਆ ਨਾਂ ਦੇ ਜਹਾਜ਼ ਵਿਚ ਜਾਣ ਦੀ ਤਿਆਰੀ ਹੋ ਗਈ। ਇਸ ਵਿੱਚ 62 ਗ਼ਦਰੀ ਯੋਧੇ ਸਨ। ....ਸਾਡਾ ਜਹਾਜ਼ ਕਲਕੱਤੇ ਘਾਟ 'ਤੇ ਲੱਗਾ। ਕਲਕੱਤੇ ਘਾਟ 'ਤੇ ਬਹੁਤ ਸਾਰੀ ਪੰਜਾਬੀ ਪੁਲਸ ਪਹੁੰਚ ਗਈ ਸੀ। ਬੜੀ ਤਕੜੀ ਤਲਾਸ਼ੀ ਹੋਈ ਤੇ ਪੁੱਛ ਗਿੱਛ ਸ਼ੁਰੂ ਹੋ ਗਈ।....ਇਹਨ੍ਹਾਂ ਸਾਨੂੰ ਯਕੀਨ ਦੁਆਇਆ ਕਿ ਅਮਨ ਅਮਾਨ ਨਾਲ ਗੱਡੀ ਵਿੱਚ ਬੈਠ ਜਾਓ ਤੁਹਾਨੂੰ ਘਰੋ ਘਰੀ ਪਹੁੰਚਾ ਦਿੱਤਾ ਜਾਏਗਾ। ਲੰਮੀ ਕੈਦੀਆਂ ਵਾਲੀ ਗੱਡੀ ਸੀ, ਸੀਖਾਂ ਵਾਲੀ। ਅਸੀਂ ਸਭ ਗੱਡੀ ਵਿੱਚ ਬੈਠ ਗਏ। ਦੁਪਾਸੇ ਰਫਲਾਂ ਲਈ ਫੌਜ ਖੜ੍ਹੀ ਸੀ। .....ਮੈਨੂੰ ਬਾਬਾ ਜਵਾਲਾ ਸਿੰਘ ਤੇ ਕੇਸਰ ਸਿੰਘ ਨੂੰ ਮਿੰਟਗੁਮਰੀ ਜੇਹਲ ਭੇਜ ਦਿੱਤਾ ਗਿਆ।....ਹੁਣ ਲਹੌਰ ਵਿੱਚ ਪਹਿਲੇ ਸਾਜਸ ਕੇਸ ਦਾ ਫੈਸਲਾ ਹੋ ਗਿਆ ਸੀ।.....ਮੈਂ 1916 ਈ. ਤੱਕ ਰਾਵਲਪਿੰਡੀ ਜੇਹਲ ਵਿਚ ਨਜ਼ਰਬੰਦ ਰਿਹਾ। ਅਖੀਰ 1916 ਈ. ਵਿੱਚ ਮੈਨੂੰ ਕੈਂਬਲਪੁਰ ਭੇਜ ਦਿੱਤਾ ਗਿਆ। 1919 ਈ. ਵਿੱਚ ਮਾਰਸ਼ਲ ਲਾਅ ਤੋਂ ਮਗਰੋਂ ਜੂਨ ਦੇ ਮਹੀਨੇ ਮੈਨੂੰ ਰਿਹਾਅ ਕੀਤਾ ਗਿਆ।


ਸਿੱਖਾਂ ਵਿੱਚ ਸਿੱਖ ਲੀਗ ਨਾਂ ਦੀ ਰਾਜਸੀ ਜਥੇਬੰਦੀ ਬਣੀ ਸੀ। ਇਸ ਉਤੇ ਪਹਿਲਾਂ ਝੋਲੀ ਚੁੱਕਾਂ ਦਾ ਕਬਜ਼ਾ ਸੀ। ਇਸ ਦਾ ਪਹਿਲਾ ਜਲਸਾ ਕਾਂਗਰਸ ਦੇ ਨਾਲ ਅੰਮ੍ਰਿਤਸਰ ਵਿਚ 1919 ਈ. ਵਿੱਚ ਹੋਇਆ ਸੀ। ਇਸ ਦੀਆਂ ਜ਼ਿਲ੍ਹੇ ਜ਼ਿਲ੍ਹੇ ਵਿੱਚ ਸ਼ਾਖਾਂ ਬਣੀਆਂ ਅਸੀਂ ਇਸ ਵਿਚ ਵੀ ਹਿੱਸਾ ਲੈਣ ਲੱਗ ਪਏ। ਨਵੀਂ ਚੋਣ ਵਿੱਚ ਸਿੱਖ ਲੀਗ ਗਰਮ ਧੜੇ ਦੇ ਹੱਥ ਆ ਗਈ। ਸ਼ਾਇਦ ਅਕਤੂਬਰ 1920 ਈ. ਦੇ ਅਖੀਰ ਵਿਚ ਇਸ ਦਾ ਦੂਜਾ ਸਾਲਾਨਾ ਜਲਸਾ ਲਹੌਰ ਬ੍ਰੈਡਲਾ ਹਾਲ ਵਿੱਚ ਹੋਇਆ। ਬਾਬਾ ਖੜਕ ਸਿੰਘ ਪਰਧਾਨ ਚੁਣੇ ਗਏ ਗ਼ਦਰ ਪਾਰਟੀ ਦੇ ਰਿਹਾਅ ਹੋਏ ਸਭ ਦੇਸ਼ ਭਗਤਾਂ ਨੂੰ ਉਥੇ ਸੱਦਿਆ ਗਿਆ। ਬੜਾ ਸਤਿਕਾਰ ਕੀਤਾ ਗਿਆ। ਸ਼ਹੀਦਾਂ ਨੂੰ ਸਰਧਾਂਜਲੀ ਭੇਟ ਕੀਤੀ। ਝੋਲੀ ਚੁੱਕਾਂ ਨੇ ਬੜਾ ਜ਼ੋਰ ਲਾਇਆ ਪਰ ਗਰਮ ਧੜੇ ਦੀ ਜਿੱਤ ਹੋਈ ਨਾ ਮਿਲਵਰਤਣ ਦਾ ਮਤਾ ਪਾਸ ਹੋ ਗਿਆ। ਸਿੱਖ ਲੀਗ ਦੇ ਇਸ ਸਮਾਗਮ ਵਿੱਚ ਭਾਈ ਪਿਆਰਾ ਸਿੰਘ ਲੰਗੇਰੀ ਦੇਸ਼ ਭਗਤਾਂ ਵਲੋਂ ਬੋਲਿਆ ਤੇ ਮੈਂ ਵੀ ਬੋਲਿਆ। .....ਮੈਂ ਅਤੇ ਮੇਰੇ ਸਾਥੀ ਨਵੀਆਂ ਰਾਜਸੀ ਲਹਿਰਾਂ ਨੂੰ ਸੁਧਾਰਕ ਸਮਝਦੇ ਸਾਂ ਜੋ ਇੱਕ ਹੱਦ ਤੱਕ ਸਾਮਰਾਜ ਵਿਰੋਧੀ ਸਨ। ਅਸੀਂ ਇਨ੍ਹਾਂ ਵਿਚ ਹਿੱਸਾ ਪਾਉਣ ਦਾ ਫੈਸਲਾ ਕਰ ਲਿਆ। .....ਮੈਂ ਸ਼ਾਇਦ 1921 ਈ. ਵਿਚ ਜਲੰਧਰ ਵਿਚ ''ਦੇਸ਼ ਸੇਵਕ ਬੁੱਕ ਏਜੰਸੀ'' ਨਾ ਰੱਖ ਕੇ ਇੱਕ ਕਿਤਾਬਾਂ ਦੀ ਦੁਕਾਨ ਖੋਲ ਦਿੱਤੀ ਤਾਂ ਜੋ ਸਾਥੀਆਂ ਦੇ ਮਿਲਣ ਗਿਲਣ ਦਾ ਅੱਡਾ ਬਣ ਜਾਵੇ।

**ਭਾਈ ਸੰਤੋਖ ਸਿੰਘ ਦਾ ਆਉਣਾ**

1923 ਈ. 'ਤੇ ਅਖੀਰ ਵਿੱਚ ਭਾਈ ਸੰਤੋਖ ਸਿੰਘ ਰੂਸੀ ਇਨਕਲਾਬ ਦੀ ਸਿਖਿਆ ਲੈ ਕੇ ਮਾਸਕੋ ਤੋਂ ਕਾਬਲ ਦੇ ਰਸਤੇ ਪੰਜਾਬ ਆਇਆ ਤੇ ਆਪਣੇ ਪਿੰਡ ਧਰਦੇਓ ਵਿੱਚ

ਨਜ਼ਰਬੰਦ ਕਰ ਦਿੱਤਾ ਗਿਆ। ਮੈਂ ਜਾ ਕੇ ਉਸ ਨੂੰ ਮਿਲਿਆ। ਉਸ ਕਿਰਤੀ ਕਿਸਾਨਾਂ ਲਈ ਵੱਖਰਾ ਅਖਬਾਰ ਕੱਢਣ ਦਾ ਇਰਾਦਾ ਦੱਸਿਆ।...ਆਖਿਰ 1925 ਈ. ਵਿੱਚ ਜਦੋਂ ਮਾ. ਊਧਮ ਸਿੰਘ ਕਾਬਲੋਂ ਆਇਆ ਤਾਂ ਉਸਨੇ ਕਿਹਾ ਕਿ ਗ਼ਦਰ ਪਾਰਟੀ ਦਾ ਹੁਕਮ ਹੈ ਕਿ 'ਕਿਰਤੀ' ਮਾਸਕ ਪੱਤਰ ਵੱਖਰਾ ਚਾਲੂ ਕੀਤਾ ਜਾਵੇ। ਸੋ ਇੱਕ ਜਨਵਰੀ 1926 ਈ. ਨੂੰ ਅੰਮ੍ਰਿਤਸਰ ਤੋਂ 'ਕਿਰਤੀ' ਮਾਸਕ ਪੱਤਰ ਦਾ ਪਹਿਲਾ ਪਰਚਾ ਪ੍ਰਕਾਸ਼ਤ ਕੀਤਾ ਗਿਆ। ਇਸ ਦੀ ਕਮੇਟੀ ਬਣੀ, ਮੈਂ, ਸੰਤੋਖ ਸਿੰਘ, ਕਰਮ ਸਿੰਘ ਚੀਮਾ, ਇੰਦਰ ਸਿੰਘ ਸੁਰ ਸਿੰਘ ਕਮੇਟੀ ਦੇ ਮੈਂਬਰ ਅਤੇ ਮੈਂ ਤੇ ਸੰਤੋਖ ਸਿੰਘ ਪ੍ਰਬੰਧਕ ਬਣਾਏ ਗਏ।....ਸੰਤੋਖ ਸਿੰਘ ''ਕਿਰਤੀ'' ਦਾ ਪਹਿਲਾ ਐਡੀਟਰ ਸੀ।

**ਗਿ. ਨਾਹਰ ਸਿੰਘ ਪੁੱਤਰ ਠਾਕਰ ਸਿੰਘ, ਪਿੰਡ ਗੁੱਜਰਵਾਲ, ਜ਼ਿਲਾ ਲੁਧਿਆਣਾ** ➡



ਗਿ. ਨਾਹਰ ਸਿੰਘ ਗੁੱਜਰਵਾਲ, ਮਾਲਵਾ ਖਾਲਸਾ ਹਾਈ ਸਕੂਲ ਲੁਧਿਆਣਾ ਵਿੱਚ ਕਰਤਾਰ ਸਿੰਘ ਸਰਾਭੇ ਨਾਲ ਪੜ੍ਹਿਆ ਸੀ। ਉਥੇ ਹੀ ਗਿ. ਹਰਭਜਨ ਸਿੰਘ ਚਮਿੰਡਾ ਹੁੰਦਾ ਸੀ। ਬਾਅਦ ਵਿਚ ਇਹ ਦੋਵੇਂ ਭਾਈ ਰਣਧੀਰ ਸਿੰਘ ਦੇ ਨਿਰਵਾਨ ਕੀਤਰਨੀ ਜਥੇ ਵਿੱਚ ਸ਼ਾਮਲ ਹੋ ਗਏ। ਕਰਤਾਰ ਸਿੰਘ ਸਰਾਭੇ ਹੋਰੀਂ ਜਦ ਅਮਰੀਕਾ-ਕੈਨੇਡਾ ਤੋਂ ਗ਼ਦਰ ਕਰਨ ਲਈ ਪੰਜਾਬ ਪਹੁੰਚੇ ਤਾਂ ਕਰਤਾਰ ਸਿੰਘ ਸਰਾਭਾ ਉੱਤਮ ਸਿੰਘ ਹਾਂਸ, ਬਾਬਾ ਨਿਧਾਨ ਸਿੰਘ ਚੁੱਘਾ ਨੇ ਭਾਈ ਰਣਧੀਰ ਸਿੰਘ ਦੇ ਜਥੇ ਨਾਲ ਤਾਲਮੇਲ ਕੀਤਾ ਤੇ ਉਹ ਜਥੇ ਸਮੇਤ ਗ਼ਦਰ ਵਿੱਚ ਸਾਥ ਦੇਣ ਲਈ ਤਿਆਰ ਹੋ ਗਏ। 19 ਫਰਵਰੀ 1915 ਨੂੰ ਫਿਰੋਜ਼ਪੁਰ ਦੀ ਛਾਉਣੀ ਵਿੱਚ ਜਿਹੜੇ ਗ਼ਦਰੀਆਂ ਨੇ ਗ਼ਦਰ ਕਰਨਾ ਸੀ, ਉਹਨਾਂ ਵਿੱਚ ਭਾਈ ਰਣਧੀਰ ਸਿੰਘ ਦਾ ਜਥਾ ਸ਼ਾਮਲ ਸੀ। ਬਾਅਦ ਵਿੱਚ ਗਿ. ਨਾਹਰ ਸਿੰਘ ਗੁੱਜਰਵਾਲ ਦੀ ਵੀ ਗ੍ਰਿਫਤਾਰੀ ਹੋ ਗਈ। ਦੂਜੇ ਲਹੌਰ ਸਾਜਿਸ਼ ਕੇਸ ਵਿਚ ਉਹਨਾਂ ਨੂੰ ਭਾਈ ਰਣਧੀਰ ਸਿੰਘ ਸਮੇਤ ਉਮਰ ਕੈਦ, ਜਾਇਦਾਦ ਜਬਤੀ ਦੀ ਸਜਾ ਹੋਈ। ਘਰ ਰਹਿਮ ਦੀ ਅਪੀਲ ਕਰਨ 'ਤੇ ਸੱਤ ਸਾਲ ਰਹਿ ਗਈ, ਜੋ ਉਹਨਾਂ ਨੇ ਮਿੰਟ ਗੁੰਮਰੀ ਜੇਲ੍ਹ ਵਿੱਚ ਕੱਟੀ। ਬਾਅਦ ਵਿੱਚ ਭਾਈ ਰਣਧੀਰ ਸਿੰਘ ਦੀਆਂ ਹਜ਼ਾਰੀ ਬਾਗ ਜੇਲ੍ਹ ਤੋਂ ਲਿਖੀਆਂ ਚਿੱਠੀਆਂ ਛਾਪੀਆਂ। ''ਅਜ਼ਾਦੀ ਦੀਆਂ ਲਹਿਰਾਂ'' ਪੁਸਤਕ ਲਿਖਣ ਤੋਂ ਇਲਾਵਾ ''ਪੰਜਾਬੀ ਰਤਨ'' ਅਖਬਾਰ ਵੀ ਕੱਢਦੇ ਰਹੇ।

....ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੂੰ ਕਰਤਾਰ ਸਿੰਘ ਸਰਾਭਾ, ਭਾਈ ਨਿਧਾਨ ਸਿੰਘ ਦੀ ਚੁੱਘਾ ਆਦਿ ਮਿਲੇ ਤੇ ਦੱਸਿਆ ਕਿ ਅੰਗਰੇਜੀ ਸਰਕਾਰ ਬੜੀ ਜ਼ਾਲਮ ਹੈ। ਇਸ ਨੇ ਸਿੱਖਾਂ ਉਤੇ ਬੜੇ ਜ਼ੁਲਮ ਕੀਤੇ ਹਨ। ਕਿਰਪਾਨ ਖੋਹੀ, ਖਾਲਸਾ ਕਾਲਜ ਖੋਹਿਆ, ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੀ, ਮਹਾਰਾਜਾ ਦਲੀਪ ਸਿੰਘ ਦਾ ਰਾਜ ਖੋਹ ਕੇ ਉਸ ਨੂੰ ਈਸਾਈ ਬਣਾ ਲਿਆ। ਗ਼ਦਰ ਪਾਰਟੀ ਨੇ ਅੰਗਰੇਜੀ ਰਾਜ ਨੂੰ ਖਤਮ ਕਰਨ ਦਾ ਬੀੜਾ ਚੁੱਕਿਆ ਹੈ। ਫੌਜਾਂ ਸਾਡੇ ਨਾਲ ਮਿਲ ਗਈਆਂ ਹਨ। ਤੁਸੀਂ ਵੀ ਸਾਡੇ ਨਾਲ ਸ਼ਾਮਲ ਹੋਵੋ। ਭਾਈ ਸਾਹਿਬ ਤਿਆਰ ਹੋ ਗਏ। ਉਹ ਧਾਰਮਕ ਪੁਰਸ਼ ਸਨ ਤੇ ਜ਼ੁਲਮ ਦੇ ਵਿਰੋਧੀ ਸਨ। ਗ਼ਦਰ ਲਈ ਤਾਰੀਖਾਂ ਮਿਥੀਆਂ ਜਾਂਦੀਆਂ ਰਹੀਆਂ। ਆਖਰ 21 ਫਰਵਰੀ ਪੱਕੀ ਹੋਈ। ਫਿਰ ਉਹ ਵੀ ਬਦਲ ਕੇ 19 ਤਾਰੀਖ ਕਰ ਦਿੱਤੀ ਗਈ। ਭਾਈ ਸਾਹਿਬ ਦੇ ਜਥੇ ਨੂੰ 19 ਫਰਵਰੀ ਨੂੰ ਫੀਰੋਜ਼ਪੁਰ ਛਾਵਣੀ ਪਹੁੰਚਣ ਦਾ ਹੁਕਮ ਸੀ। ਜਥੇ ਦੀਆਂ ਮੀਟਿੰਗਾਂ ਹੋਈਆਂ, ਤਿਆਰੀ ਹੋਈ। 19 ਫਰਵਰੀ ਨੂੰ ਜਥੇ ਦਾ ਇਕੱਠ ਹੋਇਆ। ਉੱਤਮ ਸਿੰਘ ਹਾਂਸ, ਈਸ਼ਰ ਸਿੰਘ ਢੁੱਡੀਕੇ ਤੇ ਹਰਨਾਮ ਸਿੰਘ ਗੁੱਜਰਵਾਲ ਵੀ ਆ ਰਲੇ।

19 ਫਰਵਰੀ ਨੂੰ ਕਿਸੇ ਗੱਡੀ ਉੱਤੇ ਮੁੱਲਾਂਪੁਰ ਸਟੇਸ਼ਨ ਤੋਂ ਸੁਆਰ ਹੋਏ। 50-60 ਸਿੰਘਾਂ ਦਾ ਜਥਾ ਸੀ। ਮੈਂ ਨਾਲ ਸੀ। ਕਿਸੇ ਕੋਲ ਪਸਤੌਲ ਜਾਂ ਰਫਲ ਨਹੀਂ ਸੀ। ਟਕੂਏ ਤੇ ਕਿਰਪਾਨਾ ਹੀ ਸਨ। 6.10 ਵਜੇ ਅਸੀਂ ਛਾਵਣੀ ਫੀਰੋਜ਼ਪੁਰ ਉਤਰੇ। ਅਸੀਂ ਸ਼ਬਦ ਪੜ੍ਹਦੇ ਸਾਂ। ਕਰਤਾਰ ਸਿੰਘ ਸਰਾਭਾ ਮਿਲਿਆ। ਇੱਕ ਥਾਂ ਜੰਗਲ ਵਿੱਚ ਛੱਤੂਵਾਲ, ਪਿੰਡ ਪਾਸ ਬਿਠਾ ਦਿੱਤਾ। ਅੱਧੀ ਰਾਤ ਦਾ ਸਮਾਂ ਗੁਜਰ ਗਿਆ। ਬਾਰਾਂ ਵੱਜ ਗਏ, ਹੈਰਾਨੀ ਹੋਈ। ਮਗਰੋਂ ਕਰਤਾਰ ਸਿੰਘ ਸਰਾਭਾ ਨੇ ਆ ਕੇ ਦੱਸਿਆ ਕਿ ਭੇਦ ਖੁੱਲ ਗਿਆ ਹੈ। ਇਹ ਖੇਲ੍ਹ ਖਤਮ। ਫੌਜਾਂ ਕੋਲੋਂ ਹਥਿਆਰ ਖੋਹ ਲਏ ਗਏ ਹਨ। ਹੁਣ ਕੁੱਝ ਨਹੀਂ ਬਣ ਸਕਦਾ। ਤੁਸੀਂ ਵਾਪਸ ਜਾਓ ਤੇ ਖਿੰਡ ਜਾਓ। ਸੁ ਅਸੀਂ ਰਾਤ ਉਥੇ ਕੱਟੀ ਫਿਰ ਫੀਮੇ ਦੀ ਥਾਣੀ ਪਿੰਡ ਵਾਪਸ ਆ ਗਏ ਤੇ ਜਥੇ ਦੇ ਸਿੰਘ ਘਰੋਂ ਘਰੀ ਚਲੇ ਗਏ। ਭਾਈ ਸਾਹਿਬ ਦੇ ਪਿਤਾ ਨਾਭੇ ਹੁੰਦੇ ਸਨ। ਉਹ ਉਥੇ ਚਲੇ ਗਏ। ਕੁੱਝ ਚਿਰ ਬਾਅਦ ਉਹ 9 ਜੂਨ ਨੂੰ ਉਥੋਂ ਗ੍ਰਿਫਤਾਰ ਕੀਤੇ ਗਏ। ਫਿਰ ਹਰਨਾਮ ਸਿੰਘ ਗੁੱਜਰਵਾਲ, ਫਿਰ ਪੂਰਨ ਸਿੰਘ ਵੀ ਗ੍ਰਿਫਤਾਰ ਹੋ ਗਿਆ, ਉਸ ਭੇਦ ਖੋਲ੍ਹ ਦਿੱਤਾ। 25 ਜੂਨ 1915 ਈ. ਨੂੰ ਮੈਨੂੰ ਪਿੰਡੋ ਗ੍ਰਿਫਤਾਰ ਕਰ ਲਿਆ ਗਿਆ। ਮੇਰੀ ਉਮਰ ਉਸ ਸਮੇਂ 22 ਵਰ੍ਹੇ ਦੀ ਸੀ। ਜਥੇ ਦੇ ਹੋਰ ਕਈ ਸੱਜਣ ਗ੍ਰਿਫਤਾਰ ਹੋ ਗਏ। ਗਿ. ਹਰਭਜਨ ਸਿੰਘ ਇਨ੍ਹਾਂ ਵਿਚ ਸੀ। ਇਸ ਦੀ ਉਮਰ ਪੰਦਰਾਂ-ਸੋਲਾਂ ਸਾਲ ਸੀ। 27 ਅਕਤੂਬਰ ਨੂੰ ਸਭ ਨੂੰ ਲਹੌਰ ਜੇਲ੍ਹ ਵਿਚ ਇਕੱਠਾ ਕੀਤਾ ਗਿਆ। ਸਾਨੂੰ ਸਿਆਸਤ ਖਾਨੇ ਵਿੱਚ ਰੱਖਿਆ ਗਿਆ। ਮੁਕੱਦਮਾ ਚੱਲਿਆ। ਕੁੱਲ 102 ਸਨ। ਦੋ ਮੁਨਕਰ ਸਨ, ਸੌ ਉਤੇ ਕੇਸ ਚੱਲਿਆ ਸੀ ਤੇ 30 ਮਾਰਚ 1916 ਈ. ਨੂੰ ਫੈਸਲਾ ਹੋਇਆ ਸੀ। ਇਸ ਕੇਸ ਵਿਚ ਪ੍ਰਸਿੱਧ ਸੱਜਣ ਸੰਤ ਰਣਧੀਰ ਸਿੰਘ, ਭਾਈ ਗੁੱਜਰ ਸਿੰਘ, ਸੰਤ ਵਸਾਖਾ ਸਿੰਘ, ਫੁੰਮਣ ਸਿੰਘ, ਅਜੀਤ ਸਿੰਘ, ਹਰਨਾਮ ਸਿੰਘ ਕਾਲਾ ਸੰਘਾ ਆਦਿ ਸਨ। ਮੇਰੇ ਵਿਰੁੱਧ ਸੁੰਦਰ ਸਿੰਘ, ਅਨੋਖ ਸਿੰਘ, ਊਧਮ ਸਿੰਘ, ਭਗਤ ਸਿੰਘ, ਨਿਹਾਲ ਕੌਰ ਗਵਾਹ ਸਨ। ਮੈਨੂੰ ਉਮਰ ਕੈਦ ਤੇ ਜਾਇਦਾਦ ਜਬਤੀ ਦੀ ਸਜਾ ਮਿਲੀ। ਮਗਰੋਂ ਰਹਿਮ ਦੀ ਦਰਖਾਸਤ ਉਤੇ ਮੇਰੀ ਸਜਾ ਸੱਤ ਸਾਲ ਦੀ ਰਹਿ ਗਈ। ਪਰ ਪੂਰੀ ਕੈਦ ਨਹੀਂ ਕੱਟੀ।

ਮਗਰੋਂ 'ਸਿੱਖ ਸੇਵਕ' ਅਖਬਾਰ ਅੰਮ੍ਰਿਤਸਰੋਂ ਕੱਢਿਆ ਗਿਆ। ਗਿਆਨੀ ਜੀ ਇਸ ਦਾ ਐਡੀਟਰ ਲੱਗਾ। 1934 ਈ. ਵਿਚ ਫਿਰ ਇੱਕ ਅਖਬਾਰ 'ਗੁਰ ਸੇਵਕ' ਜਾਰੀ ਕੀਤਾ। ....ਦੋ ਸਾਲ 'ਖਾਲਸਾ' ਤੇ 'ਖਾਲਸਾ ਐਡਵੋਕੇਟ' ਦਾ ਐਡੀਟਰ ਰਹੇ। 'ਪੰਜਾਬੀ ਰਤਨ' ਨਾਂ ਦਾ ਹਫਤੇਵਾਰ ਅਖਬਾਰ ਜਾਰੀ ਕੀਤਾ ਹੈ। ਵਧੇਰੇ ਇਤਿਹਾਸਕ ਲੇਖ ਲਿਖਦੇ ਰਹੇ ਇਹਨਾਂ ਦੀਆਂ ਰਚਨਾਵਾਂ ਇਹ ਹਨ:

(1) ਚਹੁੰ ਜੁੱਗਾਂ ਦਾ ਨਿਬੇੜਾ

(2) ਰਾਜ ਕਰੇਗਾ ਖਾਲਸਾ

(3) ਅਜ਼ਾਦੀ ਦੀਆਂ ਲਹਿਰਾਂ

(ਸਰੋਤ: ਗ਼ਦਰ ਲਹਿਰ ਦੀ ਕਹਾਣੀ-ਗ਼ਦਰੀ ਬਾਬਿਆਂ ਦੀ ਜ਼ੁਬਾਨੀ-ਗਿ. ਹੀਰਾ ਸਿੰਘ ਦਰਦ, ਸੰਪਾ: ਡਾ. ਹਰਜੀਤ ਸਿੰਘ, ਦੇਸ਼ ਭਗਤ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ-ਨਵੰਬਰ-2017)


## ਚੰਦਾ ਨਵਿਆਉਣ ਸਬੰਧੀ

ਜੇ ਆਪ ਜੀ ਦਾ ਸਾਲਾਨਾ ਚੰਦਾ ਇਸ ਮਹੀਨੇ ਖਤਮ ਹੋ ਗਿਆ ਹੈ ਤਾਂ ਮੈਗਜ਼ੀਨ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਦੁਬਾਰਾ ਚੰਦਾ ਭੇਜੋ ਜੀ। ਮੈਗਜ਼ੀਨ ਦੀ ਸਾਲਾਨਾ ਭੇਟਾ 250/- ਅਤੇ ਲਾਈਫ਼ ਮੈਂਬਰਸ਼ਿਪ 3000/- ਹੈ। ਚੰਦਾ ਭੇਜਣ ਸਮੇਂ ਆਪਣਾ ਨਾਮ ਬੈਂਕ ਕਲਰਕ ਨੂੰ ਜ਼ਰੂਰ ਲਿਖਵਾਓ ਅਤੇ ਮੁੱਖ ਦਫਤਰ ਵਿਚ ਚੰਦਾ ਭੇਜਣ ਦੀ ਸੂਚਨਾ ਜ਼ਰੂਰ ਦਿਓ। ਤੁਸੀਂ ਇਸ ਮੈਗਜ਼ੀਨ ਦਾ ਚੰਦਾ ਹੇਠ ਲਿਖੇ A/C ਵਿੱਚ ਵੀ ਭੇਜ ਸਕਦੇ ਹੋ। **AXIS Bank, Branch : Phullanwal, IFSC Code: UTIB0000196, A/C : 913010032526897,** ਤੁਸੀਂ **GURMAT VIRSA** ਦੇ ਨਾਮ ਤੇ ਚੈੱਕ ਵੀ ਭੇਜ ਸਕਦੇ ਹੋ।

# ਸਿੰਘ ਸਭਾ ਲਹਿਰ ਦੀ ਪਰਦੇਸੀ ਪੱਤਰਕਾਰੀ ਵਿਚ ਬਹੁਪੱਖੀ ਅਤੇ ਬਹੁਪਸਾਰੀ ਦੇਣ

**ਡਾ. ਗੁਰਵਿੰਦਰ ਸਿੰਘ ਧਾਲੀਵਾਲ (ਕੈਨੇਡਾ)**

**ਡਾ. ਗੁਰਵਿੰਦਰ ਸਿੰਘ ਧਾਲੀਵਾਲ : ਕੈਨੇਡਾ ਦੀ ਜਾਣੀ ਪਛਾਣੀ ਸ਼ਖ਼ਸੀਅਤ ਹੈ। ਉਹ ਇਕੋ ਸਮੇਂ, ਰੇਡੀਓ ਪ੍ਰੈਜ਼ੈਂਟਰ, ਟੀ.ਵੀ ਬ੍ਰਾਡਕਾਸਟਰ, ਪੱਤਰਕਾਰ, ਐਡੀਟਰ, ਸਾਹਿਤਕਾਰ ਤੇ ਕਾਰੋਬਾਰੀ ਹੈ। ਉਸ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ 'ਗ਼ਦਰ ਲਹਿਰ ਅਤੇ ਪਰਵਾਸੀ ਪੱਤਰਕਾਰੀ' 'ਤੇ ਪੀ. ਐਚ. ਡੀ ਦੀ ਡਿਗਰੀ ਕੀਤੀ ਹੋਈ ਹੈ।**

ਸਿੱਖ ਜਗਤ 2022-23 ਵਿਚ ਸਿੱਖ ਸੰਸਥਾਵਾਂ ਦੀ ਪੁਨਰ ਸੁਰਜੀਤੀ ਲਹਿਰ ਵਜੋਂ ਜਾਣੀ ਜਾਂਦੀ, 'ਸਿੰਘ ਸਭਾ ਲਹਿਰ' ਦਾ 150ਵਾਂ ਵਰ੍ਹਾ ਉਚੇਚੇ ਤੌਰ 'ਤੇ ਮਨਾ ਰਿਹਾ ਹੈ। ਇਸ ਸਬੰਧ ਵਿਚ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਚੰਡੀਗੜ੍ਹ ਵੱਲੋਂ ਵੱਡੇ ਸਮਾਗਮ ਉਲੀਕੇ ਗਏ ਹਨ। ਇਹ ਸ਼ਲਾਘਾਯੋਗ ਉਪਰਾਲਾ ਹੈ ਅਤੇ ਦੇਸ਼-ਵਿਦੇਸ਼ 'ਚੋਂ ਇਸ ਸੰਬੰਧੀ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਸਿੰਘ ਸਭਾ ਲਹਿਰ ਦੀ ਜਿਥੇ ਪੰਜਾਬ ਦੀ ਧਰਤੀ 'ਤੇ ਸਿੱਖੀ ਦੇ ਫੈਲਾਅ ਵਿੱਚ ਵਿਸ਼ੇਸ਼ ਭੂਮਿਕਾ ਹੈ, ਉੱਥੇ ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਸਿੱਖ ਸਿਧਾਂਤਾਂ ਦੇ ਪ੍ਰਸਾਰ ਵਿਚ ਵੀ ਇਸ ਦੀ ਵਡਮੁਲੀ ਦੇਣ ਹੈ। ਇਸ ਤੋਂ ਇਲਾਵਾ ਪੰਜਾਬੀ ਪੱਤਰਕਾਰੀ ਦੇ ਵਿਕਾਸ ਵਿੱਚ ਵੀ ਸਿੰਘ ਸਭਾ ਲਹਿਰ ਦੇ ਯੋਗਦਾਨ ਨੂੰ ਅਣਗੌਲਾ ਨਹੀਂ ਕੀਤਾ ਜਾ ਸਕਦਾ। ਇਸ ਵਿੱਚ ਦੋ ਰਾਵਾਂ ਨਹੀਂ ਕਿ ਪੰਜਾਬ ਵਿਚ ਪੰਜਾਬੀ ਪੱਤਰਕਾਰੀ ਦਾ ਜਨਮ ਧਾਰਮਿਕ ਅਤੇ ਸਮਾਜਿਕ ਲਹਿਰਾਂ ਵਿਚੋਂ ਹੋਇਆ। ਸਭ ਤੋਂ ਪਹਿਲਾਂ ਪਾਦਰੀਆਂ ਨੇ ਈਸਾਈ ਧਰਮ ਪ੍ਰਚਾਰ ਲਈ 1836 ਵਿਚ ਲੁਧਿਆਣੇ ਤੋਂ ਪਹਿਲਾ ਪੱਤਰ 'ਲੁਧਿਆਣਾ' ਸ਼ੁਰੂ ਕੀਤਾ, ਮਗਰੋਂ ਉਨ੍ਹਾਂ 1838 ਵਿਚ ਬੰਗਾਲ ਦੇ ਪੱਤਰ 'ਜਾਮੇ ਜਹਾਂਨੁਮਾ ਨੂੰ 'ਜਗਤ ਪ੍ਰਕਾਸ਼ ਦਰਸ' ਨਾਂ ਹੇਠ ਗੁਰਮੁਖੀ 'ਚ ਛਾਪਣਾ ਸ਼ੁਰੂ ਕੀਤਾ। ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਪਾਦਰੀਆਂ ਵੱਲੋਂ ਲੁਧਿਆਣੇ ਤੋਂ ਜਾਰੀ ਕੀਤੇ ਗਏ ਪਹਿਲੇ ਪੰਜਾਬੀ ਪੱਤਰ ਦਾ ਨਾਂ 'ਚੁਪੱੜ੍ਹੀਆ' ਸੀ। 1856 ਵਿਚ ਲਾਹੌਰ ਤੋਂ ਗੁਰਮੁਖੀ, ਅੰਗਰੇਜ਼ੀ ਅਤੇ ਉਰਦੂ ਦਾ ਇਕ ਸਾਂਝਾ ਪੱਤਰ 'ਪੰਜਾਬੀ' ਕੱਢਿਆ ਗਿਆ। ਈਸਾਈ ਪਾਦਰੀਆਂ ਦੇ ਕਦਮਾਂ 'ਤੇ ਚਲਦਿਆਂ ਹਿੰਦੂ ਮਤ ਦੇ ਪ੍ਰਚਾਰ ਲਈ, ਮੁਨਸ਼ੀ ਹਰੀ ਨਾਰਾਇਣ ਅਤੇ ਫਿਰਾਇਆ ਲਾਲ ਵੱਲੋਂ 1 ਮਾਰਚ 1867 ਵਿਚ ਹਿੰਦੀ ਬੋਲੀ ਦਾ ਗੁਰਮੁਖੀ ਲਿਪੀ ਵਿਚ ਅਖ਼ਬਾਰ 'ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਜੀ' ਸ਼ੁਰੂ ਕੀਤਾ ਗਿਆ। ਹਿੰਦੀ ਅਤੇ ਗੁਰਮੁਖੀ ਦਾ ਸਾਂਝਾ ਪੱਤਰ 'ਸੁਕਬਿ ਸੰਬੋਧਨ'' ਪੰਡਿਤ ਸੰਤੋਖ ਸਿੰਘ ਵੱਲੋਂ 1875 'ਚ ਅਤੇ 'ਅਖ਼ਬਾਰ ਕਾਬਿਯ ਚੰਦ੍ਰੋਦਯ' 1876 ਵਿਚ ਸ਼ੁਰੂ ਕੀਤਾ ਗਿਆ।

ਚਾਹੇ ਗੁਰਮੁਖੀ ਵਿਚ ਪ੍ਰਕਾਸ਼ਤ ਹੋਣ ਵਾਲੇ ਉਪਰੋਕਤ ਅਖਬਾਰ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਦਾ ਹਿੱਸਾ ਹਨ, ਪਰ ਸਿੰਘ ਸਭਾ ਲਹਿਰ ਦੇ 1873 ਵਿਚ ਹੋਂਦ 'ਚ ਆਉਣ ਮਗਰੋਂ ਹੀ 'ਨਿਰੋਲ ਪੰਜਾਬੀ ਸਮਾਚਾਰ ਪੱਤਰ' ਹੋਂਦ ਵਿਚ ਆਏ। ਜੂਨ 1876 ਵਿਚ ਭਾਈ ਪ੍ਰਤਾਪ ਸਿੰਘ ਗਿਆਨੀ ਵੱਲੋਂ ਲਾਹੌਰ ਤੋਂ ਪੱਥਰ ਦੇ ਛਾਪੇ 'ਤੇ ਪਹਿਲਾ ਮਾਸਿਕ ਗੁਰਮੁਖੀ ਪੱਤਰ 'ਅਕਾਲ ਪ੍ਰਕਾਸ਼' ਆਰੰਭ ਕੀਤਾ ਗਿਆ, ਜਿਸ ਵਿਚ ਸਿੰਘ ਸਭਾ ਲਹਿਰ ਦੀਆਂ ਸਰਗਰਮੀਆਂ ਦੇ ਵੇਰਵੇ ਦਰਜ ਕੀਤੇ ਜਾਂਦੇ ਸਨ।

ਸਿੰਘ ਸਭਾ ਲਾਹੌਰ ਦੇ ਬਾਨੀ ਪ੍ਰੋ. ਗੁਰਮੁਖ ਸਿੰਘ ਨੇ 10 ਨਵੰਬਰ 1880 ਨੂੰ ਲਾਹੌਰ ਤੋਂ



**ਪ੍ਰੋ. ਗੁਰਮੁਖ ਸਿੰਘ**

ਹਫ਼ਤਾਵਾਰੀ 'ਗੁਰਮੁਖੀ ਅਖ਼ਬਾਰ' ਸ਼ੁੱਧ ਪੰਜਾਬੀ 'ਚ ਆਰੰਭ ਕਰਕੇ, ਨਾ ਸਿਰਫ਼ ਧਾਰਮਿਕ ਅਤੇ ਸਮਾਜਿਕ ਸੁਧਾਰ ਲਹਿਰ ਨੂੰ ਪ੍ਰਚੰਡ ਕੀਤਾ, ਸਗੋਂ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਵੀ ਵਡਮੁੱਲਾ ਯੋਗਦਾਨ ਪਾਇਆ। ਇਸ ਤੋਂ ਮਗਰੋਂ ਪੰਜਾਬ ਤੋਂ ਗੁਰਮੁਖੀ 'ਚ ਛਪਣ ਵਾਲੇ ਸਮਾਚਾਰ ਪੱਤਰਾਂ ਅਤੇ ਰਸਾਲਿਆਂ ਚ ਕਾਫੀ ਤੇਜ਼ੀ ਆਈ, ਜਿਨ੍ਹਾਂ 'ਚ ਪ੍ਰੋ. ਗੁਰਮੁਖ ਸਿੰਘ ਵੱਲੋਂ 1881 'ਚ ਧਾਰਮਿਕ ਸਾਹਿਤ ਦਾ ਮਾਸਿਕ ਪੱਤਰ 'ਵਿਦਯਾਰਕ ਪੰਜਾਬ' ਅਤੇ ਬੇਦੀ ਉਦੈ ਸਿੰਘ ਵੱਲੋਂ 1882 ਵਿਚ 'ਰਸਾਲਾ-ਏ-ਗੁਰ ਪ੍ਰਤਾਪ ਸੂਰਜ ਉਦੈ' ਪੱਤਰ ਕੱਢੇ ਗਏ।


ਸਿੰਘ ਸਭਾ ਲਹਿਰ ਦੇ ਉਸਰੀਏ ਪ੍ਰੋ. ਗੁਰਮੁਖ ਸਿੰਘ ਵੱਲੋਂ 12 ਜੂਨ 1886 ਵਿੱਚ ਕੱਢਿਆ ਗਿਆ ਹਫ਼ਤਾਵਾਰੀ 'ਖਾਲਸਾ ਅਖ਼ਬਾਰ' ਪੰਜਾਬੀ ਪੱਤਰਕਾਰੀ ਦੇ ਜਗਤ 'ਚ ਇਕ ਹੋਰ ਵੱਡੀ ਪੁਲਾਂਘ ਕਹੀ ਜਾ ਸਕਦੀ ਹੈ। ਮਗਰੋਂ ਇਸ ਕਾਰਜ ਵਿੱਚ ਗਿਆਨੀ ਦਿੱਤ ਸਿੰਘ ਨੇ ਇਤਿਹਾਸਕ ਯੋਗਦਾਨ ਪਾਇਆ ਅਤੇ ਪੰਜਾਬੀ ਪੱਤਰਕਾਰੀ ਨੂੰ ਵਿਕਾਸ ਦੀਆਂ ਲੀਹਾਂ ਵੱਲ ਤੋਰਿਆ। ਪੰਜਾਬੀ ਛਾਪੇਖ਼ਾਨੇ ਦੇ ਇਤਿਹਾਸ 'ਚ 1883 ਵਿਚ ਸਿੰਘ ਸਭਾ ਲਾਹੌਰ ਵੱਲੋਂ ਮਹਾਰਾਜਾ ਰਿਪੁਦਮਨ ਸਿੰਘ ਨਾਭਾ ਦੇ ਸਹਿਯੋਗ ਨਾਲ ਸਥਾਪਤ ਕੀਤੀ ਗਈ 'ਖਾਲਸਾ ਪਰੈੱਸ' ਅਤੇ ਇਸ ਤੋਂ ਪ੍ਰੇਰਿਤ ਹੋ ਕੇ ਸਿੰਘ ਸਭਾ ਅੰਮ੍ਰਿਤਸਰ ਦੇ ਵਜੀਰ ਸਿੰਘ ਵੱਲੋਂ ਡਾ. ਭਾਈ ਵੀਰ ਸਿੰਘ ਦੇ ਸਹਿਯੋਗ ਨਾਲ ਆਰੰਭੀ 'ਵਜ਼ੀਰ ਹਿੰਦ ਪ੍ਰੈਸ' ਨੇ ਪੰਜਾਬੀ ਪੱਤਰਕਾਰੀ ਦੇ ਇਤਿਹਾਸ ਵਿਚ ਅਹਿਮ ਭੂਮਿਕਾ ਨਿਭਾਈ। ਭਾਈ ਵੀਰ ਸਿੰਘ ਵੱਲੋਂ 1892 ਵਿਚ ਖਾਲਸਾ ਟਰੈਕਟ ਸੁਸਾਇਟੀ ਦੇ ਪੰਦਰਾਂ-ਰੋਜ਼ਾ ਪੱਤਰ 'ਨਿਰਗੁਣਆਰਾ' ਦੇ ਛਪਣ ਨਾਲ ਪੰਜਾਬੀ ਦੇ ਪਾਠਕਾਂ ਦੀ ਗਿਣਤੀ ਲੱਖਾਂ ਤੱਕ ਪਹੁੰਚ ਗਈ।

ਸਿੰਘ ਸਭਾ ਲਹਿਰ ਦੇ ਅਸਰ ਦਾ ਨਤੀਜਾ ਹੀ ਸੀ ਕਿ ਪੰਜਾਬੀ ਪੱਤਰਕਾਰੀ ਦੇ ਆਰੰਭਿਕ ਦੌਰ 'ਚ ਸਭ ਤੋਂ ਵੱਧ ਸਮਾਂ ਛਪਣ ਵਾਲਾ ਹਫ਼ਤਾਵਾਰੀ 'ਖਾਲਸਾ ਸਮਾਚਾਰ', 17 ਨਵੰਬਰ 1899 ਨੂੰ 'ਵਜ਼ੀਰ ਹਿੰਦ ਪ੍ਰੈੱਸ' ਵੱਲੋਂ ਭਾਈ ਵੀਰ ਸਿੰਘ ਦੇ ਸਹਿਯੋਗ ਨਾਲ ਆਰੰਭ ਹੋਇਆ। ਐੱਸ.ਐੱਸ.ਚਰਨ ਸਿੰਘ ਸ਼ਹੀਦ ਵੱਲੋਂ 4 ਦਸੰਬਰ 1914 ਨੂੰ ਰੋਜ਼ਾਨਾ 'ਸ਼ਹੀਦ' ਅਖ਼ਬਾਰ ਸ਼ੁਰੂ ਕਰਕੇ ਪੰਜਾਬੀ ਪੱਤਰਕਾਰੀ ਨੂੰ ਪ੍ਰਫੁੱਲਤ ਕੀਤਾ। ਸਿੰਘ ਸਭਾ ਲਹਿਰ ਦੇ ਜ਼ਿਕਰ ਤੋਂ ਬਗੈਰ ਪੰਜਾਬੀ ਪੱਤਰਕਾਰੀ ਦਾ ਇਤਿਹਾਸ ਅਧੂਰਾ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਪੱਤਰਕਾਰੀ ਦੇ ਇਤਿਹਾਸਕਾਰਾਂ ਅਤੇ ਖੋਜੀਆਂ ਵੱਲੋਂ ਸਿੰਘ ਸਭਾ ਲਹਿਰ ਦੀ ਪੰਜਾਬੀ ਪੱਤਰਕਾਰੀ ਨੂੰ ਦੇਣ ਦਾ ਜ਼ਿਕਰ ਕਰਨਾ ਵੀ ਮੁਨਾਸਬ ਨਹੀਂ ਸਮਝਿਆ ਜਾਂਦਾ। ਪੰਜਾਬੀ ਪੱਤਰਕਾਰੀ ਦੀ ਇਤਿਹਾਸਕਾਰੀ ਵਿੱਚ

ਸਿੰਘ ਸਭਾ ਲਹਿਰ ਨਾਲ ਅਜਿਹਾ ਵਿਤਕਰਾ ਬੌਧਿਕ ਦੀਵਾਲੀਆਪਣ ਅਤੇ ਸਾਹਿਤਕ ਕੰਗਾਲੀ ਦਾ ਪ੍ਰਗਟਾਵਾ ਕਰਦਾ ਹੈ।

ਇਹ ਸੌ ਫੀਸਦੀ ਸਹੀ ਹੈ ਕਿ ਡੇਢ ਸੌ ਸਾਲ ਪਹਿਲਾਂ ਪੈਦਾ ਹੋਈ ਸਿੰਘ ਸਭਾ ਲਹਿਰ ਨੇ ਆਪਣੇ ਸਮਿਆਂ ਵਿਚ ਈਸਾਈ ਮਿਸ਼ਨਰੀਆਂ ਅਤੇ ਆਰੀਆ ਸਮਾਜੀਆਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ, ਸਿੱਖਾਂ ਨੂੰ ਆਪਣੇ ਇਤਿਹਾਸ, ਵਿਰਸੇ ਅਤੇ ਗੁਰਬਾਣੀ ਨਾਲ ਜੁੜਨ ਲਈ ਉਤਸ਼ਾਹਤ ਕੀਤਾ। ਸਿੰਘ ਸਭਾ ਲਹਿਰ ਵਿੱਚੋਂ ਜਨਮੀਆਂ ਸੰਸਥਾਵਾਂ ਵਿੱਚੋਂ ਇੱਕ ਪ੍ਰਮੁੱਖ ਸੰਸਥਾ 'ਖ਼ਾਲਸਾ ਦੀਵਾਨ' ਸੀ, ਜਿਸ ਨੇ ਵਿੱਦਿਆ ਦਾ ਪ੍ਰਚਾਰ ਕੀਤਾ ਅਤੇ ਵਿਦੇਸ਼ਾਂ ਵਿੱਚ ਗੁਰਦੁਆਰੇ ਕਾਇਮ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ, ਅਮਰੀਕਾ, ਹਾਂਗਕਾਂਗ ਸਮੇਤ ਵੱਖ-ਵੱਖ ਦੇਸ਼ਾਂ 'ਚ ਸਥਾਪਤ ਹੋਏ ਮੁੱਢਲੇ ਗੁਰਦੁਆਰਿਆਂ ਦੇ ਨਾਂ 'ਖ਼ਾਲਸਾ ਦੀਵਾਨ' ਹੀ ਮਿਲਦੇ ਹਨ। ਇਹ ਗੁਰਦੁਆਰੇ ਅੱਗੇ ਜਾ ਕੇ ਦੇਸ਼ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਦਾ ਆਧਾਰ ਬਣੇ। ਇਹ ਸਿੰਘ ਸਭਾ ਲਹਿਰ ਅਤੇ ਇਸ ਦੀ ਦੇਣ 'ਖਾਲਸਾ ਦੀਵਾਨ' ਸੰਸਥਾਵਾਂ ਸਦਕਾ ਹੀ ਸੰਭਵ ਹੋਇਆ ਕਿ ਖ਼ਾਲਸਾ ਦੀਵਾਨ ਗੁਰਦੁਆਰਿਆਂ ਦੀ ਲੜੀ ਵਿੱਚ 22 ਜੁਲਾਈ 1906 ਨੂੰ ਕੈਨੇਡਾ ਦੀ ਧਰਤੀ ਤੇ 'ਖਾਲਸਾ ਦੀਵਾਨ ਸੁਸਾਇਟੀ' ਵੈਨਕੂਵਰ ਜਥੇਬੰਦੀ ਦੀ ਨੀਂਹ ਰੱਖੀ ਗਈ, ਜਿਸ ਨੇ ਅੱਗੇ ਜਾ ਕੇ ਨਾ ਸਿਰਫ਼ ਸਿੱਖਾਂ ਲਈ ਧਾਰਮਿਕ ਮੰਚ ਹੀ ਪ੍ਰਦਾਨ ਕੀਤਾ, ਸਗੋਂ ਵਿਦੇਸ਼ਾਂ ਦੀ ਧਰਤੀ ਤੋਂ ਅਨਿਆਂ, ਜ਼ੁਲਮ, ਧੱਕੇਸ਼ਾਹੀ, ਬੇਇਨਸਾਫ਼ੀ ਅਤੇ ਅਣਮਨੁੱਖੀ ਵਰਤਾਰੇ ਖਿਲਾਫ਼ ਇਤਿਹਾਸਕ ਸੰਘਰਸ਼ ਨੂੰ ਵੀ ਜਨਮ ਦਿੱਤਾ।

ਉੱਤਰੀ ਅਮਰੀਕਾ ਵਿੱਚ ਪੰਜਾਬੀ ਅਤੇ ਵਿਸ਼ੇਸ਼ ਕਰਕੇ ਸਿੱਖ, ਵੀਹਵੀਂ ਸਦੀ ਦੇ ਆਰੰਭ ਵਿੱਚ ਵਸਣੇ ਸ਼ੁਰੂ ਹੋਏ। ਬੇਸ਼ੱਕ ਉਨ੍ਹਾਂ ਦਾ ਆਉਣਾ ਰੋਜ਼ੀ-ਰੋਟੀ ਦੀ ਭਾਲ ਦਾ ਮਸਲਾ ਬਣਿਆ, ਪਰ ਕੈਨੇਡਾ ਅਤੇ ਅਮਰੀਕਾ ਆ ਕੇ ਉਨ੍ਹਾਂ ਮਿਹਨਤ-ਮੁਸ਼ੱਕਤ ਨਾਲ ਨਵੇਂ ਇਤਿਹਾਸ ਸਿਰਜ ਦਿੱਤੇ। ਪੈਸੇਫਿਕ ਰੇਲਵੇ ਲਈ ਲਾਈਨਾਂ ਵਿਛਾਉਣ, ਖਾਣਾਂ ਵਿਚੋਂ ਧਾਤਾਂ ਲਈ ਖੁਦਾਈ ਕਰਨ ਅਤੇ ਜੰਗਲ ਕੱਟਣ ਆਦਿ ਦੇ ਸਖ਼ਤ ਕੰਮਾਂ ਨੂੰ ਪੰਜਾਬੀਆਂ ਨੇ ਚੁਣੌਤੀ ਸਹਿਤ ਅਪਣਾਇਆ। ਉਨ੍ਹਾਂ ਆਪਣੀ ਰਿਹਾਇਸ਼ ਘੋੜਿਆਂ ਦੀਆਂ ਬਾਰਕਾਂ ਅਤੇ ਬੰਕ ਹਾਊਸਾਂ ਵਿਚ ਕੀਤੀ ਅਤੇ ਅਨੇਕਾਂ ਮੁਸ਼ਕਿਲਾਂ ਦੇ ਬਾਵਜੂਦ ਹੌਂਸਲਾ ਨਾ ਹਾਰਿਆ। ਨਸਲਵਾਦ ਅਤੇ ਬਸਤੀਵਾਦ ਦੇ ਦੈਂਤ ਨਾਲ ਲੜਦਿਆਂ ਹੋਇਆਂ ਉਨ੍ਹਾਂ ਕਦੇ ਦਿਲ ਨਾ ਛੱਡਿਆ ਅਤੇ ਸਦਾ ਚੜ੍ਹਦੀ ਕਲਾ ਵਿੱਚ ਰਹੇ। ਨਿੱਕੀਆਂਨਿੱਕੀਆਂ ਕੁੱਲੀਆਂ ਵਿਚ ਵਸਦੇ ਸਿੱਖਾਂ ਨੇ ਮਿਹਨਤ-ਮੁਸ਼ੱਕਤ ਦੇ ਨਾਲ-ਨਾਲ, ਧਾਰਮਿਕ ਭਾਵਨਾ ਦੀ ਪੂਰਤੀ ਲਈ ਗੁਰਬਾਣੀ ਦਾ ਓਟ ਆਸਰਾ ਲੈ ਕੇ 'ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ' ਦਾ ਉਪਦੇਸ਼, ਵਿਦੇਸ਼ਾਂ ਵਿਚ ਰਹਿੰਦਿਆਂ ਵੀ ਹਿਰਦੇ ਵਿਚ ਵਸਾਇਆ ਹੋਇਆ ਸੀ। ਤਨ ਦੀ ਖ਼ੁਰਾਕ ਲਈ ਜਿੱਥੇ ਰੁੱਖੀ-ਸੁੱਖੀ ਖਾ ਕੇ ਵੀ ਸਦਾ ਚੜ੍ਹਦੀ ਕਲਾ ਵਿਚ ਰਹਿੰਦੇ, ਉੱਥੇ ਆਤਮਾ ਦੀ ਖ਼ੁਰਾਕ ਵਜੋਂ ਗੁਰਬਾਣੀ ਅਤੇ ਇਤਿਹਾਸ ਨਾਲ ਜੁੜੇ ਰਹਿੰਦੇ। ਗੁਰਬਾਣੀ ਦਾ ਆਸਰਾ ਲੈਣ ਲਈ ਭਾਈ ਅਰਜੁਨ ਸਿੰਘ ਪਿੰਡ ਮਲਕ ਜਗਰਾਉ ਵੱਲੋਂ 1904 ਵਿਚ ਕੈਨੇਡਾ ਦੀ ਧਰਤੀ 'ਤੇ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਲਿਆ ਕੇ, ਕੌਮੀ ਉਪਕਾਰ ਕੀਤਾ ਗਿਆ। ਹੁਣ ਉਨ੍ਹਾਂ ਇਕ ਅਜਿਹੀ ਸਾਂਝੀ ਜੱਥੇਬੰਦੀ ਦੀ ਲੋੜ ਮਹਿਸੂਸ ਕੀਤੀ, ਜਿਸ ਰਾਹੀਂ ਧਾਰਮਿਕ ਭਾਵਨਾਵਾਂ ਦੇ ਨਾਲ-ਨਾਲ ਸਭਿਆਚਾਰਕ ਰਿਸ਼ਤਿਆਂ, ਸਮਾਜਿਕ ਸੰਬੰਧਾਂ



ਅਤੇ ਭਾਸ਼ਾਈ ਸਾਂਝ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। 'ਖਾਲਸਾ ਦੀਵਾਨ ਸੁਸਾਇਟੀ' ਵੈਨਕੂਵਰ ਦਾ ਜਨਮ ਅਜਿਹੀਆਂ ਹਾਲਤਾਂ ਵਿਚ ਹੀ ਹੋਇਆ।

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਸੇਵਾਦਾਰਾਂ ਵੱਲੋਂ, ਸਮੇਂ ਦੀਆਂ ਸਰਕਾਰਾਂ ਖ਼ਿਲਾਫ਼ ਸਿੱਖ ਸੰਘਰਸ਼ ਦੇ ਯੋਧਿਆਂ ਦੀ, ਕੁਰਬਾਨੀ ਦੀ ਵਿਰਾਸਤ ਤੋਂ ਸੇਧ ਲੈ ਕੇ, ਵਤਨ ਨੂੰ ਗ਼ੁਲਾਮੀ ਤੋਂ ਮੁਕਤ ਕਰਵਾਉਣ ਲਈ ਜਨ-ਸ਼ਕਤੀ ਅਤੇ ਮਾਲੀ ਸਹਾਇਤਾ ਰਾਹੀਂ, ਆਜ਼ਾਦੀ ਦੀਆਂ ਲਹਿਰਾਂ ਦੀ ਅਗਵਾਈ ਕੀਤੀ ਜਾਂਦੀ ਰਹੀ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸੰਨ 1906 ਵਿਚ ਵੈਨਕੂਵਰ ਸ਼ਹਿਰ ਅੰਦਰ ਪਹਿਲੀ ਕੇਂਦਰੀ ਸੰਸਥਾ 'ਖ਼ਾਲਸਾ ਦੀਵਾਨ ਸੁਸਾਇਟੀ' ਦੀ ਸਥਾਪਨਾ ਨੇ ਅਜਿਹੇ ਬੀਜ ਬੀਜੇ, ਜਿਨ੍ਹਾਂ ਸਦਕਾ ਮਗਰੋਂ ਗ਼ਦਰ ਪਾਰਟੀ, ਗ਼ਦਰ ਅਖ਼ਬਾਰ ਅਤੇ ਗ਼ਦਰ ਲਹਿਰ ਸਥਾਪਤ ਹੋਏ। ਕੈਨੇਡਾ ਦੇ ਮੋਢੀ ਸਿੱਖਾਂ ਦੀ ਪ੍ਰੇਰਨਾ ਸਦਕਾ ਹੀ ਅਮਰੀਕਾ ਵਿਚ ਅੱਧਾ ਦਹਾਕਾ ਮਗਰੋਂ ਗ਼ਦਰ ਲਹਿਰ ਦਾ ਮੁੱਢ ਬੱਝਿਆ। ਜਿੱਥੇ ਇਹ ਸੱਚ ਹੈ ਕਿ ਕੈਨੇਡਾ ਅਤੇ ਅਮਰੀਕਾ ਦੀ ਧਰਤੀ 'ਤੇ ਖਾਲਸਾ ਦੀਵਾਨ ਸੰਸਥਾਵਾਂ ਦੀ ਹੋਂਦ ਸਿੰਘ ਸਭਾ ਲਹਿਰ ਵੱਲੋਂ ਆਰੰਭੀ ਗਈ ਧਾਰਮਿਕ ਸਮਾਜਿਕ ਅਤੇ ਸਭਿਆਚਾਰਕ ਜਾਗ੍ਰਿਤੀ ਸਦਕਾ ਕਾਇਮ ਹੋਈ, ਉਥੇ ਇਹ ਵੀ ਸੱਚ ਹੈ ਕਿ ਭਾਰਤ ਅੰਦਰਲੇ 'ਚੀਫ਼ ਖ਼ਾਲਸਾ ਦੀਵਾਨ' ਦੀ ਅੰਗਰੇਜ਼ਾਂ ਪੱਖੀ ਪਹੁੰਚ ਦਾ, ਕੈਨੇਡਾ-ਅਮਰੀਕਾ ਦੀਆਂ ਖ਼ਾਲਸਾ ਦੀਵਾਨ ਜਥੇਬੰਦੀਆਂ ਨੇ ਸਖ਼ਤ ਵਿਰੋਧ ਕੀਤਾ। ਇੱਥੇ ਵਿਚਾਰਨ ਵਾਲੀ ਵੱਡੀ ਗੱਲ ਇਹ ਹੈ ਕਿ ਕਈ ਇਤਿਹਾਸਕਾਰ ਕੈਨੇਡਾ ਤੋਂ ਗੁਰਬਾਣੀ ਅਤੇ ਸਿੱਖ ਵਿਰਾਸਤ ਤੋਂ ਸੇਧ ਲੈ ਕੇ ਸ਼ੁਰੂ ਹੋਏ, ਆਜ਼ਾਦੀ ਦੇ ਹੱਕ ਦੇ ਸੰਘਰਸ਼ ਨੂੰ, ਖੱਬੇ ਪੱਖੀ ਲਹਿਰਾਂ ਦੀ ਦੇਣ ਕਹਿ ਕੇ ਬਿਆਨਦੇ ਹਨ, ਜੋ ਕਿ ਇਤਿਹਾਸਕ ਬੇਈਮਾਨੀ ਅਤੇ ਵਿਤਕਰੇਬਾਜ਼ੀ ਤੋਂ ਸਿਵਾ ਕੁਝ ਨਹੀਂ।

ਕੈਨੇਡਾ-ਅਮਰੀਕਾ ਦੀ ਧਰਤੀ 'ਤੇ ਪੰਜਾਬੀ ਪੱਤਰਕਾਰੀ ਦਾ ਮੁੱਢ ਵੀ ਵਿਕਟੋਰੀਆ (ਬੀ. ਸੀ. ਦੀ ਰਾਜਧਾਨੀ) ਵਿੱਚ ਹੀ ਬੱਝਿਆ ਸੀ। ਇਥੋਂ ਪੰਜਾਬੀ ਦਾ ਪਹਿਲਾ ਅਖਬਾਰ ''ਸੰਸਾਰ'' ਨਿਕਲਿਆ। ਜਿਸ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਰਤਾਰ ਸਿੰਘ ਅਕਾਲੀ ਅਤੇ ਪ੍ਰਸਿੱਧ ਗ਼ਦਰੀ ਬਾਬਾ ਪਿਆਰਾ ਸਿੰਘ ਲੰਗੇਰੀ ਨੇ ਸ਼ੁਰੂ ਕੀਤਾ ਸੀ। ਬਾਬਾ ਪਿਆਰਾ ਸਿੰਘ ਲੰਗੇਰੀ ਪੰਜਾਬ ਰਹਿੰਦੇ ਹੋਏ ਹੀ ਸਿੰਘ ਸਭੀਏ ਬਣ ਗਏ ਸਨ।

ਸੱਚ ਤਾਂ ਇਹ ਹੈ ਕਿ ਗ਼ਦਰ ਲਹਿਰ ਤੇ ਗ਼ਦਰ ਪਾਰਟੀ ਦੇ ਪ੍ਰੇਰਨਾ-ਸਰੋਤ ਕੈਨੇਡਾ ਦੇ ਸਿੱਖ ਯੋਧੇ ਸਨ, ਪਰ ਇਹ ਕਹਿਣਾ ਉਚਿਤ ਨਹੀਂ ਹੋਏਗਾ ਕਿ ਮੋਢੀ ਸਿੱਖ ਕਿਸੇ ਗੈਰ-ਸਿੱਖ ਲਹਿਰ ਤੋਂ ਅਤੇ ਆਜ਼ਾਦੀ ਘੁਲਾਟੀਏ ਪ੍ਰੇਰਿਤ ਅਤੇ ਪ੍ਰਭਾਵਿਤ ਹੋਏ। ਕੈਨੇਡਾ ਵਿੱਚ ਨਸਲਵਾਦ ਅਤੇ ਬਸਤੀਵਾਦ ਖ਼ਿਲਾਫ਼ ਲੜਨ ਵਾਲੇ ਮੋਢੀ ਯੋਧੇ ਭਾਈ ਭਾਗ ਸਿੰਘ ਭਿੱਖੀਵਿੰਡ, ਭਾਈ ਬਲਵੰਤ ਸਿੰਘ ਖੁਰਦਪੁਰ, ਭਾਈ ਮੇਵਾ ਸਿੰਘ ਲੋਪੋ ਕੇ, ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ, ਬਾਬੂ ਹਰਨਾਮ ਸਿੰਘ ਸਾਹਰੀ, ਬੱਬਰ ਕਰਮ ਸਿੰਘ ਦੌਲਤਪੁਰ, ਭਾਈ ਈਸ਼ਰ ਸਿੰਘ ਢੁੱਡੀਕੇ, ਭਾਈ ਜਗਤ ਸਿੰਘ ਸੁਰ ਸਿੰਘ, ਬੱਬਰ ਹਰੀ ਸਿੰਘ ਸੂੰਢ, ਭਾਈ ਬੀਰ ਸਿੰਘ ਬਾਹੋਵਾਲ, ਬੱਬਰ ਕਰਮ ਸਿੰਘ ਝਿੰਗੜਾਂ, ਭਾਈ ਜਵੰਦ ਸਿੰਘ ਨੰਗਲ, ਭਾਈ ਉਤਮ ਸਿੰਘ ਹਾਂਸ ਅਤੇ ਭਾਈ ਮਿੱਤ ਸਿੰਘ ਪੰਡੋਰੀ ਸਮੇਤ ਅਨੇਕਾਂ ਸੂਰਮੇ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਬ੍ਰਿਟਿਸ਼ ਸਾਮਰਾਜ ਦੀ ਗੁਲਾਮੀ ਅਤੇ ਵਿਦੇਸ਼ਾਂ 'ਚ ਹੋ ਰਹੇ ਨਸਲੀ ਵਿਤਕਰੇ ਖ਼ਿਲਾਫ਼ ਜੂਝਦੇ ਰਹੇ। ਉਨ੍ਹਾਂ ਸਰਕਾਰੀ ਜਬਰ ਨਾਲ ਟੱਕਰ ਲੈਂਦਿਆਂ ਆਜ਼ਾਦੀ

ਦਾ ਮੁੱਢ ਬੰਨ੍ਹਿਆ।

ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਇਤਿਹਾਸਕ ਦੇਣ ਅਤੇ ਜਾਗ੍ਰਿਤੀ ਲਹਿਰ ਤੋਂ ਸੇਧ ਲੈ ਕੇ, ਅਮਰੀਕਾ ਵਿਚ ਅਜਿਹੇ ਅਮਲ ਅਧੀਨ ਬਾਬਾ ਵਿਸਾਖਾ ਸਿੰਘ ਦਦੇਹਰ ਅਤੇ ਬਾਬਾ ਜਵਾਲਾ ਸਿੰਘ ਠੱਠੀਆਂ ਨੇ, ਉਥੇ ਵਸਦੇ ਇਨਕਲਾਬੀਆਂ ਨੂੰ ਜਥੇਬੰਦ ਕਰਨਾ ਆਰੰਭ ਕਰ ਦਿੱਤਾ। ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਤਰਜ਼ 'ਤੇ ਹੀ ਅਮਰੀਕਾ ਵਿੱਚ ਸਿੱਖਾਂ ਦੀ ਪਹਿਲੀ ਸੰਸਥਾ 24 ਅਕਤੂਬਰ 1912 ਵਿਚ, ਪੈਸੇਫਿਕ ਕੋਸਟ 'ਖ਼ਾਲਸਾ ਦੀਵਾਨ ਸੁਸਾਇਟੀ' ਨੇ ਸਟੌਕਟਨ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ। ਸਿੱਖੀ ਵਿਰਸੇ, ਗੁਰਬਾਣੀ ਦੀ ਪ੍ਰੇਰਨਾ ਅਤੇ ਜ਼ੁਲਮ ਖ਼ਿਲਾਫ਼ ਲੜਨ ਦੀ ਭਾਵਨਾ, ਗ਼ਦਰੀ ਬਾਬਿਆਂ ਨੂੰ ਇੱਥੋਂ ਹੀ ਮਿਲੀ, ਜਿਸ ਨੇ ਅੱਗੇ ਜਾ ਕੇ ਗ਼ਦਰ ਲਹਿਰ ਨੂੰ ਜਨਮ ਦਿੱਤਾ। ਇਉਂ ਗ਼ਦਰ ਪਾਰਟੀ, ਗ਼ਦਰ ਲਹਿਰ ਅਤੇ ਗ਼ਦਰ ਅਖ਼ਬਾਰ ਦੀ ਪ੍ਰੇਰਨਾ-ਸਰੋਤ ਖ਼ਾਲਸਾ ਦੀਵਾਨ ਸੁਸਾਇਟੀ ਹੋ ਨਿਬੜਦੀ ਹੈ। ਇੱਕ ਨਵੰਬਰ 1913 ਨੂੰ ਸਾਨਫਰਾਂਸਿਸਕੋ ਤੋਂ ਹਫ਼ਤਾਵਾਰੀ ਉਰਦੂ ਸਮਾਚਾਰ ਪੱਤਰ 'ਗ਼ਦਰ' ਨਿਕਲਿਆ। ਗੁਰਮੁਖੀ ਵਿਚ ਪੰਜਾਬੀ ਦਾ ਹਫ਼ਤਾਵਾਰੀ 'ਗ਼ਦਰ' ਦਸੰਬਰ 1913 ਵਿਚ ਸ਼ੁਰੂ ਹੋਇਆ। 'ਗ਼ਦਰ ਪ੍ਰੈੱਸ' ਛਾਪੇ ਖਾਨੇ ਤੋਂ ਪ੍ਰਕਾਸ਼ਿਤ 'ਗ਼ਦਰ ਅਖ਼ਬਾਰ' ਨੇ ਨਾ ਸਿਰਫ਼ ਭਾਰਤੀਆਂ ਨੂੰ ਹੀ, ਬਲਕਿ ਦੁਨੀਆ ਭਰ ਦੇ ਇਨਕਲਾਬੀਆਂ ਨੂੰ ਮਨੁੱਖੀ ਹੱਕਾਂ ਲਈ ਲੜਨ ਅਤੇ ਆਜ਼ਾਦੀ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ 'ਚ ਨਿਕਲਣ ਵਾਲੇ ਹਫ਼ਤਾਵਾਰੀ 'ਗ਼ਦਰ' ਦਾ ਸੰਪਾਦਨ ਕਾਰਜ ਕਰਦਿਆਂ ਨੌਜਵਾਨ ਯੋਧੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਪਾਠਕਾਂ ਨੂੰ ਏਨਾ ਪ੍ਰਭਾਵਿਤ ਕੀਤਾ ਕਿ 'ਗ਼ਦਰ' ਵਿਚਲੀਆਂ ਲਿਖਤਾਂ ਪੜ੍ਹਨ ਲਈ ਕੈਨੇਡਾ ਤੇ ਅਮਰੀਕਾ ਰਹਿੰਦੇ ਸਿਰਫ਼ ਪੰਜਾਬੀਆਂ ਨੇ ਹੀ ਗੁਰਮੁਖੀ ਨਹੀਂ ਸਿੱਖੀ, ਸਗੋਂ ਭਾਰਤ ਅੰਦਰ ਹੋਰਨਾਂ ਬੋਲੀਆਂ ਵਾਲੇ ਪਾਠਕ ਵੀ ਪੰਜਾਬੀ ਭਾਸ਼ਾ ਨਾਲ ਜੁੜ ਗਏ।

ਪੰਜਾਬੀ ਹਫ਼ਤਵਾਰੀ 'ਗ਼ਦਰ' ਦੇ ਸ਼ੁਰੂ ਦੇ ਅੰਕਾਂ ਵਿਚ ਗੁਰਬਾਣੀ ਦੀ ਪੰਕਤੀ **ਜਉ ਤਉ ਪ੍ਰੇਮ ਖੇਲਣ ਦਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥** ਬੈਨਰ ਲਾਈਨ ਵਜੋਂ ਲਿਖੀ ਮਿਲਦੀ ਹੈ। ਇਹ ਉਸ ਸਮੇਂ ਦੇ ਅੰਕ ਹਨ, ਜਦੋਂ 'ਗ਼ਦਰ' ਦੇ ਸੰਪਾਦਕ ਸ਼ਹੀਦ ਕਰਤਾਰ ਸਿੰਘ ਸਰਾਭਾ ਸਨ। ਕੁੱਝ ਸਮੇਂ ਮਗਰੋਂ ਗ਼ਦਰੀ ਯੋਧਿਆਂ ਨੇ ਦੇਸ਼ ਜਾ ਕੇ ਕੁਰਬਾਨੀ ਕਰਨ ਲਈ ਤੱਤਪਰ ਹੁੰਦਿਆਂ



ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ

ਸ਼ਹੀਦੀਆਂ ਪਾਈਆਂ ਜਾਂ ਲੰਮੀਆਂ ਸਜ਼ਾਵਾਂ ਕੱਟੀਆਂ। ਇਨ੍ਹਾਂ ਯੋਧਿਆਂ ਤੋਂ ਮਗਰੋਂ 'ਗ਼ਦਰ' ਦੀ ਦਿਖ 'ਚ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਅਤੇ ਇਸ ਦਾ ਮੁੱਖ ਪੰਨਾ ਬਦਲ ਦਿੱਤਾ ਗਿਆ। ਗੁਰਬਾਣੀ ਦੀ ਤੁਕ ਹਟਾ ਕੇ, ਉਸ ਦੀ ਥਾਂ 'ਐ ਮਰਦਾਨੋ ਹਿੰਦੀ ਜਵਾਨੋ ਜਲਦੀ ਲੋ ਹਥਿਆਰ' ਲਿਖ ਦਿੱਤੀ ਗਈ। 'ਗ਼ਦਰ' ਸਮਾਚਾਰ ਪੱਤਰ ਦੇ ਮੁੱਖ ਪੰਨੇ ਅਤੇ ਰੂਪ ਵਿਚ ਅਜਿਹੀਆਂ ਤਬਦੀਲੀਆਂ ਸੁਭਾਵਿਕ ਨਹੀਂ ਹੋਈਆਂ, ਸਗੋਂ ਯੋਜਨਾ-ਬੱਧ ਢੰਗ ਨਾਲ ਲਿਆਦੀਆਂ ਗਈਆਂ। ਰਾਮ ਚੰਦਰ ਨੇ ਪਹਿਲੇ ਸਫ਼ੇ 'ਤੇ ਸੰਪਾਦਕ ਵਜੋਂ ਆਪਣਾ ਨਾਂ ਵੀ ਲਿਖਣਾ ਸ਼ੁਰੂ ਕਰ ਦਿੱਤਾ ਤੇ ਮਗਰੋਂ ਪਾਰਟੀ ਤੋਂ ਅਲਹਿਦਾ ਹੋ ਕੇ, ਪਾਰਟੀ ਦੇ ਪਰਚੇ ਦੇ ਸਮਾਨਾਂਤਰ, ਉਸੇ ਹੀ ਨਾਂ 'ਤੇ ਵੱਖਰਾ 'ਹਿੰਦੁਸਤਾਨ ਗ਼ਦਰ' ਕੱਢਿਆ। ਕੈਨੇਡਾ ਦੀ ਖਾਲਸਾ ਦੀਵਾਨ ਸੰਸਥਾ ਦੇ ਮੋਢੀਆਂ 'ਚੋਂ ਅਤੇ ਮਗਰੋਂ ਗ਼ਦਰ ਲਹਿਰ ਦੇ ਅਣਥੱਕ ਸੇਵਾਦਾਰ ਭਾਈ ਰਾਮ ਸਿੰਘ ਧੁਲੇਤਾ ਨੇ ਗ਼ਦਰ ਪਾਰਟੀ ਨਾਲ ਗੱਦਾਰੀ ਕਰਨ ਵਾਲੇ ਰਾਮ ਚੰਦਰ ਨੂੰ ਸੋਧਿਆ। 'ਗ਼ਦਰ' ਸਮਾਚਾਰ ਪੱਤਰ ਦੇ ਪੰਜਾਬੀ ਅੰਕ ਦੇ ਸੰਪਾਦਕ ਕਰਤਾਰ ਸਿੰਘ ਸਰਾਭਾ ਤੇ ਹੋਰ ਇਨਕਲਾਬੀ ਲਿਖਾਰੀ ਹਰਨਾਮ ਸਿੰਘ ਟੁੰਡੀਲਾਟ, ਭਾਈ ਸੰਤੋਖ ਸਿੰਘ ਧਰਦਿਓ, ਭਗਵਾਨ ਸਿੰਘ ਪ੍ਰੀਤਮ, ਮੁਨਸ਼ਾ ਸਿੰਘ ਦੁਖੀ, ਕਰਤਾਰ ਸਿੰਘ ਲਤਾਲਾ, ਬਸੰਤ ਸਿੰਘ ਚੌਂਦਾ, ਮਹਿਬੂਬ ਅਲੀ, ਇਨਾਇਤ ਖਾਂ, ਖੇਮ ਚੰਦ ਦਾਸ, ਬਿਸ਼ਨ ਸਿੰਘ ਸੱਦਾ ਸਿੰਘ ਵਾਲਾ ਅਤੇ ਨਿਧਾਨ ਸਿੰਘ ਮਹੇਸ਼ਰੀ ਵੀ ਸਮੇਂ-ਸਮੇਂ 'ਗ਼ਦਰ' ਨਾਲ ਜੁੜੇ ਰਹੇ।

ਸਿੰਘ ਸਭਾ ਲਹਿਰ ਦੇ ਮੰਚ 'ਤੇ ਉਸਰੀਆਂ ਖਾਲਸਾ ਦੀਵਾਨ ਸੰਸਥਾਵਾਂ ਦੇ ਆਗੂਆਂ 'ਚੋਂ 90 ਫ਼ੀਸਦੀ ਪੰਜਾਬੀ ਤੇ ਵਿਸ਼ੇਸ਼ ਕਰਕੇ ਸਿੱਖ ਸਨ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਸਿੱਖ ਵਿਰਸੇ, ਇਤਿਹਾਸ, ਸਿੱਖ ਸੱਭਿਆਚਾਰ ਅਤੇ ਗੁਰਬਾਣੀ ਤੋਂ ਵੱਖ ਕਰਕੇ, ਨਿਰੇ ਖੱਬੇ ਪੱਖੀ ਅਤੇ ਮਾਰਕਸੀ ਧਾਰਨਾ ਦੇ ਪਾਂਧੀ ਬਣਾ ਕੇ ਪੇਸ਼ ਕਰਨਾ ਇਤਿਹਾਸ ਨਾਲ ਖਿਲਵਾੜ ਵੀ ਹੈ ਅਤੇ ਸਿੱਖ ਵਿਰਾਸਤ ਨਾਲ ਧ੍ਰੋਹ ਕਮਾਉਣਾ ਵੀ। ਸਮੁੱਚੇ ਤੌਰ 'ਤੇ ਸਰਬੱਤ ਦੇ ਭਲੇ ਦੀ ਧਾਰਨੀ ਅਤੇ ਮਾਨਵੀ ਹੱਕਾਂ ਦੀ ਪਹਿਰੇਦਾਰ ਸਿੰਘ ਸਭਾ ਲਹਿਰ ਦੀ ਇਤਿਹਾਸਕ ਦੇਣ ਅੱਖੋਂ ਪ੍ਰੋਖੇ ਨਹੀਂ ਕੀਤੀ ਜਾ ਸਕਦੀ। ਮੰਦਭਾਗੀ ਗੱਲ ਇਹ ਹੈ ਕਿ ਭਾਰਤ ਵਿੱਚ ਇਸ ਵੇਲੇ ਸਾਮਰਾਜੀ ਤਾਕਤਾਂ, ਫਿਰਕਾਪ੍ਰਸਤੀ, ਪਰਿਵਾਰਵਾਦ, ਭਿਰਸ਼ਟਾਚਾਰ, ਡੰਡਾ-ਤੰਤਰ ਅਤੇ ਬੁਰਜ਼ੂਆ ਢਾਂਚਾ ਬੁਰੀ ਤਰ੍ਹਾਂ ਫੇਲ ਚੁੱਕਿਆ ਹੈ, ਪੰਚਾਇਤੀ ਰਾਜ ਦੀ ਥਾਂ ਭਾਈ-ਭਤੀਜਾਵਾਦ ਨੇ ਮੱਲੀ ਹੋਈ ਹੈ, ਅੱਜ ਭਾਰਤ ਫਾਸ਼ੀਵਾਦ ਦੇ ਜਿਸ ਮੋੜ 'ਤੇ ਪਹੁੰਚ ਚੁੱਕਿਆ ਹੈ, ਉਹ ਅੰਗਰੇਜ਼ ਸਾਮਰਾਜ ਤੋਂ ਵੀ ਖ਼ਤਰਨਾਕ ਹੈ। ਅੰਗਰੇਜ਼ਾਂ ਅੱਗੇ ਮੁਆਫ਼ੀਆਂ ਮੰਗਣ ਵਾਲੇ ਸਾਵਰਕਰ ਨੂੰ ਅੱਜ ਦੇਸ਼ ਭਗਤ ਕਰਾਰ ਦਿੱਤਾ ਜਾ ਰਿਹਾ ਹੈ, ਜਦਕਿ ਮਨੁੱਖੀ ਹੱਕਾਂ ਲਈ ਲੜਨ ਵਾਲੇ ਯੋਧਿਆਂ ਦੇ ਵਾਰਿਸ ਜੇਲ੍ਹਾਂ 'ਚ ਬੰਦ ਹਨ। ਅੱਜ ਸਾਵਰਕਰੀ ਸੋਚ ਦੇ ਪਾਂਧੀ ਭਾਰਤ ਨੂੰ 'ਹਿੰਦੂ ਰਾਸ਼ਟਰ' ਬਣਾਉਣ ਲਈ ਬਜ਼ਿੱਦ ਹਨ। ਅਜਿਹੀ ਫ਼ਿਰਕੂ ਸੋਚ ਦਾ ਹੀ ਨਤੀਜਾ ਸੀ ਕਿ ਪੰਜਾਬ ਸੰਤਾਲੀ ਵੇਲੇ ਉਜਾੜਿਆ ਗਿਆ ਅਤੇ ਦੋ ਟੋਟਿਆਂ ਵਿੱਚ ਵੰਡ ਦਿੱਤਾ ਗਿਆ। ਦੱਸ ਲੱਖ ਤੋਂ ਵੱਧ ਲੋਕਾਂ ਦੀਆਂ ਜਾਨਾਂ ਗਈਆਂ। ਇਕ ਪਾਸੇ ਮੁਸਲਮਾਨਾਂ ਨੂੰ ਉਨ੍ਹਾਂ ਦਾ ਰਾਸ਼ਟਰ ਅਤੇ ਦੂਜੇ ਪਾਸੇ ਵੱਡੀ ਗਿਣਤੀ 'ਚ ਹਿੰਦੂਆਂ ਨੂੰ ਅਸਿੱਧੇ ਤੌਰ 'ਤੇ 'ਹਿੰਦੂ ਰਾਸ਼ਟਰ' ਸੌਂਪਿਆ ਗਿਆ, ਜੋ ਕਿ ਅੱਜ ਪ੍ਰਤੱਖ ਰੂਪ ਚ ਨਜ਼ਰ ਆ ਰਿਹਾ ਹੈ। ਸਭ ਤੋਂ ਵੱਡੇ ਧੱਕੇ ਦਾ ਸ਼ਿਕਾਰ ਹੋਏ, ਸਭ ਤੋਂ ਵੱਧ ਸ਼ਹੀਦੀਆਂ ਦੇਣ ਵਾਲੇ, ਕਾਲੇ ਪਾਣੀਆਂ ਦੀਆਂ ਸਜ਼ਾਵਾਂ ਕੱਟਣ ਵਾਲੇ ਅਤੇ ਜੇਲ੍ਹਾਂ 'ਚ ਬੰਦ ਰਹਿਣ ਵਾਲੇ ਸਿੱਖਾਂ ਨੂੰ ਅੱਜ ਹਿੰਦੂ ਰਾਸ਼ਟਰ 'ਚ ਜਜ਼ਬ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਬਿਪਰਵਾਦ ਦੇ ਖਿਲਾਫ਼ ਡੇਢ ਸਦੀ ਮਗਰੋਂ ਮੁੜ ਨਵੀਂ ਸਿੰਘ ਸਭਾ ਲਹਿਰ ਚਲਾਉਣ ਦੀ ਲੋੜ ਹੈ। ਸਿੰਘ ਸਭਾ ਲਹਿਰ ਦੇ ਸ਼ਤਾਬਦੀ ਸਮਾਗਮ ਮਨਾਉਣੇ ਜਿੱਥੇ ਧਾਰਮਿਕ ਪੱਖੋਂ ਚੇਤਨਾ ਪ੍ਰਚੰਡ ਕਰਨ ਲਈ ਲੋੜੀਂਦੇ ਹਨ, ਉੱਥੇ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਖ਼ਲਾਸੀ ਦਿਵਾਉਣ ਲਈ ਵੀ ਮਹੱਤਵਪੂਰਨ ਹਨ। -0-

# ਸਿੱਖੀ ਨੂੰ ਨਵੀਂ ਨੁਹਾਰ ਦੇਣ ਲਈ ਸਿੰਘ ਸਭਾ ਲਹਿਰ ਦੀ ਦੇਣ

-ਗਿ: ਗੁਰਦਿੱਤ ਸਿੰਘ

**(ਗਿ. ਗੁਰਦਿੱਤ ਸਿੰਘ ਦਾ ਸ਼ੁਮਾਰ ਪੰਥ ਦੇ ਪ੍ਰਸਿੱਧ ਵਿਦਵਾਨਾਂ ਵਿੱਚ ਹੁੰਦਾ ਹੈ। ਪੰਥਕ ਵਿਦਵਾਨ, ਖੋਜੀਆਂ ਤੋਂ ਇਲਾਵਾ ਉਹ ਪੰਜਾਬੀ ਦੇ ਪ੍ਰਮੁੱਖ ਸਾਹਿਤਕਾਰਾਂ 'ਚੋਂ ਗਿਣੇ ਜਾਂਦੇ ਹਨ। ਉਨ੍ਹਾਂ ਦੀ ਸਾਹਿਤਕ ਰਚਨਾ ''ਮੇਰਾ ਪਿੰਡ'' ਦੀ ਖਿੱਚ ਪਾਠਕਾਂ ਲਈ ਕਦੇ ਮੱਠੀ ਨਹੀਂ ਪਈ! ਪੰਜਾਬੀ ਆਲੋਚਕ ''ਮੇਰਾ ਪਿੰਡ'' ਨੂੰ ਰਸੂਲ ਹਮਜਾਹੋਣ ਦੀ ''ਮੇਰਾ ਦਾਗਸਤਾਨ'' ਤੋਂ ਉਪਰ ਦੀ ਰਚਨਾ ਦੱਸਦੇ ਹਨ। ਇਹਨਾਂ ਸਾਰੇ ਸਾਹਿਤਕ ਗੁਣਾਂ ਦੇ ਨਾਲ -ਨਾਲ ਗਿ. ਗੁਰਦਿੱਤ ਸਿੰਘ ਵਿੱਚ ਸਿਰੇ ਦੀ ਜਥੇਬਦੰਕ ਅਤੇ ਅਗਵਾਈ ਦੇਣ ਦੀ ਯੋਗਤਾ ਸੀ। ਅੱਜ ਚੰਡੀਗੜ੍ਹ ਦੇ ਸੈਕਟਰ 28 ਏ ਵਿਚ ਕੇਂਦਰੀ ਸ੍ਰੀ ਸਿੰਘ ਸਭਾ ਦੀ ਬਹੁਮੰਤਵੀ ਅਤੇ ਬਹੁਮੰਜ਼ਲੀ ਇਮਾਰਤ ਉਹਨਾਂ ਦੀ ਦੂਰ ਅੰਦੇਸ਼ੀ ਦਾ ਹੀ ਫਲ਼ ਹੈ। ਜਦ 1973 ਵਿੱਚ ਸਿੰਘ ਸਭਾ ਲਹਿਰ ਦੀ ਸੌ ਸਾਲਾ ਸ਼ਤਾਬਦੀ ਮਨਾਈ ਗਈ ਤਾਂ ਗਿ. ਗੁਰਦਿੱਤ ਸਿੰਘ ਸ਼ਤਾਬਦੀ ਦੇ ਕਮੇਟੀ ਦੇ ਜਨਰਲ ਸਕੱਤਰ ਸਨ। ਉਸ ਸਮੇਂ ਉਹਨਾਂ ਦੀ ਅਗਵਾਈ ਵਿੱਚ ਲਮਿਸਾਲ ਇਤਿਹਾਸਕ ਕੰਮ ਹੋਏ ਹਨ, ਜਿਨ੍ਹਾਂ ਦਾ ਭਰਵਾਂ ਜਿਕਰ ਇੱਥੇ ਨਹੀਂ ਹੋ ਸਕਦਾ। ਇਹ ਲੇਖ ਸਿੰਘ ਸਭਾ ਲਹਿਰ ਦੇ ਸ਼ਤਾਬਦੀ ਸਮਾਗਮਾਂ ਦੀ ਲੜੀ ਦੌਰਾਨ ਬੰਬਈ ਹੋਏ ਸੈਮੀਨਾਰ ਵਿਚ 2 ਮਾਰਚ, 1974 ਨੂੰ ਪੜ੍ਹਿਆ ਗਿਆ ਸੀ, ਪਰ ਇਸ ਦੀ ਅਹਿਮੀਅਤ ਅਤੇ ਪ੍ਰਸੰਗਤਾ ਅੱਜ ਵੀ ਬਰਕਰਾਰ ਹੈ। 150 ਸਾਲਾ ਸ਼ਤਾਬਦੀ ਦੇ ਮੌਕੇ ਇਸ ਲੇਖ ਨੂੰ ਦੁਬਾਰਾ ਛਾਪਣ ਦੀ ਖੁਸ਼ੀ ਲੈ ਰਹੇ ਹਾਂ। (ਸੰਪਾਦਕ)**

**ਸਿੰਘ** ਸਭਾ ਲਹਿਰ ਕੀ ਸੀ? ਗੁਰੂ ਨਾਨਕ ਦੇਵ ਜੀ ਦੇ ਮੌਲਿਕ ਤੇ ਸੁਤੰਤਰ ਧਰਮ-ਮਾਰਗ ਦੀ ਭਾਲ ਤੇ ਉਸ ਨੂੰ ਪ੍ਰਚਾਲਣ ਦਾ ਇਕ ਬਹੁ-ਪੱਖੀ ਯਤਨ। ਇਸ ਲਹਿਰ ਨੇ ਉਸ ਵੇਲੇ ਮੰਜ਼ਲ ਤੋਂ ਭਟਕੀ ਹੋਈ ਸਿੱਖ-ਲੁਕਾਈ ਦਾ ਮਾਰਗ-ਦਰਸ਼ਨ ਕੀਤਾ ਤੇ ਨਾਨਕ-ਪੰਥੀ ਧਰਮ ਦੀ ਧਰੋਹਰ ਲੈ ਕੇ ਅਗੇ ਚੱਲਣ ਦੀ ਪ੍ਰੇਰਨਾ ਉਦੋਂ ਦਿੱਤੀ, ਜਦੋਂ ਸਿੱਖ-ਲੁਕਾਈ ਔਝੜ ਵਿੱਚ ਪਈ ਹੋਈ ਸੀ। ਜਿਨ੍ਹਾਂ ਸੋਝੀਵਾਨ ਸੇਵਕਾਂ ਨੇ ਇਹ ਕਾਰਜ਼ ਆਪਣੇ ਜ਼ਿੰਮੇ ਲਿਆ ਤੇ ਨਿਭਾਇਆ, ਉਨ੍ਹਾਂ ਨੇ ਕੇਵਲ ਸੁਧਾਰ ਦੀ ਭਾਵਨਾ ਹੀ ਸਾਕਾਰ ਨਹੀਂ ਕੀਤੀ, ਦੂਜੇ ਖੇਤਰਾਂ ਵਿਚ ਨਰੋਆ ਹੰਭਲਾ ਮਾਰਦਿਆਂ ਜ਼ਮਾਨੇ ਦੀ ਰਫ਼ਤਾਰ ਨਾਲ ਤੁਰਨ ਦੀ ਚੇਤਨਤਾ 'ਤੇ ਉੱਦਮ ਵੀ ਵਰਤਿਆ ਸੀ, ਸਿੱਖ-ਧਰਮ ਦੇ ਮੂਲ ਤੱਤਾਂ ਨੂੰ ਵਿਗਿਆਨਕ ਢੰਗਾਂ ਨਾਲ ਪ੍ਰਚਾਰਨ ਦਾ ਉੱਦਮ ਕਰ ਕੇ, ਇਸ ਲਹਿਰ ਨੇ ਇਤਿਹਾਸ ਦਾ ਇਕ ਨਵਾਂ ਮੋੜ ਕੱਟਣ ਵਾਲੀ ਵਰਨਣਯੋਗ ਸੇਵਾ ਕੀਤੀ ਸੀ। ਸਿੰਘ ਸਭਾ ਲਹਿਰ ਦੇ ਵਿਆਪਕ ਕਾਰਜ਼ਾਂ ਨੂੰ ਸੰਖੇਪ ਤੌਰ 'ਤੇ ਇਨ੍ਹਾਂ ਪੰਜ ਨੁਕਤਿਆਂ ਵਿੱਚ ਵੰਡਿਆ ਜਾ ਸਕਦਾ ਹੈ:

1. ਸਿੱਖ ਧਰਮ ਦੇ ਸੁਤੰਤਰ ਵਜੂਦ ਤੇ ਮੌਲਿਕ ਰੂਪ ਦੀ ਪਛਾਣ।
2. ਗੁਰਬਾਣੀ ਦੀ ਕਸਵੱਟੀ ਨਾਲ ਸਿੱਖ ਸਾਹਿਤ ਦੀ ਪਰਖ।
3. ਰਹੁ-ਰੀਤਾਂ ਤੇ ਮਰਯਾਦਾਂ ਦੇ ਅਡੰਬਰੀ ਰੂਪ ਤੋਂ ਬਚਾਉ।
4. ਵਿਦਵਤਾ ਤੇ ਯੁਕਤੀ ਦੇ ਬਲ ਨਾਲ ਬ੍ਰਹਿਮਣੀ-ਧਰਮ ਤੋਂ ਛੁਟਕਾਰਾ।
5. ਸਿੱਖ ਧਰਮ ਦੇ ਮਨੋਰਥਾਂ ਤੇ ਆਸ਼ਿਆਂ ਨੂੰ ਨਵੀਨ ਚੇਤਨਤਾ ਤੇ ਵਿਗਿਆਨਕ ਢੰਗ ਨਾਲ ਵਿਚਾਰਨਾ ਤੇ ਪ੍ਰਚਾਰਨਾ।

### (1) ਸਿੱਖ ਧਰਮ ਦਾ ਸੁਤੰਤਰ ਵਜੂਦ ਤੇ ਮੌਲਿਕ ਸਰੂਪ:-

ਸਿੱਖ-ਧਰਮ ਦੇ ਮੌਲਿਕ ਤੇ ਸੁਤੰਤਰ ਵਜੂਦ ਦੀ ਸੋਚ, ਕੇਵਲ ਸਿੰਘ-ਸਭੀਆਂ ਦੀ ਦੇਣ ਨਹੀਂ, ਜਿਵੇਂ ਆਮ ਤੌਰ 'ਤੇ ਕਈ ਵਾਰ ਕਹਿ ਦਿੱਤਾ ਜਾਂਦਾ ਹੈ, ਅਜਿਹੇ ਵਿਚਾਰ ਤੱਤ, ਤਾਂ ਮੂਲ ਰੂਪ ਵਿਚ ਗੁਰੂ ਗੋਬਿੰਦ ਸਿੰਘ ਜੀ ਤੋਂ ਵੀ ਪਹਿਲਾਂ ਦੇ ਪ੍ਰਮਾਣਿਤ ਹਨ। ਜਦੋਂ ਅਸੀਂ ਫਰੋਲਵੀਂ ਝਾਤ ਮਾਰੀਏ ਤਾਂ ਇਨ੍ਹਾਂ ਨਵੇਂ ਵਿਚਾਰ-ਕਣਾਂ ਦੇ ਮੁੱਢਲੇ ਅਧਾਰ, ਗੁਰੂ ਨਾਨਕ ਦੇਵ ਜੀ ਦੇ ਅਨੁਭਵੀ ਸੋਚਾਂ ਵਿੱਚੋਂ ਹੀ ਪ੍ਰਗਟ ਹੋਏ ਦ੍ਰਿਸ਼ਟਮਾਨ ਹੁੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਨਿਰਸੰਦੇਹ ਸਿੱਖ ਧਰਮ ਦੇ ਸਰੂਪ ਨੂੰ ਸੰਪੂਰਨਤਾ ਦਿੱਤੀ, ਪਰ ਉਨ੍ਹਾਂ ਦਾ ਸਥਾਨ ਸਿੱਖ-ਧਰਮ ਦੇ ਮੌਲਿਕ ਜਨਮ-ਦਾਤਾ ਵਾਲਾ ਨਹੀਂ, ਸੰਪੂਰਨਤਾ ਦੇਣ ਵਾਲੇ ਨਿਰਮਾਤਾ ਦਾ ਹੈ। ਦਸਮੇਸ਼ ਜੀ ਦਾ ਜੀਵਨ-ਕਾਰਜ, ਆਦਿ ਗੁਰੂ ਨਾਨਕ ਜੀ ਤੋਂ ਸਥਾਪਿਤ ਕੀਤੇ ਧਰਮ-ਪੰਥ ਦੇ ਪ੍ਰਚਾਰ ਅਤੇ ਸੁਧਾਰ ਦਾ ਸੀ, ਜਿਸ ਲਈ ਦਸਮੇਸ਼ ਜੀ ਨੇ ਕਈ ਪਹਿਲੀਆਂ ਧਾਰਨਾਂ ਵਿੱਚ ਵਾਧੇ ਤੇ ਸੋਧਾਂ ਕਰ ਕੇ, ਅੱਗੇ ਨੂੰ ਸਥਾਈ ਰਹਿਣ ਵਾਲੇ ਖਾਲਸਾ-ਪੰਥ ਦੇ ਸਰੂਪ ਨੂੰ ਪੱਕੀ ਨੁਹਾਰ ਦਿੱਤੀ, ਪਰ ਇਹ ਅਸੀਂ ਸਭੋ ਹੀ ਜਾਣਦੇ ਹਾਂ, ਗੁਰੂ ਨਾਨਕ ਜੀ ਨੇ ਹੀ ਸਿੱਖ ਧਰਮ-ਪੰਥ ਦੀ ਨੀਂਹ ਰੱਖੀ, ਨਵੀਂ ਜੋਤੀ ਜਗਾਈ ਅਤੇ ਮਾਨਵਤਾ ਵਿੱਚ ਗੱਡੀ ਰਾਹ ਤੁਰਨ ਦੀ ਅਜ਼ਲੀ ਪ੍ਰੇਰਨਾ ਭਰੀ ਹੈ।

ਇਹ ਸਮਝਣ ਲਈ ਸ਼ਾਇਦ ਕੁਝ ਆਪਣੇ ਆਪ ਨੂੰ ਝੰਜੋੜਨਾ ਪਵੇ, ਕੀ ਗੁਰੂ ਨਾਨਕ ਜੀ ਇਸ ਸੁਤੰਤਰ ਤੇ ਮੌਲਿਕ 'ਲੋਕ-ਧਰਮ' ਦੇ ਸੰਚਾਲਕ ਸਨ ? ਆਮ ਤੌਰ 'ਤੇ ਜੋ ਲੋਕ ਦਸਮੇਸ਼ ਦੀ ਦੱਸੀ ਰਹਿਤ-ਮਰਯਾਦਾ ਵਲ ਬੇਪ੍ਰਵਾਹੀ ਅਤੇ ਸਿੱਖ ਧਰਮ ਬਾਰੇ ਘੁਸਮੁਸੇ ਜਿਹੇ ਵਿਚਾਰ ਰੱਖਦੇ ਹਨ, ਉਹ ਆਪਣੇ ਆਪ ਨੂੰ 'ਨਾਨਕ-ਪੰਥੀ' ਇਸ ਲਈ ਆਖ ਲੈਂਦੇ ਹਨ ਕਿ, ਇੰਝ ਉਹ ਜਿਵੇਂ ਚਾਹੁਣ ਆਪਣਾ ਰੰਗ-ਰੂਪ ਬਦਲ ਲੈਣ ਦੀਆਂ ਖੁੱਲ੍ਹਾਂ ਮਾਣ ਸਕਦੇ ਹਨ। ਗੁਰੂ ਨਾਨਕ ਜੀ ਦੀ ਬਾਣੀ ਉਨ੍ਹਾਂ ਦੇ ਸਥਾਪਤ ਕੀਤੇ ਧਰਮ ਨੂੰ ਜਾਨਣ ਲਈ ਇਕ ਮਾਤਰ ਸਾਡੇ ਲਈ ਪ੍ਰਮਾਣਿਕ ਪੱਥ-ਪ੍ਰਦਰਸ਼ਨ ਵਸਤੂ ਹੈ, ਜਿਸ ਤੋਂ ਅਸੀਂ ਉਨ੍ਹਾਂ ਦੇ ਵਿਚਾਰਾਂ ਅਤੇ ਧਰਮ-ਧਾਰਨਾਂ ਬਾਰੇ ਸਭ ਤੋਂ ਠੀਕ ਜਾਣ ਸਕਦੇ ਹਾਂ-ਸੱਚ ਤਾਂ ਇਹ ਹੈ ਕਿ ਗੁਰੂ ਨਾਨਕ ਜੀ ਹੀ ਇਕ ਨਵੇਂ ਤੇ ਮੌਲਿਕ ਲੋਕ-ਧਰਮ ਜਨਮ-ਦਾਤਾ ਸਨ, ਨਾ ਕਿ ਕਿਸੇ ਪੂਰਵ ਧਰਮ ਦੇ ਸਮਰੱਥਕ। ਇਹ ਵਿਸ਼ਾ ਬੜਾ ਵਿਆਪਕ ਵਿਸ਼ਾਲ ਹੈ, ਸੰਖੇਪ ਰੂਪ ਵਿਚ ਅਸੀਂ ਇੰਝ ਸਮਝ ਸਕਦੇ ਹਾਂ ਕਿ ਗੁਰੂ ਨਾਨਕ ਜੀ ਨੇ ਉਨ੍ਹਾਂ ਤੋਂ ਪਹਿਲੇ ਕਿਸੇ ਵੈਦਿਕ, ਹਿੰਦੂ, ਵੈਸਣਵ, ਯੋਗ, ਨਾਥ, ਸੂਫੀ ਆਦਿ ਕਿਸੇ 'ਧਰਮ-ਮਤ' ਦੀ ਉੱਚਤਾ ਜਾਂ ਇਸਲਾਮ ਦੇ ਕਿਸੇ ਫਿਰਕੇ ਦੇ ਕਿਸੇ ਵੀ ਵਿਅੱਕਤੀ 'ਸ਼ੇਖ' ਆਦਿਕ ਨੂੰ ਆਪਣਾ ਗੁਰੂਅਚਾਰਯ ਦੇ ਤੌਰ 'ਤੇ ਸਵੀਕਾਰ ਨਹੀਂ ਕੀਤਾ, ਉਨ੍ਹਾਂ ਆਪਣਾ ਗੁਰੂ, ਅਪਰੰਪਰ ਪਾਰਬ੍ਰਹਮ ਦੱਸਿਆ ਹੈ :

**ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥**

ਜਿਸ ਦੀ ਪ੍ਰਾਪਤੀ ਤੇ ਸਰੂਪ ਬਾਰੇ ਸਿੱਧਾਂ ਦੇ ਸਵਾਲ ਵਿਚ ਆਪ ਨੇ ਉੱਤਰ ਦਿੱਤਾ ਸੀ : ਤੇਰਾ ਕਵਣ ਗੁਰੂ ਕਿਸ ਕਾ ਤੂੰ ਚੇਲਾ?

ਸਬਦ ਗੁਰੂ ਸੁਰਤ ਧੁਨਿ ਚੇਲਾ। (ਸਿੱਧ ਗੋਸਟ)

ਇਸ ਵਿਸ਼ੇ 'ਤੇ ਸੰਖੇਪ ਵਿਚ ਇੱਥੇ ਏਨਾ ਹੀ ਕਹਿੰਦਿਆਂ ਹੋਇਆਂ ਦੂਜੀ ਗੱਲ ਧਿਆਨ ਲਿਆਉਣੀ ਜ਼ਰੂਰੀ ਹੈ ਕਿ, ਉਨ੍ਹਾਂ ਨੇ ਕਿਸੇ ਪਹਿਲੇ, ਧਰਮ-ਮਤ ਦੇ ਸਮਰਥਨ ਦੀ ਥਾਂ ਉਹ ਸੁਧਾਈ ਦਾ ਸੁਰ ਵਧੇਰੇ ਉੱਚਾ ਰੱਖਿਆ ਹੈ ਅਤੇ ਕਈ ਵਾਰੀ ਪੂਰਵ-ਸਥਾਪਿਤ ਧਰਮ-ਅਵਲੰਬੀਆ ਦੇ ਅਡੰਬਰੀ ਰੂਪ ਦੇਖ ਕੇ, ਜੇ ਕਰੜੀ ਅਲੋਚਨਾ ਵੀ ਕਰਨੀ ਪਈ ਤਾਂ ਉਹ ਵੀ ਨਿਸੰਗਤਾ ਕੀਤੀ ਹੈ :

**ਕਾਦੀ ਕੂੜੁ ਬੋਲਿ ਮਲੁ ਖਾਇ ॥**

**ਬ੍ਰਾਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥**

ਅਵਤਾਰ-ਵਾਦੀ, ਵੈਸਣਵਾਂ, ਇਸਲਾਮ ਦੇ ਸੇਖਾਂ, ਮਸਾਇਕਾਂ, ਪੀਰਾਂ ਪੈਗੰਬਰਾਂ ਬਾਰੇ ਨਾਨਕ ਬਾਣੀ ਜੋ ਆਖਦੀ ਹੈ, ਉਸ ਦੇ ਚਾਨਣੇ ਵਿਚ, ਗੁਰੂ ਨਾਨਕ ਜੀ ਦਾ ਕਿਸੇ ਸੂਫੀ-ਮਤ ਜਾਂ ਕਿਸੇ ਤੋਂ ਪ੍ਰਭਾਵਤ ਹੋਣ ਦੀਆਂ ਗੱਲਾਂ ਇਕ ਦਮ ਨਿਰਅਧਾਰ ਹੀ ਨਹੀਂ ਹੋ ਜਾਂਦੀਆਂ ਬਲਕਿ ਨਿਰਸੰਦੇਹ ਆਖ ਸਕਦੇ ਹਾਂ ਕਿ ਉਨ੍ਹਾਂ ਦਾ ਧਰਮ-ਮਤ ਤੇ ਆਸੇ ਤੋਂ ਬਾਣੀ ਤੋਂ ਅਨਜਾਣ ਲੋਕ ਹੀ ਅਜਿਹਾ ਕੂੜ ਆਖ ਸਕਦੇ ਹਨ, ਨਾਨਕ-ਬਾਣੀ, ਸਿੱਖ-ਧਰਮ ਪੰਥ ਦੇ ਉਨ੍ਹਾਂ ਸਭਨਾਂ ਅਧਾਰਾਂ ਦਾ ਮੂਲ ਹੈ, ਜੋ ਇਕ ਵੱਖਰੇ ਮੌਲਿਕ ਤੇ ਸੁਤੰਤਰ ਧਰਮ ਦੇ ਰੂਪ ਵਿਚ ਪਿੱਛੋਂ ਹੋਏ ਗੁਰੂ ਸਾਹਿਬਾਨ ਨੇ ਪ੍ਰਚਾਰੇ ਸਨ। ਇਨ੍ਹਾਂ ਵਿਚਾਰਾਂ ਦਾ ਮੂਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸਾਡੇ ਪਾਸ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਜੀ ਦਾ ਵਾਕ ਹੈ।

**ਹੋਰੁ ਫਕੜੁ ਹਿੰਦੂ ਮੁਸਲਮਾਣੈ ॥ (ਰਾਮਕਲੀ ਵਾਰ, ਮਹਲਾ 1)**

ਗੁਰੂ ਅਰਜਨ ਜੀ ਦਾ ਹੁਕਮ ਹੈ

**ਨਾ ਹਮ ਹਿੰਦੂ ਨਾ ਮੁਸਲਮਾਨ (ਭੈਰਉ ਮਹਲਾ 5)**

ਕੀ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਦਾ ਇਹ ਵਾਕ 'ਖਾਲਸਾ ਹਿੰਦੂ ਮੁਸਲਮਾਨ ਤੇ ਨਿਆਰਾ ਰਹੇ।' ਉਪਰੋਕਤ ਵਾਕਾਂ ਦੀ ਹੀ ਵਿਆਖਿਆ ਨਹੀਂ?

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਇਸ ਸਿਧਾਂਤ ਦੀ ਵਿਆਖਿਆ ਜੇ, 'ਹਮ ਹਿੰਦੂ ਨਹੀਂ' ਦਾ ਨਾਹਰਾ ਲਗਾ ਕੇ ਕੀਤੀ, ਇਹ ਕੋਈ ਨਵੀਂ ਗੱਲ ਨਹੀਂ ਸੀ, ਜਿਵੇਂ ਕਈ ਲੋਕ ਆਖਦੇ ਹਨ ਇਹ ਨਾਹਰਾ ਅੰਗਰੇਜ਼ਾਂ ਨੇ ਸਿੱਖਾਂ ਨੂੰ ਦਿੱਤਾ ਜਾਂ ਸਿੰਘ-ਸਭੀਆਂ ਨੇ ਇਹ ਨਵੀਂ ਨਿਖੇੜੂ ਰੁਚੀ ਵਰਤਣੀ ਅਰੰਭੀ, ਸਿੰਘ ਸਭਾ ਦੇ ਸੇਵਕਾਂ ਦੀ ਭਾਵਨਾ ਖਾਲਸਾ-ਪੰਥ ਦੇ ਉਸੇ ਵੱਖਰੇ ਵਜੂਦ ਦੇ ਪ੍ਰਚਾਰ ਵਾਲੀ ਸੀ, ਜਿਸ ਦੀ ਨੀਂਹ ਸਿੱਖੀ ਦੇ ਆਦਿ-ਕਾਲ ਤੋਂ ਪੈ ਚੁੱਕੀ ਸੀ । ਇਸ ਸਿਧਾਂਤ ਉੱਤੇ ਅਰੰਭਕ ਅਮਲ - ਦਸਮੇਸ਼ ਜੀ ਦੇ ਸਮੇਂ ਤਕ ਨਿਸ਼ਚਿਤ ਰੂਪ ਵਿੱਚ ਹੋ ਚੁੱਕਿਆ ਸੀ, ਜਿਨ੍ਹਾਂ ਦਾ ਬਚਨ ਹੈ 'ਦੋਹੂੰ ਪੰਥ ਮੈਂ ਕਪਟ ਵਿੱਦਿਆ ਚਲਾਨੀ । ਬਹੁਰ ਤੀਸਰੋ ਪੰਥ ਕੀਨੋ ਪ੍ਰਧਾਨੀ।'

ਜਿਸ ਬਾਰੇ ਦੂਜੇ ਭਾਈ ਗੁਰਦਾਸ ਜੀ ਦਾ ਵਾਕ ਹੈ-

'ਤੀਸਰ ਪੰਥ ਰਚਾਇਨੁ ਵਡ ਸੂਰ ਗਹੇਲਾ।'

ਜੋ ਲੋਕ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਜ ਵੇਲੇ ਦੀਆਂ ਰਸਮਾਂ-ਰੀਤਾਂ ਤੇ ਉਸ ਤੋਂ ਪਿੱਛੋਂ ਸਿੱਖ ਰਈਸਾਂ ਦੇ ਅਚਾਰ-ਵਿਵਹਾਰ ਨੂੰ ਸਿੱਖੀ ਦਾ ਪ੍ਰਮਾਨ ਮੰਨ ਕੇ, ਸਿੱਖੀ ਦੇ ਫਿਰ ਮੁੜ ਸੋਧੇ ਹੋਏ ਰੂਪ ਦੀ ਸੇਵਾ ਦੇ ਕਾਰਜਾਂ ਨੂੰ ਸਿੰਘ ਸਭੀਆਂ ਦੀ ਨਵੀਂ ਕਾਢ, ਜਾਂ ਅੰਗਰੇਜ਼ਾਂ ਦੀ ਦੇਣ ਤੇ ਸਿੰਘ ਸਭੀਆਂ ਦਾ ਨਵੀਂ ਕਿਸਮ ਦਾ ਪ੍ਰਚਾਰ ਆਖਦੇ ਹਨ, ਉਹ ਸਿੱਖੀ ਦੇ ਆਦਿ-ਕਾਲ ਤੋਂ ਚੱਲੀ ਹੋਈ ਵਿਚਾਰ-ਧਾਰਾ ਜਾਨਣ ਦਾ ਯਤਨ ਕਰਨ। ਸਿੱਖ-ਧਰਮ, ਇਕ ਸੁਤੰਤਰ ਮੌਲਿਕ ਧਰਮ ਹੋਣ ਕਾਰਨ, ਸਭ ਸ਼੍ਰੇਣੀ-ਧਰਮਾਂ ਨਾਲੋਂ, ਇਸ ਕਾਰਨ ਜ਼ਰੂਰ ਵਿਲੱਖਣ ਹੈ ਕਿ, ਇਹ ਆਪਣੀ ਹੋਂਦ ਰੱਖਦਿਆਂ ਹੋਇਆਂ ਆਪਣੇ ਸਾਰੇ ਸਾਧਨਾਂ ਨਾਲ ਸਭਨਾਂ ਦਾ ਭਲਾ ਮਨਾਉਣ ਵਾਲਾ ਧਰਮ-ਪੰਥ ਹੁੰਦਿਆਂ, ਇਸ ਦਾ ਆਸਾ ਤੇ ਸਿੱਖਿਆ ਸਰਬੱਤ ਦੇ ਭਲੇ ਵਾਲੀ ਹੈ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**

ਪਰ ਇਹ ਕੁਝ ਸਿੱਖੀ ਤੱਦ ਹੀ ਕਰ ਸਕਦੀ ਹੈ, ਜੇ ਉਸ ਦਾ ਸ਼ੁੱਧ ਤੇ ਤੀਖਣ ਸਵਰੂਪ ਕਾਇਮ ਦਾਇਮ ਰਹੇ, ਨਾ ਕਿ ਆਪਣੀ ਹੋਂਦ ਖਤਮ ਕਰ ਕੇ, ਅਤੇ ਸਰੂਪ ਨੂੰ ਘਸਮੈਲਾ, ਖੁੰਡਾ ਤੇ ਮਿੱਟੀ-ਘੱਟੇ ਰੋਲ ਕੇ ਵੀ ਕਿਸੇ ਚੀਜ਼ ਦਾ ਉਹ ਵਜੂਦ ਰਹਿ ਜਾਂਦਾ ਹੈ ਜਿਸ ਨਾਲ ਕੁਝ ਸਾਰਥਕ ਕਾਰਜ ਕੀਤਾ ਜਾ ਸਕਦਾ ਹੋਵੇ ? ਕਿਸੇ ਜਿਰਾਹ (ਸਰਜਨ) ਦੇ ਔਜਾਰ ਤੱਦ ਹੀ ਸੁਖਦਾਈ ਅਪਰੇਸ਼ਨ ਕਰਦੇ ਹਨ, ਜੇ ਉਹ ਤੀਖਣ ਤੇ ਸ਼ੁੱਧ ਰਹਿਣ।

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਜ ਤਕ ਦੇ ਸਮੇਂ ਦੇ ਪ੍ਰਭਾਵਾਂ ਦੀ ਸਿੱਖੀ ਉਤੇ ਛਾਈ ਧੂੜ-ਅੱਟੀ ਦਸ਼ਾ ਅਤੇ ਜੀਵਨ-ਰਸ ਚੂਸ ਰਹੀ, ਬ੍ਰਹਿਮਣੀ ਅਮਰਵੇਲ ਨੂੰ ਧੂਹ-ਧੂਹ ਕੇ ਗਲੋਂ ਲਾਹਿਆ ਅਤੇ ਹੇਠਾਂ ਤੋਂ ਸਿੱਖੀ ਦੇ ਬ੍ਰਿਛ ਦੇ ਮੂਲ ਰੂਪ ਵਿਚ ਮੁੜ ਲਗਰਾਂ ਉਗਾਉਣ ਦਾ ਵਾਯੂ ਮੰਡਲ ਰਚਿਆ। ਇਸ ਤੋਂ ਪਹਿਲਾਂ, 'ਬਾਰਾਂ ਮਿਸਲਾਂ' ਦੇ ਸਮੇਂ ਤੋਂ ਲੈ ਕੇ, ਜਦੋਂ ਖਾਲਸਾ ਜੀ ਦਾ ਬਹੁਤ ਸਮਾਂ ਆਪਣੀ ਰਹਿਤ-ਮਰਯਾਦਾ, ਤੇ ਸੱਭਯ ਸਰੂਪ ਦੇ ਵਿਕਾਸ ਦੀ ਥਾਂ, ਆਪਣੇ ਵਜੂਦ ਦੇ ਫਿਕਰ ਵਿਚ ਹੀ ਗੁਜ਼ਰਦਾ ਸੀ- ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਪਿੱਛੋਂ ਅੱਧੀ ਸਦੀ ਦਾ ਸਮਾਂ ਸਿੱਖੀ ਸਿਧਾਂਤਾਂ ਉੱਤੇ ਬ੍ਰਾਹਮਣੀ ਪ੍ਰਭਾਵਾਂ ਦੀ ਬੋਹੜ ਦੀ ਛਾਂ ਹੇਠਾਂ ਪੀਲੇ ਤੇ ਮਾਂਦਾ ਪਏ ਬੂਟੇ ਦੇ ਰੂਪ ਵਾਲਾ ਹੈ । ਦੇਖਣ ਨੂੰ ਭਾਵੇਂ ਉਹ 'ਕਾਲ' ਸਿੱਖਾਂ ਪਾਸ ਰਾਜ-ਸ਼ਕਤੀ ਹੋਣ ਕਾਰਨ ਐਸਵਰਜ ਦੀ ਸਿਖਰ ਹੀ ਲਗਦਾ ਹੈ, ਪਰ ਉਦੋਂ ਗੁਰਮਤਿ ਪ੍ਰਭਾਵੀ ਸਿੱਖ ਸੰਗਤਾਂ ਦੇ ਵਿਕਾਸ, ਪੰਥਕ ਸੰਗਠਨ ਤੇ ਕੇਂਦਰੀ ਜਥੇਬੰਦੀ ਦਾ ਅਭਾਵ ਹੀ ਨਜ਼ਰ ਪੈਂਦਾ ਹੈ । ਪੰਥਕ ਗੁਰਮਤੇ ਦੀ ਵਿਚਾਰਧਾਰਾਂ ਦੇ ਵੀ ਉਦੋਂ ਪੈਰ ਨਾ ਲੱਗ ਸਕੇ ।

ਸਿੱਖ ਰਾਜ-ਸੱਤਾ ਦੇ ਖੇਰੂੰ-ਖੇਰੂੰ ਹੋ ਜਾਣ ਦਾ ਕਾਰਨ ਕੀ ਸੀ? ਆਪਣੇ ਮੂਲ ਨਾਲੋਂ ਟੁੱਟ ਕੇ ਡਾਲੀ ਲੱਗਣਾ? ਦਾਤੇ ਨਾਲੋਂ; ਦਾਤ ਨੂੰ ਉੱਤਮ ਜਾਨਣਾ, ਇਸੇ ਕਾਰਨ ਮਹਾਰਾਜਾ ਰਣਜੀਤ ਸਿੰਘ 'ਖਾਲਸਾ ਦਰਬਾਰ' ਦਾ ਮਹਿਲ ਇੱਟ-ਇੱਟ ਹੋਇਆ। ਇਹ ਤੱਥ ਹੀ ਹੈ ਸਿੱਖ ਜਦੋਂ ਵੀ ਮੂਲ ਛੱਡ ਕੇ ਡਾਲੀ ਲੱਗਦੇ ਰਹੇ ਹਨ, ਓਦੋਂ ਹੀ ਅਧੋਗਤੀ ਦਾ ਵਰਤਾਰਾ ਵਰਤਦਾ ਰਿਹਾ ਹੈ :

**ਡਾਲੀ ਲਾਗੇ ਤਿਨੀ ਜਨਮੁ ਗਵਾਇਆ ॥**

ਜੇ ਉਸ ਵੇਲੇ ਪੰਥਕ ਜਥੇਬੰਦੀ ਤੇ ਸੰਗਤਾਂ ਹੁੰਦੀਆਂ ਤਾਂ ਉਹ ਅਧੋਗਤੀ ਕਦੇ ਤੇ ਕਿਵੇਂ ਵੀ ਨਾ ਵਰਤਦੀ ਜਿਸ ਕਾਰਨ ਸਿੱਖੀ ਕਈ ਦਹਾਕੇ ਸੰਭਲ ਨਾ ਸਕੀ । ਪਰ ਅਸੀਂ ਸੰਗਠਨ ਤੇ ਪੰਥਕ ਜਥੇਬੰਦੀ ਸੰਗਤਾਂ ਦੇ ਮਹੱਤਵ ਨੂੰ ਹਾਲਾਂ ਕੁਝ ਨਹੀਂ ਸਮਝਿਆ, ਜਦੋਂ ਸ਼ਕਤੀ ਆਉਂਦੀ ਹੈ ਉਸ ਪਿੱਛੇ ਸਭੋ ਕੁਝ ਛੱਡ ਕੇ ਦੌੜ ਪੈਂਦੇ ਹਾਂ, ਤੇ ਇਸ ਤਰ੍ਹਾਂ ਮੂਲ ਅਧਾਰ ਛੱਡ ਕੇ ਅੱਗੇ ਦੌੜਨ ਵਾਲਿਆਂ ਦਾ ਪਿੱਛਾ ਚੌੜ ਹੋ ਕੇ ਹੀ ਰਹਿੰਦਾ ਆਇਆ ਹੈ।

ਵਿਚਾਰਵਾਨਾਂ ਨੇ ਬੁੱਧ ਅਤੇ ਮਹਾਂਵੀਰ ਦੇ ਕਾਰਜਾਂ ਵਿਚ ਇਕ ਭੇਦ ਦੱਸਿਆ ਹੈ ਕਿ, ਮਹਾਂਵੀਰ ਜੋ ਜੈਨਾਂ ਦੇ ਚੌਵੀਵੇਂ ਤੀਰਥੰਕਰ ਸਨ, ਇਕ ਪਹਿਲਾਂ ਸਥਾਪਿਤ ਹੋਏ ਧਰਮ ਦੇ ਸੋਧਕ ਤੇ ਵਿਆਖਿਆਕਾਰ ਸਨ, ਜਦੋਂ ਕਿ ਬੁੱਧ ਜੀ, ਇਕ ਨਵੇਂ ਮੌਲਿਕ-ਧਰਮ ਦੇ ਜਨਮ-ਦਾਤਾ, ਜਿਵੇਂ ਗੁਰੂ ਨਾਨਕ ਜੀ ਸਿੱਖ-ਧਰਮ ਦੇ ਜਨਮ-ਦਾਤਾ ਹਨ, ਤੇ ਗੁਰੂ ਗੋਬਿੰਦ ਸਿੰਘ ਜੀ ਸਿੱਖ-ਧਰਮ ਸੋਧਕ ਤੇ ਵਿਆਖਿਆਕਾਰ ਜਾਂ ਨਵ-ਨਿਰਮਾਤਾ। ਬੁੱਧ ਜੀ ਬਾਰੇ ਕਿਹਾ ਜਾਂਦਾ ਹੈ ਕਿ, ਉਨ੍ਹਾਂ ਪਹਿਲੇ ਧਰਮਾਂ ਦੀ ਸਖਤ ਅਲੋਚਨਾਂ ਕਰ ਕੇ ਆਪਣੇ ਧਰਮ ਦੀ ਨੀਂਹ ਧਰੀ ਸੀ।

ਗੁਰੂ ਨਾਨਕ ਜੀ ਦਾ ਸਥਾਨ ਬੇਸ਼ਕ, ਬੁੱਧ ਜੀ ਵਾਂਗ ਇਕ ਸੁਤੰਤਰ ਲੋਕ-ਧਰਮ ਦੇ ਸਥਾਪਿਤ ਵਾਲਾ ਹੈ, ਪਰ ਉਨ੍ਹਾਂ ਦੀ ਅਲੋਚਨਾ ਬੁੱਧ ਜੀ ਨਾਲੋਂ ਵੱਖਰੀ ਕਿਸਮ ਦੀ ਰਚਨਾਤਮਿਕ ਹੈ, ਗੁਰੂ ਨਾਨਕ ਜੀ ਨੇ ਪੂਰਵ ਸਥਾਪਿਤ ਧਰਮ-ਪੰਥਾਂ ਦਾ ਵਿਸ਼ਲੇਸ਼ਣ ਕਰ ਕੇ, ਉਨ੍ਹਾਂ ਦੀ ਸਾਰ-ਵਸਤੂ ਨੂੰ ਸਤਿਕਾਰਿਆ ਅਤੇ ਪ੍ਰਪੰਚੀ ਰੂਪ ਨੂੰ ਛੂਟ ਫੰਡ ਕੇ ਛਿਲਕੇ ਵਾਂਗ ਵੱਖ ਨਿਖੇੜਿਆ ਹੈ। ਇਕ ਵੱਢਿਓਂ ਕਿਸੇ ਧਰਮ-ਪੰਥ ਨੂੰ ਨਿਰਦੈਤਾ ਨਾਲ ਰੱਦ ਨਹੀਂ ਕੀਤਾ, ਮਸਲਨ ਗੁਰੂ ਨਾਨਕ-ਮਤ, ਵੇਦ-ਵਿਰੋਧੀ, ਪਰ ਜਿੰਨੀ ਕੁ ਸਾਰ-ਵਸਤੂ ਵੇਦਾਂ ਵਿੱਚ ਹੈ, ਉਹ ਅਣਸੁਣੀ ਹੀ ਛੱਡੀ ਜਾਣੀ ਠੀਕ ਨਹੀਂ ਸਮਝੀ, ਜਿਤਨੀ ਕੁ ਵਾਹਿਗੁਰੂ ਦੇ ਸਰੂਪ (ਨਾਮ) ਦੀ ਉੱਤਮ ਭਾਂਤ ਦੀ ਜਾਣਕਾਰੀ ਅਰੰਭਕ ਉਡਾਨਾਂ ਦੇ ਰੂਪ ਵਿਚ ਵੇਦਾ ਅੰਦਰ ਹੈ, ਉਹ ਵਿਚਾਰਨ ਵਾਲੀ ਵਸਤੂ ਕਰਾਰ ਦਿੱਤੀ ਹੈ :

**(1) ਸਾਸਤੁ ਬੇਦੁ ਬਕੈ ਖੜੋ ਭਾਈ ਕਰਮ ਕਰਹੁ ਸੰਸਾਰੀ ॥**
**ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ ॥**
**(ਸੋਰਠ ਮ. 1)**

**(2) ਤ੍ਰੈ ਗੁਣ ਬਾਣੀ ਬੇਦ ਬੀਚਾਰੁ ॥**
**ਬਿਖਿਆ ਮੈਲੁ ਬਿਖਿਆ ਵਾਪਾਰੁ ॥ (ਮਲਾਰ ਮ. 3)**
**(3) ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ**
**ਇਨ੍ ਪੜਿਆ ਮੁਕਤਿ ਨ ਹੋਈ ॥ (ਸੂਹੀ ਮ. 5)**
**( 4) ਵੇਦਾ ਮਹਿ ਨਾਮੁ ਉਤਮੁ ਸੋ**
**ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ ॥**

ਇਹ ਦ੍ਰਿਸ਼ਟੀ ਦੂਜੇ ਧਰਮ-ਪੰਥਾਂ ਬਾਰੇ ਹੈ, ਜਿਸ ਵਿਚ ਉਨ੍ਹਾਂ ਦੇ ਧਾਰਨੀਆਂ ਨੂੰ ਆਪੋ ਆਪਣੇ ਤੇ ਧਰਮ-ਪੰਥਾਂ ਦੇ ਸਿਧਾਂਤਾਂ ਵਿੱਚ ਵੀ ਸਾਰ-ਵਸਤੂ ਪਛਾਨਣ ਦੀ ਪ੍ਰੇਰਨਾ ਦਿੱਤੀ ਗਈ ਹੈ :

**(1) ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥**
**(2) ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ ॥**
**ਆਪਿ ਤਰੈ ਸਗਲੇ ਕੁਲ ਤਾਰੈ॥**
**(3) ਸੋ ਜੋਗੀ ਜੋ ਜੁਗਤਿ ਪਛਾਣੈ ॥ ਗੁਰ ਪਰਸਾਦੀ ਏਕੋ ਜਾਣੈ ॥**
**(4) ਦਇਆ ਦਿਗੰਬਰੁ ਦੇਹ ਬੀਚਾਰੀ॥**
**ਆਪਿ ਮਰੈ ਅਵਰਾ ਨਹ ਮਾਰੀ ॥**
**(5) ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥ ਪੁੰਨ ਦਾਨ ਕਾ ਕਰੈ ਸਰੀਰੁ ॥**
**(6) ਮੁਸਲਮਾਣੁ ਕਹਾਵਣੁ ਮੁਸਕਲੁ**
**ਜਾ ਹੋਇ ਤਾ ਮੁਸਲਮਾਣੁ ਕਹਾਵੈ॥**

ਇਹ ਰਚਨਾਤਮਕ ਦ੍ਰਿਸ਼ਟੀ ਗੁਰੂ ਨਾਨਕ ਜੀ ਨੇ ਸਭਨਾਂ ਧਰਮ-ਪੰਥਾਂ ਬਾਰੇ ਵਰਤੀ ਅਤੇ ਚੰਗੀ ਚੀਜ਼ ਨੂੰ ਚੰਗੀ, ਮੰਦੀ ਨੂੰ ਮੰਦੀ ਮੰਨ ਕੇ ਟੁਰਨ ਵਾਲੇ ਧਰਮ-ਪੰਥ ਦੀ ਉੱਚੀ ਕਦਰ ਕੀਮਤ ਵਾਲੀ ਸੋਚ ਆਪਣਿਆਂ ਅਨੁਯਾਈਆਂ ਵਿੱਚ ਭਰੀ, ਜਿਸ ਦੇ ਫਲ ਸਰੂਪ ਦਸਮੇਸ਼ ਜੀ ਨੇ ਦੇਹੁਰਾ ਮਸੀਤ ਦੇ ਭੇਦਾਂ ਤੋਂ ਉੱਪਰ ਉੱਠ ਕੇ ਪਰ ਆਪਣਾ ਮਾਰਗ ਸ਼ੁੱਧ ਰਖਦਿਆਂ ਹੋਇਆਂ ਸਮੁੱਚੇ ਨੂੰ ਸਮਝ ਕੇ ਚੱਲਣ ਦਾ ਉਪਦੇਸ਼ ਦਿੱਤਾ : **ਬੇਦ ਕਤੇਬ ਕੇ ਭੇਦ ਸਬੈ ਤਜਿ ਕੇਵਲ ਕਾਲ ਕ੍ਰਿਪਾਨਿਧਿ ਮਾਨਯੋ ॥**

**(2) ਗੁਰਬਾਣੀ ਦੀ ਕਸਵੱਟੀ ਨਾਲ ਸਿੱਖ-ਸਾਹਿਤ ਦੀ ਪਰਖ:-**

ਮੱਧ-ਕਾਲੀਨ ਸਿੱਖ-ਸਾਹਿਤ ਨੂੰ ਗੁਰਬਾਣੀ ਦੀ ਰੌਸ਼ਨੀ ਤੇ ਉਸ ਦੀ ਕਸਵੱਟੀ ਉਤੇ ਪਰਖਣ ਨਿਰਖਣ ਦੀ ਸੋਝੀ, ਸਿੰਘ ਸਭਾ ਲਹਿਰ ਦੇ ਸੇਵਕਾਂ ਤੇ ਵਿਦਵਾਨਾਂ ਦੀ ਵਿਸ਼ੇਸ਼ ਦੇਣ ਹੈ। ਸਿੱਖ ਸਾਹਿਤ, ਜਨਮ-ਸਾਖੀਆਂ, ਸਾਖੀ ਪੁਸਤਕਾਂ ਤੇ ਬੰਸਾਵਲੀ-ਨਾਮਿਆਂ ਤੋਂ, ਗੁਰ-ਬਿਲਾਸ ਨਾਨਕ-ਪ੍ਰਕਾਸ਼, ਨਾਨਕ-ਵਿਜੈ, ਗੁਰੂ ਨਾਨਕ ਚੰਦ੍ਰਦਯ, ਗੁਰ-ਪ੍ਰਤਾਪ ਸੂਰਜ ਆਦਿ ਵੱਡ-ਅਕਾਰੀ ਗ੍ਰੰਥਾਂ ਦਾ ਰੂਪ ਧਾਰਨ ਕਰ ਕੇ ਪ੍ਰਕਾਸ਼ਤ ਹੋਇਆ, ਤਾਂ ਇਨ੍ਹਾਂ ਗ੍ਰੰਥਾਂ-ਲੇਖਕਾਂ ਦਾ ਦ੍ਰਿਸ਼ਟੀਕੋਣ, ਉਸ ਸਮੇਂ ਦੇ ਬ੍ਰਹਮਣੀ ਸਮਾਜ ਦੇ ਪ੍ਰਭਾਵ ਕਬੂਲਣ ਕਰ ਕੇ ਪੌਰਾਣਕ ਬਣ ਚੁਕਿਆ ਸੀ। ਗ੍ਰੰਥਾਂ ਲੇਖਕ ਦੀ ਫੀ ਜ਼ਮਾਨਾ ਇਹ ਦ੍ਰਿਸ਼ਟੀ ਤਾਂ ਸਮਝ ਆ ਸਕਦੀ ਹੈ, ਪਰ ਸਿੱਖ ਗੁਰੂਆਂ ਦੇ ਜੀਵਨ ਦੇ ਨਾਲ-ਨਾਲ ਇਤਿਹਾਸਕ ਗ੍ਰੰਥਾਂ ਵਿਚ ਪੌਰਾਣਕ ਕਥਾਵਾਂ ਦੀ ਭਰਮਾਰ ਅਤੇ ਉਨ੍ਹਾਂ ਜਿਹੀਆਂ ਪੌਰਾਣਕ ਵਾਰਤਾਵਾਂ ਕਲਪ ਕੇ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰਾਂ ਨੂੰ ਅੰਕਤ ਕਰਨਾ ਬਿਲਕੁਲ ਹੀ ਹੈਰਾਨ ਕਰਨ ਵਾਲੀ ਦਸ਼ਾ ਹੈ, ਕਈ ਥਾਵਾਂ 'ਤੇ ਇੰਝ ਲਗਦਾ ਹੈ, ਜਿਵੇਂ ਸਿੱਖੀ ਦੇ ਸਿਧਾਂਤ ਤੇ ਗੁਰ-ਵਾਕ ਏਨਾ ਮਹਾਨ ਵਿਦਵਾਨ ਲੇਖਕਾਂ ਨੇ ਪੜ੍ਹੇ ਵਿਚਾਰੇ ਹੀ ਨਹੀਂ ਹੁੰਦੇ।

ਇਨ੍ਹਾਂ ਇਤਿਹਾਸਕ ਗ੍ਰੰਥਾਂ ਨੇ ਸਿੱਖ-ਗੁਰੂਆਂ ਦੀ ਵਿਥਿਆ ਪੌਰਾਣਕ ਢੰਗਾਂ ਨਾਲ ਨਿਰੂਪਣ ਕਰਕੇ ਜਿੱਥੇ ਇਤਿਹਾਸਕ ਤੱਥਾਂ ਦਾ ਘੋਲੂਆ ਜਿਹਾ ਬਣਾ ਧਰਿਆ ਸੀ, ਉੱਥੇ ਸਿੱਖ ਧਰਮ ਦੇ ਵਿਲੱਖਣ ਵਜੂਦ, ਸੁਤੰਤਰ ਅਤੇ ਮੌਲਿਕ ਧਰਮ ਦੀ ਮਹੱਤਤਾ ਦੇ ਆਧਾਰ ਵੀ ਸੰਦੇਹ-ਜਨਕ ਬਣਾ ਦਿੱਤੇ ਸਨ । ਇਨ੍ਹਾਂ ਗ੍ਰੰਥਾਂ ਦੀ ਸੰਤਾਂ-ਸਾਧੂਆਂ ਵਲੋਂ ਸਵੇਰੇ-ਸ਼ਾਮ ਕਥਾ-ਵਾਰਤਾ, ਭਾਵੇਂ ਸਾਧਾਰਨ ਤੌਰ 'ਤੇ ਜਨਤਾ ਲਈ ਲਾਭਵੰਦੀ ਸੀ, ਪਰ ਹੰਸ-ਚੋਗ-ਬ੍ਰਿਤੀ ਦੀ ਵਰਤੋਂ ਨਾ ਹੋਣ ਕਾਰਨ ਇਹ ਪ੍ਰਥਾ ਨਾਲੋ ਨਾਲ ਸਿੱਖੀ ਉੱਤੇ ਮਾਰੂ ਅਸਰ ਕਰਨ ਵਾਲੀ ਸੀ। ਗੁਰੂ ਸਾਹਿਬਾਨ ਜੀ ਦੇ ਵਿਆਹਾਂ-ਸ਼ਾਦੀਆਂ ਸਮੇਂ ਕਥਿਤ ਰਾਜਸੀ ਅਡੰਬਰ ਤੇ ਠਾਠ, ਬ੍ਰਾਹਮਣੀ ਰੀਤਾਂ-ਰਿਵਾਜ਼ਾਂ ਅਨੁਸਾਰ ਗੁਰੂ ਪ੍ਰਵਾਰਾਂ ਦੇ ਸੰਸਕਾਰ ਲਈ ਭਾਂਤ-ਸੁ-ਭਾਂਤੀਆਂ ਅਤਿ-ਕਥਨੀਆਂ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ 'ਦੁਰਗਾ-ਪੂਜਣ ਪ੍ਰਸੰਗ' ਇੰਨਾ ਵਧਾ ਚੜ੍ਹਾ ਕੇ ਲਿਖਿਆ ਮਿਲਦਾ ਹੈ, ਜਿਵੇਂ ਦਸਮੇਸ਼ ਜੀ ਆਪਣੇ ਵਡੇਰਿਆਂ ਤੇ ਪੈਣ ਕਰ ਕੇ ਉਹ ਵੀ ਬ੍ਰਿਜ-ਭਾਸ਼ਾ ਦੀ ਗੂੜ੍ਹ ਕਾਵਯ-ਸ਼ੈਲੀ ਨੂੰ ਛੱਡ ਕੇ ਸਪਸ਼ਟ ਤੇ ਸਰਲ ਵਾਰਤਕ 'ਨਾਨਕ-ਪੰਥ' ਦੇ ਸਮਰੱਥਕ ਹੋਣ ਦੀ ਥਾਂ ਕਿਸੇ ਹੋਰ, ਉਹ ਵੀ ਸਾਕਤ ਮਤ ਦੇ ਹੀ ਧਾਰਨੀ ਹੋਣ। ਇਤਿਹਾਸ ਵਿਚ ਦਾਖਲ ਕੀਤੇ ਗਏ ਇਨ੍ਹਾਂ ਭਰਮ-ਭੁਲੇਖੇ ਭਰੇ ਇਤਿਹਾਸਕ ਪ੍ਰਸੰਗਾਂ ਨੂੰ ਮੁੱਖ ਰੱਖ ਕੇ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਭਾਸ਼ਨਾਂ, ਲੇਖਾਂ ਤੇ ਪੁਸਤਕਾਂ ਰਾਹੀਂ ਸ਼ੰਕੇ ਦੂਰ ਕਰਨ ਦਾ ਕਾਰਜ ਆਰੰਭਿਆ ਜਿਨ੍ਹਾਂ ਵਿੱਚੋਂ ਅਨੇਕਾਂ ਲੇਖਾਂ ਤੇ ਭਾਸ਼ਨਾਂ ਤੋਂ ਇਲਾਵਾ, ਭਾਈ ਦਿੱਤ ਸਿੰਘ ਜੀ ਦਾ 'ਦੁਰਗਾ ਪ੍ਰਬੋਧ -ਗ੍ਰੰਥ' ਜੋ ਖਾਸ ਕਰ ਕੇ ਮਹੱਤਤਾ ਭਰਿਆ ਹੈ, ਇਸ ਪ੍ਰਥਾ ਨੂੰ ਪਿੱਛੋਂ ਜਾ ਕੇ ਭਾਈ ਵੀਰ ਸਿੰਘ ਜੀ ਨੇ 'ਦੇਵੀ-ਪੂਜਣ-ਪੜਤਾਲ' ਪੁਸਤਕ ਰਚ ਕੇ ਅੱਗੇ ਵਧਾਇਆ, ''ਗੁਰ-ਪ੍ਰਤਾਪ-ਸੂਰਜ'' ਸਮੇਂ ਵੀ ਉਨ੍ਹਾਂ ਜੋ ਸੋਧਾਂ ਭਰੇ ਅਨੇਕਾਂ ਫੁਟ-ਨੋਟ ਦਿੱਤੇ ਹਨ, ਇਹ ਸਿੰਘ ਸਭਾ ਲਹਿਰ ਦੀ ਦ੍ਰਿਸ਼ਟੀ ਦਾ ਹੀ ਪ੍ਰਤੀਕਰਮ ਹਨ ।

ਇਤਿਹਾਸਕ-ਪੱਖ ਤੋਂ ਪ੍ਰੋ. ਗੁਰਮੁੱਖ ਸਿੰਘ ਜੀ ਨੇ 'ਹਾਫਜ਼ਾਬਾਦੀ ਜਨਮ-ਸਾਖੀ', ਜੋ ਹਰ ਪੁਰਾਤਨ ਜਨਮ-ਸਾਖੀ ਕਰ ਕੇ ਜਾਣੀ ਜਾਂਦੀ ਹੈ, ਦੇ ਛਾਪਣ ਦੇ ਪਹਿਲੇ ਯਤਨਾਂ ਤੋਂ ਹੱਥ-ਲਿਖ ਪੁਸਤਕਾਂ ਛਾਪਣ ਤੇ ਸੰਪਾਦਨ ਕਰਨ ਦੀ ਲੜੀ ਟੁਰਦੀ ਹੈ ਤੇ ਸ. ਕਰਮ ਸਿੰਘ ਦੀਆਂ ਖੋਜਾਂ ਨਾਲ ਇਹ ਕਾਰਜ ਸਿੱਖਰਾਂ ਉੱਤੇ ਪੁੱਜਦਾ ਹੈ, ਜਿਨ੍ਹਾਂ ਦੀਆਂ ਸੇਵਾਵਾਂ ਦਾ ਲਾਭ ਉਠਾਉਣ ਲਈ (ਸੰਨ 1931) ਵਿਚ ਖਾਲਸਾ ਕਾਲਜ ਵਿਚ ਇਤਿਹਾਸ-ਵਿਭਾਗ ਕਾਇਮ ਕੀਤਾ ਗਿਆ ਸੀ ਇਸ ਮਹਿਕਮੇ ਦੀ ਸਥਾਪਨਾ ਸਿੰਘ ਸਭਾ ਲਹਿਰ ਦੇ ਖੋਜੀ ਪ੍ਰਭਾਵਾਂ ਦਾ ਹੀ ਫਲ ਸੀ।

ਆਪਣੇ ਪੁਰਾਣੇ ਇਤਿਹਾਸਕ ਤਥਾਂ ਨੂੰ ਸੋਧਣ-ਪ੍ਰਬੋਧਣ ਦੇ ਨਾਲ-ਨਾਲ ਹੋਰਨਾਂ ਧਰਮਾਂ ਬਾਰੇ ਜਾਣਕਾਰੀ, ਖਾਸ ਕਰ ਅਨ-ਮਤੀਆਂ ਦੇ ਸਿੱਖ ਧਰਮ ਉੱਪਰ ਕੀਤੇ ਜਾ ਰਹੇ ਹਮਲਿਆਂ ਦੇ ਉੱਤਰ ਵਿੱਚ ਲਿਖੇ ਗ੍ਰੰਥ, ਇਸ ਕਾਲ ਦੇ ਡੂੰਘੇ ਤੇ ਤੀਖਣ ਭਾਂਤ ਦੇ ਤੁਲਨਾਤਮਿਕ ਅਧਿਐਨ ਹਨ, ਜਿਨ੍ਹਾਂ ਜਿਹੇ ਸਿੱਖੀ ਹਿਤੈਸ਼ੀ ਭਾਵਨਾ ਵਾਲੇ ਯਤਨ ਅਸੀਂ ਅੱਜ ਕਿੱਧਰੋਂ ਢੂੰਡਿਆਂ ਵੀ ਨਹੀਂ ਲੱਭ ਸਕਦੇ। ਗ੍ਰੰਥਾਂ ਤੋਂ ਇਲਾਵਾ, ਛੋਟੇ ਛੋਟੇ ਪੈਂਫਲਿਟ ਇਸ ਸਮੇਂ ਭਾਰੀ ਗਿਣਤੀ ਵਿਚ ਲਿਖੇ ਤੇ ਛਾਪੇ ਗਏ, ਇਹ ਯਤਨ ਗ੍ਰੰਥਾਂ ਤੇ ਟਰੈਕਟਾਂ ਤੋਂ ਤਾਂ ਭਾਵੇਂ ਛੋਟੇ ਹੀ ਸਨ, ਪਰ ਹੈ ਸਨ ਗਿਆਨ ਦੇ ਵੱਡੇ ਵੱਡੇ ਵਿਸ਼ਿਆਂ ਦੇ ਨਿਚੋੜ। ਅਜਿਹੇ ਟਰੈਕਟਾਂ ਦੇ ਛਾਪਣ ਵਿਚ ਖਾਲਸਾ-ਟਰੈਕਟ-ਸੋਸਾਇਟੀ, ਅੰਮ੍ਰਿਤਸਰ ਦੀ ਸਥਾਪਨਾ ਅਤੇ ਉਸ ਦਾ ਯੋਗਦਾਨ ਵੀ ਮਹਾਨ ਹੈ। ਪੰਚ-ਖਾਲਸਾ-ਦੀਵਾਨ ਭਸੌੜ ਨੇ ਵੀ ਇਸ ਮੁਹਿੰਮ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ। ਭਾਈ ਮੋਹਨ ਸਿੰਘ ਵੈਦ ਦੀ ਸੇਵਾ ਵੀ ਵਰਨਣਯੋਗ ਹੈ। ਸਿੱਖੀ ਦੇ ਵੱਖੋ ਵੱਖਰੇ ਪਹਿਲੂਆਂ ਨੂੰ ਨਿਖਾਰਨ ਅਤੇ ਪ੍ਰਚਾਰਨ ਵਾਲੀਆਂ ਸਿਧਾਂਤਕ ਪੁਸਤਕਾਂ ਵਿਚ ਭਾਈ ਕਾਨ੍ਹ ਸਿੰਘ ਜੀ ਲਿਖਤ 'ਗੁਰਮਤਿ-ਸੁਧਾਖਰ' ਤੇ 'ਗੁਰਮਤਿ ਪ੍ਰਭਾਕਰ' ਦਾ ਬੁਨਿਆਦੀ ਅਸਥਾਨ ਹੈ, ਉਨ੍ਹਾਂ ਦੀ ਲਿਖੀ 'ਹਮ-ਹਿੰਦੂ-ਨਹੀ' ਪੁਸਤਕ ਇਸ ਰੌਲੇ-ਘਚੋਲੇ ਵਿਚੋਂ ਸਿੱਖੀ ਨੂੰ ਕੱਢਣ ਦਾ ਇਕ ਚਾਨਣ-ਮੁਨਾਰਾ ਮੰਨੀ ਜਾਂਦੀ ਰਹੀ ਹੈ, ਜਿਸ ਦੀ ਪਰੋੜ੍ਹਤਾ ਵਿਚ ਛਾਪੇ ਗਏ ਤਖਤਾਂ ਦੇ ਹੁਕਮਨਾਮਿਆਂ, ਪੰਥਕ ਸੰਸਥਾਵਾਂ ਦੇ ਫੈਸਲਿਆਂ ਨੇ ਸੋਨੇ ਉਤੇ ਸੁਹਾਗੇ ਵਾਲਾ ਕੰਮ ਕੀਤਾ।

ਗਿਆਨੀ ਗਿਆਨ ਸਿੰਘ ਜੀ ਨੇ ਜਿਤਨੇ ਗ੍ਰੰਥਾਂ ਦੀ ਰਚਨਾ ਕੀਤੀ ਉਨ੍ਹਾਂ ਵਿੱਚੋਂ ਕੁਝ ਜਿਵੇਂ ਕਿ ਅਸੀਂ ਦੇਖਦੇ ਸਿੰਘ ਸਭਾ ਲਹਿਰ ਦੇ ਉੱਠਣ ਦੇ ਹਨ, ਕੁਝ ਆਰੰਭ ਕਾਲ ਦੇ, ਉਨ੍ਹਾਂ ਦੀ ਲਿਖਣ ਸ਼ੈਲੀ 'ਤੇ ਇਕ ਦਮ ਸਿੰਘ ਸਭਾ ਵਾਲੇ ਸੁਧਾਰਕ ਵਿਚਾਰਾਂ ਦਾ ਪ੍ਰਬਲ ਪ੍ਰਭਾਵ ਪੈਣ ਕਰਕੇ ਉਹ ਵੀ ਬ੍ਰਿਜ-ਭਾਸ਼ਾ ਦੀ ਗੂੜ੍ਹ ਕਾਵਯ ਸ਼ੈਲੀ ਨੂੰ ਛੱਡ ਕੇ ਸਪਸ਼ਟ ਤੇ ਤਰਲ ਵਾਰਤਕ ਵਿਚ ਲਿਖਣ ਲੱਗ ਪਏ ਸਨ। ਤਵਾਰੀਖੀ ਨੁਕਤਾ-ਨਿਗਾਹ ਮੁੱਖ ਰੱਖਣ ਤੋਂ ਇਲਾਵਾ, ਉਨ੍ਹਾਂ ਦਾ

ਪੌਰਾਣਕ ਵਾਰਤਾਵਾਂ ਤੋਂ ਬਚਣ ਦੇ ਯਤਨ ਅਤੇ ਚੇਤਨਾ ਪ੍ਰਬਲ ਤੌਰ 'ਤੇ ਕੰਮ ਕਰਦੀ ਕਈ ਥਾਂ ਪ੍ਰਤੱਖ ਦਿੱਸਦੀ ਹੈ। ਆਪ ਜੀ ਦੇ ਗ੍ਰੰਥਾਂ ਦੀਆਂ ਜਦੋਂ ਦੂਜੀਆਂ ਐਡੀਸ਼ਨਾਂ ਛਾਪੀਆਂ ਗਈਆਂ ਤਾਂ ਉਨ੍ਹਾਂ ਜੋ ਵਾਧੇ ਤੇ ਫੁੱਟ ਨੋਟ ਦਿੱਤੇ ਅਤੇ ਸੋਧਾਂ ਦਿੱਤੀਆਂ, ਉਹ ਸੱਭ ਉੱਠ ਰਹੀ ਸਿੰਘ ਸਭਾ ਲਹਿਰ ਦੇ ਪ੍ਰਭਾਵਾਂ ਦਾ ਹੀ ਫਲ ਸੀ। ਸੱਚ ਤਾਂ ਇਹ ਹੈ ਕਿ ਉਨ੍ਹਾਂ ਦੀਆਂ ਕੁਝ ਕਿਤਾਬਾਂ ਦੀ ਰਚਨਾ ਤਾਂ ਹੋਈ ਹੀ ਸਿੰਘ ਸਭਾ ਦੇ ਪ੍ਰਭਾਵਾਂ ਹੇਠਾਂ ਸੀ, ਜਿਨ੍ਹਾਂ ਵਿੱਚੋਂ '' ਖ਼ਾਲਸਾ ਪਤਿਤ ਪਾਵਨ', 'ਰਿਪਦਮਨ ਪ੍ਰਕਾਸ਼', 'ਗੁਰਧਾਮ ਦਰਸ਼ਨ', 'ਭੁਪਿੰਦਰ-ਆਨੰਦ ਪ੍ਰਕਾਸ਼' ਆਦਿਕ ਗ੍ਰੰਥ ਵਰਨਣਯੋਗ ਹਨ।

ਮਨਮਤੀ ਪ੍ਰਭਾਵ ਪਾਉਣ ਵਾਲੀਆਂ ਸਿੱਖ ਇਤਿਹਾਸਕ ਰਚਨਾਵਾਂ, ਗੁਰਬਾਣੀ ''ਗੁਰੂ'' ਨੂੰ ਕਸਵਟੀ ਬਣਾ ਕੇ ਪ੍ਰਖਣ ਨਿਰੱਖਣ ਦੀ ਬੋਲੀ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਜਾਗਰਿਤ ਕੀਤੀ ਅਤੇ ਪਾਰਖੂ ਬਿਰਤੀ ਨਾਲ ਦੁੱਧ ਤੇ ਪਾਣੀ ਨਿਖੇੜ ਕੇ ਕੱਚ ਦਾ ਤਿਆਗ ਅਤੇ ਸੱਚ ਵਿਹਾਂਝਣ ਦੀ ਰੁਚੀ ਨੂੰ ਤੀਖਣ ਕੀਤਾ, ਜਿਸ ਨਾਲ ਪਿਛਲਾ ਸਾਰਾ ਕੁਝ ਅੰਵੇ-ਅੰਵ ਕਰ ਕੇ ਨਿਖੇੜਿਆ ਅਤੇ ਨਵੀਂ ਸਾਹਿਤ ਰਚਨਾ ਇਸ ਪੱਖ ਤੋਂ ਚੇਤਨ ਹੋ ਕੇ ਕੀਤੀ ਜਾਣ ਲੱਗੀ, ਜਿਸ ਦੇ ਫਲਸਰੂਪ ਪ੍ਰਾਚੀਨ ਪੁਸਤਕਾਂ ਛਪਣੀਆਂ ਸ਼ੁਰੂ ਹੋਈਆਂ, ਨਾਲ ਹੀ ਪੁਰਾਣੇ ਸਾਹਿਤ ਨੂੰ ਸੰਪਾਦਨ ਕਰ ਕੇ ਪ੍ਰਕਾਸ਼ਨ ਦੀ ਪ੍ਰਥਾ ਜਾਰੀ ਹੋਈ।

**(3) ਰਹੁ ਰੀਤਾਂ ਤੇ ਮਰਿਯਾਦਾ ਦੇ ਅਡੰਬਰੀ ਰੂਪ ਤੋਂ ਬਚਾਓ:-**

ਰਹੁ-ਰੀਤਾਂ ਤੇ ਮਰਿਯਾਦਾ ਕਿਸੇ ਵੀ ਧਰਮ ਦੀ ਅੰਦਰਲੀ ਰੂਹ ਦਾ ਬਾਹਰਮੁਖੀ ਪ੍ਰਗਟਾਉ ਹੁੰਦੀਆਂ ਹਨ। ਸਿੱਖ-ਗੁਰੂ-ਸਾਹਿਬਾਨ ਨੇ ਕਰਮ ਕਾਂਡੀ ਅਡੰਬਰ ਅਤੇ ਵਾਧੂ ਦੇ ਝੰਜਟਾਂ ਤੋਂ ਰਹਿਤ ਜੋ ਗੁਰਮੁਖਤਾ ਦਾ ਗਾਡੀ ਰਾਹ ਚਲਾਇਆ ਸੀ, ਉਸ ਦੇ ਪ੍ਰਮਾਣੀਕ ਤੇ ਸਿਧਾਂਤਕ ਅਧਾਰ ਅਤੇ ਰਹਿਤ ਮਰਯਾਦਾ ਦੇ ਸੰਕੇਤ ਗੁਰੂ-ਵਾਕ ਹਨ ਅਤੇ ਉਨ੍ਹਾਂ ਦੀ ਵਿਆਖਿਆ ਸਿੱਖ-ਸਾਹਿਤ ਤੇ ਸਿਧਾਂਤਕ ਗ੍ਰੰਥਾਂ, ਰਹਿਤਨਾਮਿਆਂ ਤੇ ਇਤਿਹਾਸਕ ਗਰੰਥਾਂ ਦੇ ਪ੍ਰਸੰਗਾਂ ਅਤੇ ਸਾਖੀਆਂ ਦੇ ਰੂਪ ਵਿੱਚ ਮਿਲਦੀ ਹੈ।

ਛੇਵੇਂ ਪਾਤਸ਼ਾਹ ਦੀ ਸਮਕਾਲੀ ਪੁਸਤਕ 'ਦਬਿਸਤਾਨ ਮਜ਼ਾਹਬ' ਦਾ ਲੇਖਕ ਲਿਖਦਾ ਹੈ 'ਨਾਨਕ-ਪੰਥੀ ਸਿੱਖ ਹਿੰਦੂਆਂ ਦੇ ਤੀਰਥਾਂ ਤੇ ਦੇਵੀ ਦੇਵਤਿਆਂ ਨੂੰ ਨਹੀਂ, ਸਿੱਖ ਸੰਸਕ੍ਰਿਤ ਨੂੰ ਦੇਵ-ਭਾਸ਼ਾ ਵੀ ਨਹੀਂ ਮੰਨਦੇ।

ਪਰ ਅਸੀਂ ਵੇਖਦੇ ਹਾਂ ਨਾਨਕ-ਪੰਥੀਆਂ ਦੀ ਇਸ ਧਾਰਨਾ ਅਤੇ ਵਿਰੋਧ ਦੇ ਬਾਵਜੂਦ, ਗੁਰੂ ਗੋਬਿੰਦ ਸਿੰਘ ਜੀ ਦੇ ਯੁੱਗ-ਪਲਟਾਊ ਕਾਰਨਾਮਿਆਂ ਅਤੇ ਬਾਣੀ ਦੇ ਅਮੋਘ ਬਾਣਾਂ ਦੇ ਹੁੰਦਿਆਂ ਹੋਇਆਂ ਜਿਉਂ ਹੀ ਸਿੱਖਾਂ ਵਿਚ ਬਾਰਾਂ ਮਿਸਲਾਂ ਤੋਂ ਪਿਛੋਂ ਰਾਜ-ਕਾਜ ਤੇ ਐਸਵਰਯ ਨੇ ਪੈਰ ਪਸਾਰੇ, ਬ੍ਰਹਮਣੀ ਧਰਮ, ਹੜ੍ਹ ਦੇ ਪਾਣੀ ਵਾਂਗ ਸਿੱਖੀ ਦੀ ਵਾੜੀ ਉੱਤੇ ਛਾ ਗਿਆ। ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ-ਕਾਲ ਵਿਚ ਬ੍ਰਹਿਮਣੀ-ਧਰਮ ਨੂੰ ਡੋਗਰ-ਸਾਹੀ ਨਾਲੋਂ ਵੀ ਵੱਧ ਮਹੱਤਵ ਮਿਲਿਆ, ਸਿੱਖੀ ਦੀਆਂ ਰਸਮਾਂ-ਰੀਤਾਂ ਤੇ ਮਰਯਾਦਾਂ ਹੌਲੀ-ਹੌਲੀ ਬ੍ਰਹਿਮਣੀ-ਧਰਮ ਦੀ ਨਕਲ ਬਣਦੀਆਂ ਹੋਈਆਂ ਹੌਲੀ-ਹੌਲੀ ਉਸ ਦੇ ਅਸਲੀ ਰੂਪ ਦੀਆਂ ਧਾਰਨੀ ਹੀ ਬਣ ਗਈਆਂ ਸਨ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਤੇ ਪਰਿਵਾਰ ਦੇ ਜਿੰਨੇ ਵੀ ਵਿਆਹ ਕੀਤੇ, ਉਹ ਵੈਦਿਕ ਰੀਤੀ ਅਨੁਸਾਰ ਬ੍ਰਹਿਮਣਾਂ ਜਾਂ ਰਾਜ ਪੰਡਤਾਂ ਵੱਲੋਂ ਸਭ ਫੇਰਿਆ ਦੇ ਰੂਪ ਵਿੱਚ ਹੀ ਕੀਤੇ ਜਾਂਦੇ ਰਹੇ। ਮਹਾਰਾਜਾ ਸਾਹਿਬ ਦੇ ਪੋਤੇ ਕੰਵਰ ਨੌਨਿਹਾਲ ਸਿੰਘ ਦੀ ਸ਼ਾਦੀ ਸਮੇਂ ਮਹਾਰਾਜਾ ਰਣਜੀਤ ਸਿੰਘ ਦਾ 'ਸਿੱਖ ਦਰਬਾਰ' ਐਸਵਰਯ ਦੀ ਸਿਖਰ ਉੱਤੇ ਸੀ, ਇਸ ਸ਼ਾਦੀ ਦੇ ਸਾਹੀ ਠਾਠ-ਬਾਠ ਵਾਗੂੰ ਹਾਲਾਤ ਲਿਖਦਿਆਂ ਇਤਿਹਾਸਕਾਰਾਂ ਨੇ ਬੜੇ ਵੱਡੇ ਗੌਰਵ ਨਾਲ ਲਿਖਿਆ ਹੈ, ਪਹਿਲੀ ਅੱਧੀ ਰਾਤ ਪਿੱਛੋਂ ਇੱਕ ਵਜੇ ਫੇਰੇ ਹੋਏ।* ਯਾਦ ਰਹੇ ਇਹ ਵਿਆਹ ਅਟਾਰੀ ਵਾਲੇ ਸਿੱਖ ਸਰਦਾਰਾਂ ਦੀ ਧੀ ਨਾਲ ਹੋਇਆ ਸੀ, ਕਿਸੇ ਹਿੰਦੂ ਰਾਜਪੂਤ ਦੀ ਧੀ ਨਾਲ ਨਹੀਂ ਸੀ ਕਿ, ਧੀ ਵਾਲਿਆਂ ਦੀ ਮਰਜ਼ੀ ਵਿੱਚ ਮਹਾਰਾਜਾ ਸਾਹਿਬ ਨੇ ਦਖਲ ਦੇਣਾ ਠੀਕ ਨਾ ਸਮਝਿਆ ਹੋਵੇ।

ਅਨੰਦ-ਕਾਰਜ ਦੀ ਰਸਮ, ਜਿਸ ਦੇ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਪਿੰਡ ਝਬਾਲ ਵਿਚ ਆਪਣੇ ਧੀ ਬੀਬੀ ਵੀਰੋ ਦੇ ਅਨੰਦ ਕਾਰਜ ਕਰਨ ਦੇ ਪ੍ਰਮਾਣ ਇਤਿਹਾਸ ਤੋਂ ਮਿਲਦੇ ਹਨ, ਸਿੰਘ ਸਭਾ ਲਹਿਰ ਤੋਂ ਪਹਿਲਾਂ ਦੇ ਸਮੇਂ ਇਹ ਇਕਦਮ ਅਨੋਖੀ ਗੱਲ ਹੋ ਗਈ ਸੀ।

ਰਾਵਲਪਿੰਡੀ ਦੀ ਸਹਿਜਧਾਰੀ ਸਿੱਖਾਂ ਦੀ ਨਿਰੰਕਾਰੀ ਲਹਿਰ ਦੇ ਆਗੂ ਬਾਬਾ ਦਿਆਲ ਤੇ ਰੱਬ ਜੀ ਨੇ ਆਪਣੇ ਸਿੱਖਾਂ ਸੇਵਕਾਂ ਵਿੱਚ ਅਨੰਦ-ਵਿਵਾਹ ਦੀ ਲਹਿਰ ਮੁੜ ਜਾਰੀ ਕੀਤੀ, ਤਾਂ ਉਨ੍ਹਾਂ ਨੂੰ ਸਿੱਖਾਂ ਦਾ ਹੀ ਕਰੜਾ ਵਿਰੋਧ ਝੱਲਣਾ ਪਿਆ। ਬਾਬਾ ਰਾਮ ਸਿੰਘ ਜੀ (ਨਾਮਧਾਰੀ) ਨੇ ਇਸ ਰੀਤ ਨੂੰ ਅੱਗੇ ਵਧਾਇਆ ਤਾਂ ਕੁਝ ਹਿੰਦੂ ਢੰਗ ਨਾਲ ਬੇਦੀ ਗੱਡ ਕੇ ਮੰਤਰਾਂ ਦੀ ਥਾਂ, ਗੁਰੂ ਗ੍ਰੰਥ ਸਾਹਿਬ ਵਿੱਚੋਂ ਲਾਵਾਂ ਪੜ੍ਹੀਆਂ ਜਾਣ ਲੱਗੀਆਂ, ਇਸ ਸੰਧੀ-ਕਾਲ ਇਹ ਯਾਦ, ਨਾਮਧਾਰੀਏ ਹੁਣ ਤਕ ਅਰਧ ਵੈਦਿਕ ਫੇਰਿਆਂ ਦੇ ਰੂਪ ਵਿਚ ਚਲਾਈ ਆ ਰਹੇ ਹਨ ।

ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਅਨੰਦ-ਕਾਰਜ ਕਰਨ ਦੀ ਰੀਤ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਫੇਰਿਆਂ ਦੀ ਥਾਂ ਪਰਿਕਰਮਾਂ ਕਰ ਕੇ ਵਿਸ਼ੇਸ਼ ਤੌਰ 'ਤੇ ਚਲਾਈ ਤਾਂ, ਬ੍ਰਹਿਮਣਾਂ ਵਲੋਂ ਕਰੜਾ ਵਿਰੋਧ ਵੀ ਕੀਤਾ ਗਿਆ ਤੇ ਕਈ ਤਰ੍ਹਾਂ ਦੇ ਮਖੌਲ ਤੇ ਢੰਗੇ ਵੀ ਅਨੰਦਾਂ ਵਿਰੁੱਧ ਜੋੜ ਕੇ ਪ੍ਰਚਾਰੇ ਗਏ। ਅਖੇ ! ਇਸ ਤਰ੍ਹਾਂ ਤਾਂ ਸਿੱਖ ਕੁੜੀ ਦਾ ਵਿਆਹ, 'ਮਹਾਰਾਜ, ਗੁਰੂ-ਗ੍ਰੰਥ ਸਾਹਿਬ, ਜਾਂ ਤਾਬੇ ਬੈਠੇ ਗ੍ਰੰਥੀ ਨਾਲ ਹੀ ਕਰ ਦਿੰਦੇ ਹਨ।' ਅਦਾਲਤਾਂ ਵਿੱਚ ਮੁਕੱਦਮੇ ਖੜ੍ਹੇ ਕਰ ਕੇ ਕਈ ਅਨੰਦ ਵਿਆਹਾਂ ਨੂੰ ਹਿੰਦੂ-ਰੀਤੀ ਤੇ ਵਿਧਾਨ ਦੇ ਵਿਰੁੱਧ ਹੋਣ ਦੇ ਫਤਵੇ ਲਾਏ ਗਏ, ਇੱਥੋਂ ਤਕ ਕਿ ਭਾਈ ਜਵਾਹਰ ਸਿੰਘ ਜੀ ਦੇ ਅਨੰਦ-ਵਿਆਹ ਤੋਂ ਪੈਦਾ ਹੋਏ ਲੜਕੇ ਨੂੰ ਅਦਾਲਤ ਵਿੱਚੋਂ 'ਹਰਾਮੀ' ਹੋਣ ਦਾ ਫਤਵਾ ਦਿਵਾਇਆ ਗਿਆ, ਕਿ ਉਹ ਲੜਕਾ ਆਪਣੇ ਬਾਪ ਦੀ ਜਾਇਦਾਦ ਦਾ ਹੱਕਦਾਰ ਨਹੀਂ ਮੰਨਿਆਂ ਜਾ ਸਕਦਾ, ਜਿਸ ਕਾਰਨ ਸਿੱਖਾਂ ਲਈ 'ਅਨੰਦ-ਮੈਰਿਜ-ਐਕਟ' ਅਮਲ ਵਿਚ ਲਿਆਉਣਾ ਜ਼ਰੂਰੀ ਹੋ ਗਿਆ। ਜਿਸ ਦੇ ਪਾਸ ਹੋਣ ਨਾਲ ਹਿੰਦੂ ਵਿਰਾਸਤ ਐਕਟ ਨਾਲੋਂ ਸਿੱਖਾਂ ਦਾ ਸੰਬੰਧ ਤਾਂ ਉਸੇ ਵੇਲੇ ਹੀ ਖਤਮ ਹੋ ਗਿਆ ਸੀ, ਪਰ ਹੁਣ ਆਜ਼ਾਦੀ ਪਿੱਛੋਂ ਪਤਾ ਨਹੀਂ ਫਿਰ ਕਿਵੇਂ ਜੁੜ ਗਿਆ ਹੈ?

ਹਿੰਦੂ ਵਿਰਾਸਤ ਐਕਟ ਮੁੜ ਗੱਲ ਆ ਪਿਆ ਹੈ।

ਇਹ ਐਕਟ ਵਾਇਸਰਾਏ ਦੀ ਕੌਂਸਲ ਦੇ ਮੈਂਬਰ ਹੋਣ ਦੀ ਹੈਸੀਅਤ ਵਿਚ ਪਹਿਲਾਂ ਮਹਾਰਾਜਾ ਰਿਪਦਮਨ ਸਿੰਘ, ਨਾਭਾ ਨੇ ਪੇਸ਼ ਕੀਤਾ, ਤੇ ਪਿੱਛੋਂ ਜਾ ਕੇ ਇਸੇ ਕੌਂਸਲ ਦੀ ਉਪ੍ਰੋਕਤ ਪੁਜ਼ੀਸ਼ਨ ਉੱਤੇ ਬਿਰਾਜ ਕੇ, ਸ. ਸੁੰਦਰ ਸਿੰਘ ਜੀ ਮਜੀਠਾ ਨੇ (22 ਅਕਤੂਬਰ 1909 ਨੂੰ) ਪਾਸ ਕਰਵਾਇਆ। ਭਾਵੇਂ ਕਾਨੂੰਨੀ ਤੌਰ 'ਤੇ 'ਅਨੰਦ-ਮੈਰਿਜ-ਐਕਟ' ਪਿੱਛੋਂ ਅਦਾਲਤੀ ਔਕੜਾਂ ਘੱਟ ਗਈਆਂ ਸਨ, ਸਿੱਖ ਵਿਰਾਸਤ ਤੇ ਰੀਤਾਂ, ਹਿੰਦੂਆਂ ਵਲੋਂ ਵੱਖ ਹੋ ਗਈਆਂ ਸਨ, ਪਰ ਸਮਾਜਕ ਤੌਰ 'ਤੇ ਬ੍ਰਹਿਮਣਾਂ ਵਲੋਂ ਜੋ-ਜੋ ਵਿਰੋਧ ਹੋਇਆ, ਅਨੰਦ-ਕਾਰਜ ਦੀ ਰੀਤੀ ਪ੍ਰਚੱਲਤ ਹੋਣ ਦੇ ਰਾਹ ਵਿਚ ਹਰ ਥਾਂ ਅੜਿੱਕੇ ਖੜ੍ਹੇ ਕੀਤੇ ਗਏ, ਉਹ ਮੁਸ਼ਕਲਾਂ ਅਸੀਂ ਅੱਜ ਕੱਲ੍ਹ ਅਨੁਭਵ ਵੀ ਨਹੀਂ ਕਰ ਸਕਦੇ, ਜਦੋਂ ਕਿ ਇਸ ਰੀਤੀ ਦੇ ਲੋਕ-ਪ੍ਰਿਯ ਹੋਣ ਕਾਰਨ ਹੁਣ ਪੰਜਾਬ ਦੇ ਬ੍ਰਹਿਮਣਾਂ ਦੇ ਘਰਾਂ ਤੋਂ ਲੈ ਕੇ ਕਮਿਊਨਿਸਟਾਂ ਤੱਕ ਦੇ ਪਰਿਵਾਰਾਂ ਵਿਚ ਵੀ ਆਮ ਤੌਰ 'ਤੇ ਅਨੰਦ-ਕਾਰਜ ਕੀਤਾ ਤੇ ਕਰਾਇਆ ਜਾਂਦਾ ਹੈ।

ਇਸ ਰੀਤ ਨੂੰ ਮੁੜ ਅਰੰਭ ਕੇ ਇਸ ਲੋਕ-ਪ੍ਰਿਯ ਪੁਜੀਸ਼ਨ ਵਿਚ ਪਹੁੰਚਾਉਣਾ ਸਿੰਘ ਸਭਾ ਲਹਿਰ ਦੇ ਪੰਥਕ ਸੇਵਕਾਂ ਦੀ ਨਿਰੰਤਰ ਘਾਲਣਾ ਦਾ ਫਲ ਹੈ।

ਇਸਤ੍ਰੀ ਦਾ ਦਰਜਾ ਤੇ ਸਤੀ ਪ੍ਰਥਾ

ਸਿੱਖ ਗੁਰੂ ਸਾਹਿਬਾਨ ਨੇ ਇਸਤ੍ਰੀ ਦਾ ਦਰਜਾ ਉੱਚਾ ਚੁੱਕਣ ਵਾਸਤੇ ਸਤੀ ਦੀ ਰਸਮ ਦਾ ਕਰੜਾ ਵਿਰੋਧ ਕੀਤਾ ਸੀ:

**ਸਤੀਆ ਏਹਿ ਨਾ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥**
**ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥**

ਪਰ ਅਸੀਂ ਆਪਣੇ ਇਤਿਹਾਸ ਵਿਚ 'ਖਾਲਸਾ-ਦਰਬਾਰ' ਦੇ ਮਹਾਰਾਜਾ

ਰਣਜੀਤ ਸਿੰਘ 'ਸ਼ੇਰੇ ਪੰਜਾਬ' ਦੇ ਚਲਾਣੇ, ਉਨ੍ਹਾਂ ਦੇ ਸਪੁਤਰ ਮਹਾਰਾਜਾ ਖੜਕ ਸਿੰਘ ਜੀ ਦੀ ਚੰਦਨ ਦੀ ਚਿਖਾ ਵਿੱਚ ਸਤੀ ਹੋਣ ਵਾਲੀਆਂ ਮਹਾਰਾਣੀਆਂ ਦੀ ਇਕ ਲੰਮੀ ਲਿਸਟ ਪੜ੍ਹਦੇ ਹਾਂ। ਮ੍ਰਿਤਕ ਰਸਮਾਂ, ਪਿੱਤਰ-ਪੂਜਾ, ਪਿੰਡ ਭਰਾਉਣੇ, ਪਹੋਏ ਜਾਂ ਗਯਾ ਜਾ ਕੇ ਗਤੀ ਕਰਾਉਣੀ, ਗੰਗਾ ਫੂਲ ਪਾਉਣੇ, ਇਹ ਰੀਤਾਂ ਸਿੱਖਾਂ ਵਿੱਚ ਪੂਰੀ ਤਰ੍ਹਾਂ ਘਰ ਕਰ ਚੁੱਕੀਆਂ ਸਨ, ਇਨ੍ਹਾਂ ਰੀਤਾਂ ਵਿਰੁੱਧ ਜਦੋਂ ਬਾਬਾ ਦਿਆਲ ਤੇ ਰੱਤਾ ਜੀ ਨੇ ਰਾਵਲਪਿੰਡੀ ਜਹਾਦ ਕੀਤਾ, ਤੇ ਮਰਨੇ ਪਿੱਛੋਂ ਰੋਣਾ ਪਿੱਟਣਾ, ਕਿਰਿਆ ਕਰਮ ਬੰਦ ਕਰਨ ਦੀ ਗੁਰਮਿਤ ਸਮਝਾਈ, ਤਾਂ ਉਨ੍ਹਾਂ ਨੂੰ ਭਾਈਚਾਰੇ ਨੇ ਛੇਕ ਦਿੱਤਾ, ਅਖੇ ! ਕਿਹੋ ਜਿਹੇ ਮਾਣਸ (ਸਿੱਖ) ਹੋਏ, ਜੋ ਮਰਿਆਂ ਪਿੱਛੋਂ ਵੀ ਕੜਾਹ ਖਾਂਦੇ ਹਨ?

ਕੁੜੀ ਮਾਰਨ ਦਾ ਉਸ ਵੇਲੇ ਆਮ ਰਿਵਾਜ ਸੀ, ਇਹ ਰੋਗ ਸਿੱਖਾਂ ਵਿੱਚ ਵਧੇਰੇ ਹੀ ਘਰ ਕਰ ਗਿਆ ਸੀ, ਪੰਜਾਬ ਵਿਚ ਅਖਾਣ ਮਸ਼ਹੂਰ ਸੀ ਕਿ ਸਰਦੇ-ਪੁਜਦੇ ਘਰਾਣੇ ਜੰਮਦੀ ਕੁੜੀ ਨੂੰ ਘੜੇ ਵਿਚ ਗੁੜ ਤੇ ਰੂੰ ਦੀਆਂ ਪੂਣੀਆਂ ਪਾ ਕੇ, ਇਸ 'ਲੋਕ-ਮੰਤਰ ਦਾ ਜਾਪ ਕਰ ਕੇ ਦੱਬ ਦਿੰਦੇ ਸਨ :

'ਗੁੜ ਖਾਈਂ ਪੂਣੀ ਕੱਤੀ। ਆਪ ਨਾ ਆਈਂ ਵੀਰ ਨੂੰ ਘੱਤੀ'

ਅਜਿਹੀ ਪੁਜੀਸ਼ਨ ਵਿੱਚ ਜਦੋਂ ਮਹਾਰਾਜਾ ਰਣਜੀਤ ਸਿੰਘ ਦੀ ਮਾਤਾ ਜੀ ਨੂੰ 'ਭੂਮੀ-ਸਮਾਧੀ' ਦਿੱਤੀ ਜਾ ਚੁੱਕੀ ਸੀ, ਬਡਰੁਖਿਆਂ ਸਰਦਾਰਾਂ ਦੇ ਪਿੰਡ ਅੱਗੋਂ ਦੀ ਬਾਗੜੀਆਂ ਕੁਲ ਦੇ ਮਹਾਂ-ਪੁਰਖ ਬਾਬਾ ਗੁਦੜ ਸਿੰਘ ਜੀ ਲੰਘੇ, ਤਾਂ ਉਨ੍ਹਾਂ ਨੇ ਆਪਣੇ ਪੁਰਾਣੇ ਸੇਵਕ ਘਰਾਣੇ ਦਾ ਜਲ-ਪਾਣੀ ਛਕਣ ਤੋਂ ਇਨਕਾਰ ਕਰ ਦਿੱਤਾ, ਪੁੱਛਣ 'ਤੇ ਕਿਹਾ-ਅਸੀਂ ਕੁੜੀ ਮਾਰਾਂ ਦਾ ਨਹੀਂ ਖਾਂਦੇ ਤੇ ਤੁਸੀਂ ਕੁੜੀ ਮਾਰੀ ਹੈ, ਨਾਲ ਹੀ ਉਨ੍ਹਾਂ ਨੇ ਆਪਣੀ ਦਿੱਬ-ਦ੍ਰਿਸ਼ਟੀ ਨਾਲ ਦੱਸਿਆ ਕਿ, ਬੱਚੀ ਹਾਲਾਂ ਜਿਉਂਦੀ ਹੈ ਕੱਢ ਲਿਆਵੋ, ਇਸ ਤੋਂ ਪੰਜਾਬ ਦਾ ਬੜਾ ਬਲੀ ਪੁਰਖ ਜੰਮੇਗਾ। ਜਿਸ ਦੇ ਫਲ-ਸਰੂਪ ਦੱਬੀ ਹੋਈ ਬੱਚੀ ਕੱਢੀ ਗਈ, ਜੋ ਵੱਡੀ ਹੋਈ ਸ. ਮਹਾਂ ਸਿੰਘ ਨਾਲ ਵਿਆਹੀ ਗਈ ਅਤੇ ਫਿਰ ਓਹੀ ਬੱਚੀ ਮਹਾਰਾਜਾ ਰਣਜੀਤ ਸਿੰਘ ਜੀ 'ਸ਼ੇਰੇ-ਪੰਜਾਬ' ਦੀ ਜਣਨੀ ਬਣੀ।

ਇਹ ਕੁੜੀ ਮਾਰਨ ਦੀ ਰੀਤ ਸਿੰਘ ਸਭਾ ਦੇ ਜ਼ਮਾਨੇ ਤਕ ਕਿਤਨੀ ਵਿਰਤ ਸੀ, ਪ੍ਰਮਾਣ ਇਕ ਉਸ ਸਮੇਂ ਦੀ ਲਿਖੀ-'ਪੰਜਾਬ ਦੀ ਸੈਰ' ਪੁਸਤਕ ਵਿੱਚ ਮਿਲਦਾ ਹੈ। ਅੰਗਰੇਜੀ ਸਰਕਾਰ ਨੇ, ਜਦੋਂ ਕੁੜੀ ਮਾਰਨ ਵਾਲਿਆਂ ਨੂੰ ਸਜ਼ਾ ਦੇ ਭਾਗੀ ਬਣਾਉਣ ਦੀ ਤਜਵੀਜ਼ ਸਾਰੇ ਮਜ਼ਬਾਂ ਦੇ ਮੁੱਖੀਆਂ ਤੇ ਰਈਸਾਂ ਦੇ ਇਕੱਠ ਵਿਚ ਰੱਖੀ ਤਾਂ ਇਸ ਵਿੱਚ ਸਭ ਤੋਂ ਵੱਧ ਬੇਦਰਦੀ ਵਰਤਣ ਵਾਲੇ ਗੁਰੂ ਕੁਲ ਦੇ ਸਹਿਜ਼ਾਦੇ ਹੀ ਉੱਭਰ ਕੇ ਸਾਹਮਣੇ ਆਏ। ਜਿਨ੍ਹਾਂ ਨੇ ਪਿੱਛੋਂ ਕਾਨੂੰਨੀ ਡੰਡੇ ਦੇ ਡਰ ਤੋਂ ਸਤੀ ਦੀ ਪ੍ਰਥਾ ਤੇ ਕੁੜੀਆਂ ਮਾਰਨ ਦੀ ਕੁਢੱਬੀ ਰੀਤ ਤੋਂ ਪਰਹੇਜੀ ਬਣਨਾ ਸਵੀਕਾਰ ਕੀਤਾ ਸੀ।

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਇਨ੍ਹਾਂ ਰੀਤਾਂ ਵਿਰੁੱਧ ਗੁਰੂ ਬਚਨਾਂ ਨੂੰ ਪ੍ਰਮਾਣ ਮੰਨ ਕੇ **ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥** ਇਸਤ੍ਰੀ ਦੇ ਦਰਜੇ ਨੂੰ ਪੁਰਖ ਦੇ ਬਰਾਬਰ ਦਾ ਜਾਣ ਕਿ ਇਹ ਸਿਧਾਂਤ ਅਮਲੀ ਯਤਨਾਂ ਨਾਲ ਪ੍ਰਚਾਰਿਆ ਅਤੇ ਹਰ ਖੇਤਰ ਵਿਚ ਇਸਤ੍ਰੀ ਨੂੰ ਮਨੁੱਖੀ ਬਰਾਬਰੀ ਦੇ ਦਰਜੇ ਉੱਤੇ ਖੜ੍ਹਾ ਕੀਤਾ। ਉਸ ਵੇਲੇ ਇਸਤ੍ਰੀ ਨੂੰ ਅੰਮ੍ਰਿਤ ਛੱਕਣ ਦਾ ਅਧਿਕਾਰ ਨਹੀਂ ਮੰਨਿਆ ਜਾਂਦਾ ਸੀ, ਜੇ ਕੋਈ ਬਹੁਤੀ ਹੀ ਰਿਹਾੜ ਕਰੇ, ਜਿਵੇਂ ਕਈ ਸਿੱਖ ਸੰਪ੍ਰਦਾਵਾਂ ਤੇ ਵਡੇ ਗੁਰਧਾਮਾਂ ਹਜ਼ੂਰ ਸਾਹਿਬ ਆਦਿਕ ਵਿੱਚ ਇਸ ਵੇਲੇ ਵੀ ਕੀਤਾ ਜਾਂਦਾ ਹੈ, ਤਾਂ ਇਕ ਸਿੰਘ ਪੰਜ ਪਉੜੀਆਂ ਜਪੁਜੀ ਸਾਹਿਬ ਦੀਆਂ ਪੜ੍ਹ ਕੇ, ਅੱਖੀਂ ਛੱਟੇ ਮਾਰ ਕੇ ਰਸਮ ਪੂਰੀ ਕਰ ਦਿੰਦਾ ਸੀ, ਬਾਬਾ ਰਾਮ ਸਿੰਘ ਜੀ ਨੇ ਬੀਬੀਆਂ ਨੂੰ ਅੰਮ੍ਰਿਤ ਛਕਾਉਣਾ ਆਰੰਭਿਆ ਤਾਂ ਉਨ੍ਹਾਂ ਨੂੰ 'ਤੀਵੀਆਂ ਦੇ ਕੱਛਾਂ ਪੁਆਉਣ ਵਾਲਾ' ਕਹਿ ਕੇ ਅਕਾਲ ਬੁੰਗੇ ਦੇ ਪੁਜਾਰੀਆਂ ਵੱਲੋਂ ਮਖੌਲ ਉਡਾਏ ਗਏ। ਬੜੀ ਲੰਮੀ ਖੋਜ ਵਿਚਾਰ ਤੇ ਬਹਿਸ ਪਿੱਛੋਂ, ਸਿੰਘ ਸਭਾ ਦੇ ਸੇਵਕਾਂ ਨੇ ਇਹ ਭਰਮ ਜਾਲ ਕੱਟ ਕੇ ਰਾਹ ਪੱਧਰਾ ਕੀਤਾ। ਪਿੱਛੋਂ ਸੰਤ ਗੁਰਬਖਸ਼ ਸਿੰਘ ਜੀ ਪਟਿਆਲੇ ਵਾਲਿਆਂ ਦੀ ਇਕ ਯੁਕਤੀ ਦੇ ਬਲ ਨੇ ਇਸਤ੍ਰੀ ਨੂੰ ਅੰਮ੍ਰਿਤਧਾਰੀ ਹੋਣ ਦੀ ਰੀਤ ਨਿਸਚੇ ਕਰਾਈ ਸੀ। ਯੁਕਤੀ ਇਹ ਸੀ, ਹਰ ਪ੍ਰਾਣੀ ਦਾ ਆਪੋ ਆਪਣੀ ਕਰਨੀ ਉੱਤੇ ਨਿਬੇੜਾ ਹੈ, ਸਿੱਖੀ ਵਿਚ ਨਾਮ ਦਾ ਜਪੁ ਹੀ ਮੁਕਤੀ ਦਾ ਸਾਧਨ ਹੈ, ਨਾਮ ਦੀ ਪ੍ਰਾਪਤੀ ਪੰਜ ਪਿਆਰਿਆਂ ਤੋਂ ਹੁੰਦੀ ਹੈ, ਜੋ ਅੰਮ੍ਰਿਤ ਛਕਣ ਦੀ ਰੀਤੀ ਨਾਲ ਸਬੰਧਤ ਹੈ, ਇਸ ਲਈ ਇਸਤ੍ਰੀ ਨੂੰ ਮਨੁੱਖ ਵਾਂਗ ਹੀ ਅੰਮ੍ਰਿਤ ਛਕ ਕੇ ਨਾਮ ਪ੍ਰਾਪਤ ਕਰ ਕੇ ਮੁਕਤੀ ਹਾਸਲ ਕਰਨ ਦਾ ਅਧਿਕਾਰ ਹੈ। ਜੋ ਇਸਤ੍ਰੀ ਅੰਮ੍ਰਿਤ ਨਹੀਂ ਛਕਦੀ ਉਹ ਨਾਮ ਕਿਵੇਂ ਤੇ ਕਿਵੇਂ ਪ੍ਰਾਪਤ ਕਰੇਗੀ? ਇਸ ਅਧਿਕਾਰ ਨੂੰ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਜ਼ੋਰ ਨਾਲ ਪ੍ਰਚੱਲਤ ਕੀਤਾ। ਇੱਥੋਂ ਤੱਕ ਕਿ ਪੰਚ ਖਾਲਸਾ ਦੀਵਾਨ ਭਸੌੜ ਨੇ ਬੀਬੀਆਂ ਦੇ ਸਿਰਾਂ ਉੱਤੇ ਦਸਤਾਰਾਂ ਸਜਾਣੀਆਂ ਵੀ ਜ਼ਰੂਰੀ ਕਰਾਰ ਦੇ ਦਿੱਤੀਆਂ ਜੋ ਸੈਂਟਰਲ ਮਾਝਾ ਦੀਵਾਨ ਸੁਤੰਤਰ ਜਥਾ ਗੁਰਦਾਸਪੁਰ ਅਤੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਥੇ ਦੇ ਸਿੰਘ ਇਸ ਰੀਤ ਨੂੰ ਹੁਣ ਤਕ ਨਿਭਾਅ ਰਹੇ ਹਨ ।

ਗੁਰੂ ਨਾਨਕ ਜੀ ਨੇ 'ਯਗੋਯ ਪਵੀਤ' ਜਾਂ ਜਨੇਊ ਦਾ ਕਰੜਾ ਵਿਰੋਧ ਕੀਤਾ ਸੀ, ਜਿਵੇਂ ਅਸੀਂ ਨਿੱਤ ਪੜ੍ਹਦੇ ਹਾਂ

**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ (ਆਸਾ ਦੀ ਵਾਰ)**

ਪਰ ਕੀ ਇਹ ਹੈਰਾਨੀ ਦੀ ਗੱਲ ਨਹੀਂ ਸੀ ਕਿ ਉਸੇ ਬੇਦੀ ਕੁਲ ਦੇ ਰਤਨ, ਸਿੱਖੀ ਦਾ ਪ੍ਰਚਾਰ ਕਰਨ ਵਾਲੇ, ਪਹਿਲੀ ਸਿੰਘ ਸਭਾ ਦੇ ਮੁੱਖੀਏ, ਸਰ ਬਾਬਾ ਖੇਮ ਸਿੰਘ ਜੀ, ਜਨੇਊ ਦੇ ਧਾਰਨੀ ਸਨ, ਜਿਸ ਕਾਰਨ ਉਨ੍ਹਾਂ ਨੂੰ ਹਿੰਦੂਆਂ ਦੇ ਮੁੱਖੀ ਸਮਝ ਕੇ ਹਿੰਦੂਆਂ ਦੀਆਂ ਕਾਨਫਰੰਸਾਂ ਦੀ ਪ੍ਰਧਾਨਗੀ ਦਾ ਫਰਜ਼ ਵੀ ਪੂਰਾ ਕਰਨਾ ਪੈਂਦਾ ਸੀ ਅਤੇ ਸਿੱਖਾਂ ਦੇ ਵਿਰੋਧ ਦੀ ਉੱਕਾ ਹੀ ਪ੍ਰਵਾਹ ਨਹੀਂ ਸੀ।

ਸਿੱਖੀ ਵਿਚ ਵਿਅਕਤੀ ਪੂਜਾ, ਗੁਰੂ ਗੋਬਿੰਦ ਸਿੰਘ ਜੀ ਪਿੱਛੋਂ ਕਿਸੇ ਵਿਅਕਤੀ ਦਾ 11ਵਾਂ ਗੁਰੂ ਕਹਾਉਣਾ ਤੇ ਮੰਨਣਾ ਵਿਵਰਜਤ ਕਰ ਦਿੱਤਾ ਸੀ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ ਖੁੱਦ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਕੇ, ਖਾਲਸਾ ਪੰਥ ਨੂੰ ਸ਼ਬਦ ਦੀ ਤਾਬਿਆ ਕਰ ਗਏ ਸਨ। ਪਰ ਸਿੰਘ ਸਭਾ ਲਹਿਰ ਉੱਠਣ ਵੇਲੇ ਇਕ ਨਹੀਂ ਕਈ ਬਾਰ੍ਹਵੇਂ ਗੁਰੂ ਬਣੇ ਹੋਏ ਸਨ । ਸੋਢੀ, ਬੇਦੀ ਤਾਂ ਜੰਮਦੇ ਹੀ ਬਾਬੇ ਸਾਹਿਬ ਹੋ ਜਾਂਦੇ ਤੇ ਗੁਰੂ ਕਹੇ ਜਾਂਦੇ ਸੀ, ਵਿਸ਼ੇਸ਼ ਕਰਕੇ ਬਾਬਾ ਸਾਹਿਬ ਸਿੰਘ ਜੀ ਬੇਦੀ ਨੂੰ, ਉਨ੍ਹਾਂ ਦੀ ਵੰਸ਼, ਖਾਸ ਕਰ ਬਾਬਾ ਖੇਮ ਸਿੰਘ ਜੀ ਨੂੰ ਗਿਆਰਵਾਂ ਗੁਰੂ ਕਹਿ ਕੇ ਪ੍ਰਚਾਰਦੇ ਅਤੇ ਆਪ ਵੀ ਅੱਗੋਂ ਗੁਰੂ ਬਣ ਕੇ ਚੌਰ ਝੁਲਾਉਂਦੇ ਅਤੇ ਪੂਜਾ ਕਰਾਉਂਦੇ ਤੇ ਖੰਡੇ ਦਾ ਅੰਮ੍ਰਿਤ ਛਕਾਉਣ ਦੀ ਥਾਂ ਚਰਨ ਪਹੁਲ ਦਿੰਦੇ ਸਨ।

ਬਾਬਾ ਰਾਮ ਸਿੰਘ ਜੀ, ਜੋ ਸਿੰਘ ਸਭਾ ਲਹਿਰ ਦੇ ਬਣਨ ਸਮੇਂ ਨਜ਼ਰਬੰਦ ਕੀਤੇ ਜਾ ਚੁੱਕੇ ਸਨ, ਉਨ੍ਹਾਂ ਦੇ ਸੇਵਕ ਵੀ ਉਨ੍ਹਾਂ ਨੂੰ ਗਿਆਰਵਾਂ ਗੁਰੂ ਪ੍ਰਸਿੱਧ ਕਰਕੇ ਉਨ੍ਹਾਂ ਦੀ ਅੱਗੇ ਚੱਲ ਰਹੀ ਗੁਰਿਆਈ ਦਾ ਪ੍ਰਚਾਰ ਕਰ ਰਹੇ ਸਨ । ਇਸ ਤਰ੍ਹਾਂ ਬੰਦਈ ਸਿੱਖਾਂ ਨੇ ਬਾਬਾ ਬੰਦਾ ਜੀ ਨੂੰ, ਅਜੀਤ ਮੱਲੀਏ ਬਾਬਾ ਅਜੀਤ ਸਿੰਘ ਅਤੇ ਹਠੀ ਸਿੰਘ ਬੁਰਹਾਨਪੁਰਾ ਵਾਲਿਆਂ ਨੂੰ ਗੁਰੂ ਕਰਕੇ ਪ੍ਰਚਾਰਦੇ ਤੇ ਪੂਜਦੇ ਸਨ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ 'ਗੁਰੂ-ਗ੍ਰੰਥ-ਪੰਥ' ਬਿਨਾਂ ਬਾਕੀ ਗੁਰੂਆਂ ਨੂੰ ਦੰਭੀ ਠਹਿਰਾਇਆ ਅਤੇ ਗੁਰ-ਸ਼ਬਦ ਨਾਲ ਸਿੱਖੀ ਦਾ ਸਿੱਧਾ ਰਿਸਤਾ ਜੋੜਿਆ। ਭਾਵੇਂ ਇਸ ਸਿਲਸਿਲੇ ਵਿਚ ਬਾਬਾ ਖੇਮ ਸਿੰਘ ਜੀ ਜੈਸੇ ਪ੍ਰਭਾਵਸ਼ਾਲੀ ਵਿਅਕਤੀਆਂ ਅਤੇ ਉਨ੍ਹਾਂ ਕਾਰਨ ਸਰਕਾਰ ਦਾ ਗੁੱਸਾ ਵੀ ਝੱਲਣਾ ਪਿਆ। ਬਾਬਾ ਖੇਮ ਸਿੰਘ ਜੀ ਦੀ ਗੱਦੀ ਦਾ ਗਦੇਲਾ; ਕਿਵੇਂ ਪ੍ਰੋ: ਗੁਰਮੁਖ ਸਿੰਘ ਜੀ ਹੁਰਾਂ ਨੇ ਅਕਾਲ ਤਖਤ ਤੋਂ ਸਰੋਵਰ ਵਿਚ ਵਗਾਹ ਮਾਰਿਆ ਤੇ ਗੱਲ ਮੁਕੱਦਮਿਆਂ ਤੱਕ ਪੁੱਜੀ, ਇਹ ਲੰਮੀ ਵਾਰਤਾ ਹੈ। ਸਿੱਟੇ ਦੀ ਗੱਲ ਇਹ ਹੈ ਕਿ ਸਿੰਘ ਸਭਾ ਲਹਿਰ ਨੇ ਦੰਭੀ ਤੇ ਦੇਹਧਾਰੀ ਗੁਰੂਆਂ ਦਾ ਕਰੜਾ ਵਿਰੋਧ ਕੀਤਾ ਤੇ ਸਿੱਖਾਂ ਨੂੰ ਇੰਝ ਕਰਨ ਲਈ ਨਰੋਈ ਅਗਵਾਈ ਦਿੱਤੀ।

**ਸਿੱਖੀ ਅਤੇ ਸਰਾਧ :**

ਸਰਾਧਾਂ ਦੀ ਸਿੱਖੀ ਵਿਚ ਮਨਾਹੀ ਹੈ **ਜੀਵਤ ਪਿਤਰ ਨ ਮਾਨੈ ਕੋਊ ਮੂਏਂ ਸਿਰਾਧ ਕਰਾਹੀ ॥** ਪਰ ਸਿੰਘ ਸਭਾ ਲਹਿਰ ਤੋਂ ਪਹਿਲਾਂ ਹੋਰਨਾਂ ਦੀ ਤਾਂ ਗੱਲ ਹੀ ਛੱਡੋ, ਖੁਦ ਗੁਰੂ ਸਾਹਿਬਾਨ ਖਾਸ ਕਰ ਗੁਰੂ ਨਾਨਕ ਜੀ ਦੇ ਸਰਾਧ ਕਰਨੇ ਇਕ ਪਵਿੱਤਰ ਤੇ ਆਮ ਪ੍ਰਚਲਤ ਰਸਮ ਬਣ ਗਈ ਸੀ। ਸਿੰਘ ਸਭਾ ਲਹਿਰ ਦੇ

ਸੇਵਕਾਂ ਨੇ ਸਰਾਧਾਂ ਦੀ ਬਿਮਾਰੀ ਨੂੰ ਸਿੱਖਾਂ ਵਿੱਚੋਂ ਦੂਰ ਕੀਤਾ, ਭਾਵੇਂ ਇਹ ਰੀਤੀ ਕਈ ਥਾਵਾਂ 'ਤੇ ਅੰਮ੍ਰਿਤਸਰ, ਡੇਰਾ ਬਾਬਾ ਨਾਨਕ ਆਦਿਕ ਥਾਵਾਂ ਉਤੇ ਗੁਰੂ ਨਾਨਕ ਜੀ ਦਾ ਸਰਾਧ ਕਰਨ ਵਾਲੀ ਰੀਤ ਹੁਣ ਮੁੜ ਚੱਲ ਪਈ ਹੈ ।

ਗੁਰੂ ਨਾਨਕ ਜੀ ਨੇ ਆਰਤੀ ਦਾ ਨਿਖੇਧ- **ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ** ਸ਼ਬਦ ਉਚਾਰ ਕੇ ਕੀਤਾ ਸੀ, ਪਰ ਸਿੱਖ-ਧਰਮ ਮੰਦਰਾਂ ਵਿਚ ਇਸ ਸ਼ਬਦ ਨੂੰ ਹੀ ਉਲਟ, ਆਰਤੀ ਕਰਨ ਦਾ ਪ੍ਰਮਾਣ ਮੰਨ ਕੇ, ਹਿੰਦੂ ਮੰਦਰਾਂ ਵਾਂਗ ਮੂਰਤੀਆਂ ਰੱਖ ਕੇ, ਆਰਤੀਆਂ ਕਰਨੀਆਂ ਪ੍ਰਚਲਤ ਹੋ ਗਈਆਂ ਸਨ, ਭਾਈ ਦਿੱਤ ਸਿੰਘ ਜੀ ਨੇ 'ਆਰਤੀ-ਪ੍ਰਬੋਧ' ਪੁਸਤਕ ਲਿਖ ਕੇ ਅਸਲੀਅਤ ਪ੍ਰਗਟਾਈ ਤਾਂ ਉਨ੍ਹਾਂ ਸਿੰਘ ਪੁਜਾਰੀਆਂ ਵੱਲੋਂ 'ਰਵਿਦਾਸੀਏ ਦਿੱਤ ਸਿੰਘ ਦੀ ਨਵੀਂ ਕਾਢ' ਕਹਿ ਕੇ ਭੰਡਿਆ ਗਿਆ। ਇਹ ਧਿਆਨ-ਗੋਚਰੀ ਬਾਤ ਹੈ ਕਿ ਕਈ ਸਿੱਖ ਧਾਮਾਂ 'ਤੇ ਇਹ ਰੀਤ ਹੁਣ ਵੀ ਪ੍ਰਚੱਲਤ ਹੈ।

ਪੁਜਾਰੀਆਂ ਦੇ ਦ੍ਰਿਸ਼ਟੀ-ਕੋਣ ਬਾਰੇ ਇਕ ਸਵਾਦੀ ਗੱਲ ਵਰਨਣ ਯੋਗ ਹੈ 'ਅਨੰਦ ਮੈਰਜ-ਐਕਟ' ਦੀ ਜਦੋ-ਜਹਿਦ ਸਮੇਂ ਟਿੱਕਾ ਰਿਪਦਮਨ ਸਿੰਘ, ਨਾਭਾ ਨੇ ਤਖਤਾਂ ਤੋਂ ਰਾਵਾਂ ਪ੍ਰਾਪਤ ਕਰਨ ਲਈ ਆਪਣੇ ਅਹਿਲਕਾਰ ਭੇਜੇ, ਸ: ਗੁਰਦਿਆਲ ਸਿੰਘ ਜੀ ਨਾਭਾ, ਪਟਨੇ ਸਾਹਿਬ ਗਏ ਤੇ ਕੜਾਹ-ਪ੍ਰਸ਼ਾਦ ਲੈ ਕੇ ਅਰਦਾਸ ਲਈ ਹਾਜ਼ਰ ਹੋਏ। ਪੁਜਾਰੀ ਪੁੱਛਿਆ-ਸਰਦਾਰ ਸਾਹਿਬ, ਤੁਸੀਂ ਰਹਿਰਾਸ ਦੱਸੋ ਕਿਹੜੀ ਪੜ੍ਹਦੇ ਹੋ? ਸਿੰਘ ਸਭੀਆਂ ਵਾਲੀ ਕਿ ਸਨਾਤਨੀ ਸਿੱਖਾਂ ਵਾਲੀ? ਸਰਦਾਰ ਜੀ ਨੇ ਕਿਹਾ ''ਕੋਈ ਵੀ ਨਹੀਂ।'' ਉਨ੍ਹਾਂ ਆਪਣੇ ਵਲੋਂ ਸੱਚ ਹੀ ਕਿਹਾ ਸੀ, ਜੇ ਪੁਜਾਰੀ ਠੀਕ ਗੱਲ ਕਰਦਾ ਤਾਂ ਸ: ਗੁਰਦਿਆਲ ਸਿੰਘ ਨੂੰ ਆਖ ਸਕਦਾ ਸੀ ਕਿ ਤੇਰੀ ਅਰਦਾਸ ਬਿਲਕੁਲ ਨਹੀਂ ਹੋ ਸਕਦੀ, ਪਰ ਅਗੋਂ ਪੁਜਾਰੀ ਸਾਹਿਬ ਨੇ ਸੰਪੂਰਨ ਪ੍ਰਸੰਨਤਾ ਨਾਲ ਕਿਹਾ ''ਤਦ ਤੁਹਾਡੀ ਅਰਦਾਸ ਇੱਥੇ ਹੋ ਸਕਦੀ ਹੈ। ਮਤਲਬ ਸਿੰਘ ਸਭੀਏ ਦੀ ਅਰਦਾਸ ਇੱਥੇ ਨਹੀਂ ਹੋ ਸਕਣੀ ਸੀ ਅਤੇ ਜੋ ਵਿਅਕਤੀ ਕੁਝ ਵੀ ਨਾ ਪੜ੍ਹੇ ਉਨ੍ਹਾਂ ਨੂੰ ਸਿੰਘ ਸਭੀਆਂ ਨਾਲੋਂ ਵੀ ਉੱਤਮ ਸਮਝਿਆ ਜਾਂਦਾ ਸੀ।

ਸਿੰਘ ਸਭੀਆਂ ਨੂੰ ਉਸ ਵੇਲੇ ਪੁਜਾਰੀ ਲੋਕ, ਹਰਿਮੰਦਰ ਸਾਹਿਬ ਵਿਚ ਵੀ ਵੜਨ ਨਹੀਂ ਦਿੰਦੇ ਸਨ, ਬਾਬੂ ਤੇਜਾ ਸਿੰਘ, ਭਾਈ ਰਣਧੀਰ ਸਿੰਘ, ਹੈੱਡਮਾਸਟਰ ਨਰੈਣ ਸਿੰਘ ਜੀ ਨੂੰ-''ਤੁਸੀਂ ਤਾਂ ਚੂਹੜ ਸਭੀਏ ਹੋ, ਤੁਹਾਡੀ ਅਰਦਾਸ ਨਹੀਂ ਹੋ ਸਕਦੀ।'' ਇਸ ਬੋਲੇ ਨਾਲ ਹਰਿਮੰਦਰ ਸਾਹਿਬ ਤੋਂ ਧੱਕ ਕੇ ਬਾਹਰ ਕੱਢ ਦਿੱਤਾ ਗਿਆ ਸੀ । ਇਹ ਵਾਕਾ ਉਸ ਵੇਲੇ ਦੇ ਅਖਬਾਰਾਂ ਵਿਚ ਵੀ ਛਪਿਆ ਮਿਲਦਾ ਹੈ : "ਭਾਈ ਤੇਜਾ ਸਿੰਘ ਜੀ.ਓ.ਸੀ. ਪਟਿਆਲਾ ਤੇ ਸਕੱਤਰ ਪੰਚ ਖੰਡ ਅਤੇ ਸ: ਨਰੈਣ ਸਿੰਘ ਬੀ.ਏ. ਹੈੱਡਮਾਸਟਰ ਖਾਲਸਾ ਹਾਈ ਸਕੂਲ ਲੁਧਿਆਣਾ, ਭਾਈ ਰਣਧੀਰ ਸਿੰਘ ਜੀ ਤੇ ਹੋਰ ਸੱਜਣ 28 ਤਰੀਕ ਤ੍ਰੈ ਵਜੇ ਦੁਪਹਿਰੇ ਦਰਬਾਰ ਸਾਹਿਬ ਜੀ ਗਏ, ਉਨ੍ਹਾਂ ਨੂੰ ਮਜ਼੍ਹਬੀ ਆਖ ਕੇ ਅੰਦਰੋਂ ਕੱਢਿਆ ਗਿਆ। ਪਰ ਇਹ ਸ਼ਰੀਫ ਸਿੰਘ ਸ਼ਾਂਤੀ ਪੂਰਬਕ ਬਾਹਰ ਬਿਰਾਜੇ ਰਹੇ । ਸ਼ਾਮ ਨੂੰ ਸਿੰਘ ਜੀ ਸਰਬਰਾਹ ਸਾਹਿਬ ਨੂੰ ਮਿਲ ਕੇ ਡਿਪਟੀ ਕਮਿਸ਼ਨਰ ਪਾਸ ਚਲੇ ਸਨ ਕਿ ਦਰਬਾਰ ਸਾਹਿਬ ਦੇ ਇਕ ਮੁਨਸ਼ੀ ਸਾਹਿਬ ਜੀ ਸਤਕਾਰ ਪੂਰਬਕ ਉਨ੍ਹਾਂ ਨੂੰ ਵਾਪਸ ਅੰਦਰ ਲੈ ਗਏ ਤੇ ਅਰਦਾਸਾ ਕਰਵਾ ਦਿੱਤਾ।'' (ਖਾਲਸਾ ਸਮਾਚਾਰ, 2 ਦਸੰਬਰ 1910)

ਸਿੰਘ ਸਭਾ ਨੇ ਸਿੱਖੀ ਦੀ ਇਸ ਪਹਿਲੂ ਤੋਂ ਕਿੰਨੀ ਕੁ ਸੇਵਾ ਕੀਤੀ ਅਤੇ ਕੌਮ ਦੀ ਨੁਹਾਰ ਕਿਸ-ਕਿਸ ਖੇਤਰ ਵਿਚ ਕਿੰਨੀ ਬਦਲੀ ? ਇਸ ਦਾ ਪੂਰਾ ਵਿਸਥਾਰ ਵੱਡ-ਅਕਾਰੀ ਹੈ। ਪਰ ਕੁਝ ਪਹਿਲੂ ਅਣਛੋਹੇ ਹੀ ਛੱਡ ਜਾਣੇ ਵੀ ਵਾਜਬ ਨਹੀਂ। ਜਾਤ-ਪਾਤ ਛੂਤ-ਛਾਤ ਦੇ ਵਿਰੋਧ ਵਿਚ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਉਸ ਵੇਲੇ ਜਿਵੇਂ ਜਾਨ ਹੀਲ ਕੇ ਭਾਰੀ ਕੁਰਬਾਨੀ ਨਾਲ ਸੇਵਾ ਅਰੰਭੀ ਸੀ, ਉਸ ਦਾ ਅਛੂਤਾਂ ਦੇ ਸੁਧਾਰ ਅਤੇ ਦੂਜੇ ਧਰਮਾਂ ਵਿੱਚੋਂ ਸਿੱਖ ਸੱਜਣ ਵਾਲਿਆਂ ਨਾਲ ਵਰਤ-ਵਰਤਾਉ ਇਕ ਵੱਡੀ ਮੰਜ਼ਲ ਸੀ, ਜੋ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਕਸ਼ਟਾਂ ਨਾਲ ਪੂਰੀ ਕੀਤੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦਾ (1903 ਵਿਚ) ਮੌਲਵੀ ਕਰੀਮ ਬਖਸ ਨਾਲ ਅੰਮ੍ਰਿਤ ਛਕਣਾ, ਜੋ ਪਿੱਛੋਂ ਸੰਤ ਲਖਬੀਰ ਸਿੰਘ ਜੀ ਪ੍ਰਸਿਧ ਹੋਏ, ਇਕ ਇਤਿਹਾਸਕ ਘਟਨਾ ਹੈ। ਅਜਿਹੇ ਸਿੰਘਾਂ ਦੇ ਨਾਂ ਵੀ ਹਨ, ਇਹ ਸਿੰਘ ਵਧੇਰੇ ਪੰਚ ਖਾਲਸਾ ਦੀਵਾਨ ਦੇ ਮੈਂਬਰਾਂ ਵਿੱਚੋਂ ਸਨ, ਜਿਨ੍ਹਾਂ ਆਪਣੀਆਂ ਧੀਆਂ-ਭੈਣਾਂ ਦੇ ਰਿਸ਼ਤੇ ਗੈਰ-ਜਾਤੀ ਦੇ ਲੋਕਾਂ ਨਾਲ ਐਲਾਨੀਆਂ ਕਰਨੇ ਅਰੰਭ ਦਿੱਤੇ ਸਨ। ਇਹ ਕਾਰਨਾਮੇ ਕਿਸੇ ਇਨਕਲਾਬੀ ਕਦਮ ਤੋਂ ਘੱਟ ਨਹੀਂ ਸਨ, ਇਨ੍ਹਾਂ ਵਿਚ ਕਈ ਉੱਚ-ਜਾਤੀ ਦੇ ਸਿੰਘਾਂ ਦੀਆਂ ਬੀਬੀਆਂ, ਅਛੂਤਾਂ, ਜੁਲਾਹਿਆਂ ਆਦਿ ਸ਼੍ਰੇਣੀਆਂ ਵਿੱਚੋਂ ਸਜੇ ਸਿੰਘਾਂ ਨਾਲ ਵੀ ਵਿਆਹੀਆਂ ਗਈਆਂ ਸਨ।

**ਵਿਦਵਤਾ ਤੇ ਯੁਕਤੀ ਦੇ ਬਲ ਨਾਲ ਬ੍ਰਹਿਮਣੀ ਧਰਮ ਤੋਂ ਛੁਟਕਾਰਾ :-**

ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਜਦੋਂ ਸਿੱਖੀ ਦੇ ਵਿਹੜੇ ਵਿਚ ਅਨਮਤਾਂ, ਖਾਸ ਕਰਕੇ ਬ੍ਰਹਿਮਣੀ ਧਰਮ ਦੇ ਖਿਲਾਰੇ ਹੋਏ ਕੂੜੇ ਕਰਕਟ ਨੂੰ ਹੂੰਝਣ ਦਾ ਬੀੜਾ ਉਠਾਇਆ, ਉਦੋਂ ਉਹ ਸਮਾਂ ਆਪਣੇ ਵਿਰੋਧੀਆਂ ਨੂੰ ਸ਼ਸਤ੍ਰਾਂ ਨਾਲ ਨਹੀਂ, ਸ਼ਾਸਤ੍ਰੀ ਢੰਗ ਨਾਲ ਸੋਧਣ ਦਾ ਸੀ। ਇਸ ਵਾਕ-ਯੁੱਧ ਦੇ ਸਮੇਂ ਲੋੜੀਂਦੇ ਹਥਿਆਰ ਸਨ; ਦਲੀਲ, ਵਿਦਿਆ ਤੇ ਯੁਕਤੀ ਅਤੇ ਇਨ੍ਹਾਂ ਔਜਾਰਾਂ ਨੂੰ ਠੀਕ ਤਰ੍ਹਾਂ ਚਲਾਉਣ ਵਾਲੀ ਚੇਤੰਨ ਤੇ ਪ੍ਰਬਲ ਬੁੱਧੀ । ਬੁੱਧੀ ਦੇ ਔਜਾਰ ਨੂੰ ਸਾਣ ਚਾੜ੍ਹਨ ਤੇ ਸਾਫ ਰੱਖਣ ਲਈ ਵੀ ਜ਼ਮਾਨੇ ਜਿੰਨੀ ਵਿੱਦਿਆ ਦੀ ਲੋੜ ਸੀ, ਉਹ ਉਸ ਸਮੇਂ ਦੇ ਸਿੰਘਾਂ ਨੇ ਪੈਦਾ ਕਰ ਲਈ ਸੀ, ਭਾਈ ਦਿੱਤ ਸਿੰਘ ਜੀ ਦੇ ਪੰਡਤ ਦਯਾਨੰਦ ਨਾਲ ਹੋਏ ਸ਼ਾਸਤਾਰਥ 'ਮੇਰਾ ਤੇ ਸਾਧੂ ਦਯਾਨੰਦ ਦਾ ਸੰਵਾਦ' ਪੁਸਤਕ ਜਿਸ ਨੇ ਪੜ੍ਹਿਆ ਅਤੇ ਉਨ੍ਹਾਂ ਦੀ ਦੂਜੀ ਪੁਸਤਕ 'ਦੰਭ ਵਿਦਾਰਨ' ਉੱਪਰ ਜਿਸ ਨੇ ਝਾਤੀ ਮਾਰੀ ਉਹ ਸਹਿਜੇ ਹੀ ਅੰਦਾਜ਼ਾ ਲਗਾ ਸਕਦਾ ਹੈ ਕਿ ਸਿੰਘ ਸਭਾ ਲਹਿਰ ਦਾ ਇਹ 'ਬੌਧਕ-ਸਤੰਭ' ਕਿੰਨਾ ਰੌਸ਼ਨ ਅਤੇ ਕਿਹੋ ਜਿਹੇ ਅਦੁੱਤੀ ਗੁਣਾਂ ਦਾ ਭੰਡਾਰ ਸੀ। ਪੁਰਾਣੇ ਬ੍ਰਾਹਮਣ ਧਰਮੀ ਗ੍ਰੰਥਾਂ ਦੇ ਨਾਲ-ਨਾਲ ਇਨ੍ਹਾਂ ਪੰਥ ਸੇਵਕਾਂ ਨੂੰ ਨਵੇਂ ਪੱਛਮੀ ਗਿਆਨ ਉੱਤੇ ਵੀ ਵਿਸ਼ੇਸ਼ ਅਧਿਕਾਰ ਸੀ ਅਤੇ ਹੋਰਨਾਂ ਧਰਮਾਂ ਬਾਰੇ ਵੀ ਭਰਪੂਰ ਗਿਆਨ, ਉਸ ਕਾਲ ਦੀਆਂ ਰਚਨਾਵਾਂ ਤੋਂ ਇਹ ਸਪੱਸ਼ਟ ਰੂਪ ਵਿਚ ਸਹੀ ਹੁੰਦਾ ਹੈ। ਭਾਈ ਮਈਆ ਸਿੰਘ ਜਿਹੀ ਪੰਜਾਬੀ-ਅੰਗਰੇਜ਼ੀ ਦੀ 'ਡਿਕਸ਼ਨਰੀ' ਇਸ ਵੇਲੇ ਕੋਈ ਇਕ ਵਿਅਕਤੀ ਨਹੀਂ; ਕੋਈ ਮਹਿਕਮਾ ਬੇਸ਼ਕ ਰਚਣ ਦੇ ਸਮਰੱਥ ਹੋਵੇ।

ਪ੍ਰੋ: ਗੁਰਮੁੱਖ ਸਿੰਘ ਜੀ, ਜੋ ਸਿੰਘ ਸਭਾ ਲਹਿਰ ਦੇ ਜਾਨ ਪ੍ਰਾਣ ਸਨ, ਜਿੱਥੇ ਪੂਰਬੀ ਤੇ ਪੱਛਮੀ ਵਿੱਦਿਆ ਦੇ ਉੱਚੇ ਦਰਜੇ ਦੇ ਵਿਦਵਾਨ ਸਨ, ਉੱਥੇ ਉਨ੍ਹਾਂ ਦੀ ਕੰਮ ਕਰਨ ਦੀ ਸ਼ਕਤੀ ਤੇ ਲਗਨ ਵਿਦਵਤਾ ਨਾਲੋਂ ਵੀ ਦੂਣ-ਸਵਾਈ ਸੀ। ਸਿੰਘ ਸਭਾ ਲਹਿਰ ਦੇ ਇਨ੍ਹਾਂ ਅਰੰਭਕ ਸੇਵਕਾਂ ਦੇ ਨਾਲ-ਨਾਲ, ਜਿਨ੍ਹਾਂ ਹੋਰਨਾਂ ਵਿਦਵਾਨਾਂ ਦੀ ਵਿਦਵਤਾ ਉਸ ਵੱਲੋਂ ਸਿੱਖਾਂ ਵਿੱਚ ਵਿਸ਼ੇਸ਼ ਥਾਂ ਰੱਖਦੀ ਸੀ, ਉਨ੍ਹਾਂ ਵਿਦਵਾਨਾਂ ਦੀਆਂ ਤਸਵੀਰਾਂ ਮੈਕਾਲਫ ਸਾਹਿਬ ਨੇ ਆਪਣੇ ਗ੍ਰੰਥ-'ਸਿੱਖ-ਰਿਲੀਜਨ' ਦੇ ਆਰੰਭ ਵਿਚ ਛਾਪ ਕੇ ਉਨ੍ਹਾਂ ਪ੍ਰਤੀ ਪ੍ਰਾਪਤੀ ਲਈ ਵਿਸ਼ੇਸ਼ ਧੰਨਵਾਦ ਕੀਤਾ ਹੈ, ਇਨ੍ਹਾਂ ਵਿਦਵਾਨ ਰਤਨਾਂ ਦੇ ਨਾਮ ਸਿੰਘ ਸਭਾ ਲਹਿਰ ਦੇ ਸੇਵਕਾਂ ਵਿੱਚ ਆ ਜਾਂਦੇ ਹਨ। ਭਾਈ ਦਿੱਤ ਸਿੰਘ ਜੀ, ਗਿਆਨੀ ਹਜ਼ਾਰਾ ਸਿੰਘ, ਗਿਆਨੀ ਸਰਦੂਲ ਸਿੰਘ ਆਦਿਕ ਵਿਦਵਾਨਾਂ ਤੋਂ ਛੁਟ, ਜਿੰਨ੍ਹਾ ਨੂੰ ਮੈਕਾਲਫ ਸਾਹਿਬ ਨੇ ਇਸ ਗ੍ਰੰਥ ਦੇ ਕ੍ਰਿਤਗਤਾ ਵਜੋਂ ਸਦਾ ਲਈ ਹੱਕ ਭੇਟ ਕੀਤੇ, ਉਹ ਸਨ ਭਾਈ ਕਾਨ੍ਹ ਸਿੰਘ ਜੀ 'ਨਾਭਾ', ਜਿੰਨ੍ਹਾਂ ਦੀ ਰਚੀ ਪੁਸਤਕ 'ਮਹਾਨ ਕੋਸ਼', ਉਨ੍ਹਾਂ ਦੀ ਵਿਦਵਤਾ ਤੇ ਸੇਵਾ ਦੀ ਮੂੰਹ ਬੋਲਦੀ ਤਸਵੀਰ ਹੈ, ਸਦਾ ਲਈ ਅਮਰ ਰਚਨਾ ਮੰਨੀ ਜਾਵੇਗੀ

ਭਾਵੇਂ ਸ਼ਾਸਤਾਰਥ ਤੇ ਬਹਿਸਾਂ ਮੁਬਹਿਸਿਆਂ ਦੇ ਇਸ ਸਮੇਂ ਭਾਈ ਦਿੱਤ ਸਿੰਘ ਜੀ ਦਾ ਸਥਾਨ ਸਰਵੋਤਮ ਸੀ, ਪਰ ਦੂਜੇ ਵਿਦਵਾਨਾਂ ਨੇ ਵੀ ਪਿੱਛੋਂ ਆਪੋ ਆਪਣੇ ਖੇਤਰ ਵਿੱਚ ਵਰਨਣਯੋਗ ਸੇਵਾਵਾਂ ਕੀਤੀਆਂ ਸਨ। ਪੰਡਤ ਗੁਰਬਖਸ ਸਿੰਘ ਜੀ ਪਟਿਆਲੇ ਵਾਲਿਆਂ ਨੇ ਭਾਈ ਦਿੱਤ ਸਿੰਘ ਜੀ ਦੀ ਭਾਸ਼ਨ ਸ਼ਕਤੀ ਅਤੇ ਭਾਈ ਵੀਰ ਸਿੰਘ ਜੀ ਨੇ ਲਿਖਣ ਸ਼ਕਤੀ ਦੀ ਘਾਟ ਪੂਰੀ ਕੀਤੀ । ਗਿਆਨੀ ਠਾਕੁਰ ਸਿੰਘ ਜੀ ਨੇ ਕਥਾ ਵਖਿਆਨਾਂ ਰਾਹੀਂ ਸਿੱਖਾਂ ਦੇ ਦੀਵਾਨਾਂ ਤੇ ਸਮਾਗਮਾਂ ਵਿੱਚ ਬੁੱਧੀ ਬਲ ਨੂੰ ਤਕੜੇ ਕਰਕੇ ਜਨ-ਸਮੂੰਹ ਨੂੰ ਪ੍ਰਭਾਵਤ ਕੀਤਾ। ਜਿਵੇਂ ਅੱਜ ਕੱਲ੍ਹ ਸਾਧਾਰਨ ਤੇ ਘੱਟ ਪੜ੍ਹੇ ਹੋਏ ਕਮਿਊਨਿਸਟਾਂ ਵਿਚ ਵੀ ਬਹਿਸ

ਵਿਚ ਆਪਣਾ ਪੱਖ ਪ੍ਰਗਟਾਉਣ ਦੀ ਸ਼ਕਤੀ ਅਸੀਂ ਪ੍ਰਬਲ ਦੇਖਦੇ ਹਾਂ, ਉਸ ਵੇਲੇ ਦੇ ਬੁੱਧੀਵਾਨ ਪ੍ਰਚਾਰਕਾਂ ਦੇ ਸਿਰ ਸਦਕਾ, ਸਾਧਾਰਨ ਤੋਂ ਸਾਧਾਰਨ ਸਿੱਖ ਦਲੀਲਬਾਜ਼ ਅਤੇ ਵਿਚਾਰ-ਚਰਚਾ ਲਈ ਆਪਣੇ ਆਪ ਨੂੰ ਤਿਆਰ ਰੱਖਦਾ ਸੀ, ਤਾਂ ਜੋ ਸਿੱਖੀ ਵਿਰੁੱਧ ਕੀਤੇ ਜਾਂਦੇ ਹਮਲਿਆਂ ਦਾ ਤੱਟ-ਫੱਟ ਉੱਤਰ ਦੇ ਕੇ ਆਪਣੇ ਧਰਮ ਦੀ ਗੌਰਵਤਾ ਮਨਵਾ ਸਕੇ। ਪੰਚ-ਖਾਲਸਾ ਦੀਵਾਨ ਦੇ ਮੈਂਬਰ, ਜੋ ਪਿੱਛੋਂ ਜਾ ਕੇ ਕੁਝ ਵਧੇਰੇ ਹੀ ਅੱਗੇ ਲੰਘ ਗਏ ਸਨ। ਇਸ ਖੇਤਰ ਵਿੱਚ ਵਿਸ਼ੇਸ਼ ਤਿੱਖੇ ਤੇ ਜੋਸ਼ੀਲੇ ਸਨ। ਇੰਝ ਵਿਦਵਤਾ ਤੇ ਯੁਕਤੀ ਨਾਲ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਬ੍ਰਹਿਮਣੀ ਧਰਮ ਤੋਂ ਬਚਾਉਣ ਤੇ ਨਿਰਾਲਾ ਸਰੂਪ ਨਿਖਾਰਨ ਦੇ ਸਾਰਥਕ ਅਤੇ ਪ੍ਰਬਲ ਯਤਨ ਤੋੜ ਚੜ੍ਹਾਏ।

**ਸਿੱਖ-ਧਰਮ ਦਾ ਨਵੀਨ ਚੇਤਨਾਂ ਤੇ ਮੌਲਿਕ ਢੰਗ ਨਾਲ ਪ੍ਰਚਾਰ:-**

ਸਿੰਘ ਸਭਾ ਲਹਿਰ ਦਾ ਜ਼ਮਾਨਾ ਪੱਛਮੀ-ਵਿੱਦਿਆ ਦੇ ਪ੍ਰਵੇਸ਼ ਦਾ ਸੀ, ਨਾਲ ਹੀ ਹਿੰਦੂ-ਵੈਦਿਕ ਧਰਮ ਆਰੀਆ ਸਮਾਜ, ਦੇ ਰੂਪ ਵਿੱਚ ਨਵੀਂ ਜਾਗ੍ਰਿਤੀ ਦੀ ਅੰਗੜਾਈ ਲੈ ਕੇ ਉੱਠਿਆ ਸੀ। ਬ੍ਰਹਿਮ ਸਮਾਜੀ, ਆਰੀਆ-ਸਮਾਜੀ, ਲਹਿਰਾਂ ਦੀ ਨੀਂਹ ਪੈ ਚੁੱਕੀ ਸੀ। ਪੱਛਮੀ ਵਿੱਦਿਆ ਦੇ ਸੋਮੇ ਸਕੂਲਾਂ, ਕਾਲਜਾਂ ਦੇ ਰੂਪ ਵਿਚ ਜਾਰੀ ਹੋ ਚੁੱਕੇ ਤੇ ਹੋ ਰਹੇ ਸਨ, ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਉਸ ਸਮੇਂ ਦੀਆਂ ਸਾਰੀਆਂ ਵਿੱਦਿਆ ਪ੍ਰਾਪਤ ਕਰਨ ਦੀਆਂ ਯੁਕਤਾਂ ਪ੍ਰਗਟ ਕਰ ਲਈਆਂ ਸਨ, ਭਵਿੱਖ ਦੇ ਸਿੱਖੀ ਦੇ ਵਾਰਸਾਂ ਲਈ ਸਕੂਲ ਤੇ ਕਾਲਜ ਵੀ ਖੋਲ੍ਹਣੇ ਅਰੰਭ ਦਿੱਤੇ ਸਨ, ਜਿਨ੍ਹਾਂ ਵਿੱਚੋਂ 'ਖਾਲਸਾ ਕਾਲਜ' ਇਕ ਮਹਾਨ ਸੰਸਥਾ ਹੋਂਦ ਵਿਚ ਆਈ ਅਤੇ ਵਿੱਦਿਅਕ ਕਾਨਫਰੰਸ ਦੇ ਵਜੂਦ ਹੋਂਦ ਵਿੱਚ ਆਉਣ ਤੋਂ ਵਿੱਦਿਆ ਪ੍ਰਚਾਰ ਦੀ ਵੇਲ ਪੁੰਗਰੀ। ਕਈ ਅਖਬਾਰਾਂ; ਅੰਗਰੇਜ਼ੀ, ਉਰਦੂ ਤੇ ਪੰਜਾਬੀ ਵਿੱਚ ਕੱਢੀਆਂ ਜਾਣ ਲੱਗੀਆਂ, ਜਿਨ੍ਹਾਂ ਨਾਲ ਆਪਣੀ ਗੱਲ ਹਰ ਹਫਤੇ ਪਾਠਕਾਂ ਤੱਕ ਪੁੱਜਣ ਦਾ ਵਸੀਲਾ ਉਜਾਗਰ ਹੋਇਆ ਅਤੇ ਸਰੀਰਾਂ ਦੀ ਸੰਗਤ ਨਾਲੋਂ ਗਿਆਨ ਦੇ ਮੇਲ ਦੇ ਸੰਪਰਕ ਵੱਧਣੇ ਅਰੰਭ ਹੋਏ ।

ਪ੍ਰਚਾਰ ਲਈ ਇੰਜ ਵਿਖਿਆਨ ਅਤੇ ਲੇਖ ਪੁਸਤਕਾਂ ਦਾ ਲਿਖਣ ਢੰਗ ਇਕਵੱਢਿਓਂ ਬਦਲ ਦਿੱਤਾ ਗਿਆ। ਪਹਿਲੇ ਬ੍ਰਿਜ-ਭਾਸ਼ਾ ਜਾਂ ਸਾਧ-ਭਾਸ਼ਾ ਵਾਲੇ 'ਆਣ ਕਰ ਕਰ ਕੇ' ਦੀ ਥਾਂ ਸਿਧੀ ਸਪਸ਼ਟ ਗੱਲ ਕਰਕੇ, ਆਪਣੀ ਗੱਲ ਮਿੱਠੇ ਸੁਰੀਲੇ ਤੇ ਵਿਨੋਦੀ ਢੰਗ ਨਾਲ ਕਹੀ ਜਾਣ ਲੱਗੀ, ਜਿਸ ਨਾਲ ਨਵੀਂ ਕਿਸਮ ਦੇ 'ਲੋਕ-ਪ੍ਰਿਯਾ' ਪੰਜਾਬੀ ਸਾਹਿਤ ਦੀ ਨੀਂਹ ਪਈ। ਇਸ ਸਮਾਜਕ ਚੇਤਨਾ ਨੇ ਸੁਧਾਰ ਦੇ ਏਨੇ ਅੰਸ਼ ਵਧਾਏ ਕਿ ਥੋੜ੍ਹੀ ਦੇਰ ਪਿੱਛੋਂ ਹੀ ਸਿੰਘ ਸਭਾ ਲਹਿਰ ਦਾ ਸੁਧਾਰਵਾਦੀ ਤੱਤ 'ਗੁਰਦੁਆਰਾ ਸੁਧਾਰ ਲਹਿਰ' ਦੇ ਰੂਪ ਵਿਚ ਬਦਲ ਗਿਆ, ਜਿਸ ਨੇ ਗੁਰਦੁਆਰਾ ਰਕਾਬ ਗੰਜ ਦੇ ਮਸਲੇ ਤੋਂ ਲੈ ਕੇ, ਨਨਕਾਣੇ ਸਾਹਿਬ, ਪੰਜਾ ਸਾਹਿਬ ਤੇ ਗੁਰੂ ਕੇ ਬਾਗ ਦੀਆਂ ਕੁਰਬਾਨੀਆਂ ਨਾਲ ਸਿੱਖ-ਇਤਿਹਾਸ ਤੇ ਦੁਹਰਾਇਆ ਅਤੇ ਸਿੱਖੀ ਲਈ ਜੀਉਂਦੇ-ਜਾਗਦੇ ਧਰਮ ਹੋਣ ਦਾ ਦੁਨੀਆਂ ਨੂੰ ਅਹਿਸਾਸ ਕਰਾਇਆ।

ਜਿਨ੍ਹਾਂ ਨੁਕਤਿਆਂ ਬਾਰੇ ਮੈਂ ਉੱਪਰ ਚਰਚਾ ਕੀਤੀ ਹੈ, ਕੀ ਹੈਰਾਨੀ ਨਹੀਂ ਕਿ ਜੋ ਸੁਧਾਰ ਸਿੰਘ ਸਭਾ ਲਹਿਰ ਨੇ ਆਰੰਭ ਕੀਤੇ ਸਨ, ਉਹ ਮਸਲੇ ਮੁੜ ਇਸ ਵੇਲੇ ਕਿਸੇ ਨਾ ਕਿਸੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਖੜ੍ਹੇ ਹਨ। ਕਿੱਧਰੇ ਜੈ-ਮਾਲਾ ਪਾਈਆਂ ਜਾ ਰਹੀਆਂ ਹਨ, ਕਿੱਧਰੇ ਆਰਤੀਆਂ ਉਤਾਰੀਆਂ ਜਾ ਰਹੀਆਂ ਹਨ ਤੇ ਅਡੰਬਰੀ ਕਾਰਨਾਮੇ ਤਾਂ ਸਾਰੀ ਥਾਂ ਹੀ ਪੈਰ ਪਸਾਰੀ ਵੱਧਦੇ ਚਲੇ ਜਾ ਰਹੇ ਹਨ। ਸਿੰਘ ਸਭਾ ਦੀ ਸ਼ਤਾਬਦੀ ਮਨਾਉਂਦਿਆਂ ਹੋਇਆਂ ਬ੍ਰਹਿਮਣੀ-ਧਰਮ ਹੜੱਪ ਕਰਨ ਵਾਲੀ ਨੀਤੀ ਤੋਂ ਬਚਣ ਲਈ ਨਾਸਤਕ ਤੇ ਨਵੀਨ ਫੈਸ਼ਨ ਦੀ ਅਧੋਗਤੀ ਤੇ ਔਝੜ ਦੇ ਰਾਹ ਤੋਂ ਗੁਰਮਤਿ-ਮਾਰਗ ਵਲ ਪਰਤਣ ਲਈ, ਅੱਜ ਜਿੰਨੇ ਵੀ ਯਤਨਾਂ ਦੀ ਲੋੜ ਹੈ ਅਤੇ ਜੋ ਕੁਝ ਕਰਨਾ ਚਾਹੀਦਾ ਹੈ, ਉਹ ਕਈ ਨਵੀਆਂ ਸਮੱਸਿਆਵਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਖਾਤਰ ਜੂਝਣ ਲਈ, ਉਨ੍ਹਾਂ ਸਾਰੇ ਢੰਗਾਂ ਤੇ ਸਾਧਨਾਂ ਦੀ ਵੀ ਲੋੜ ਹੈ, ਜੋ ਸਿੰਘ ਸਭਾ ਲਹਿਰ ਦੇ ਸੇਵਕਾਂ ਨੇ ਵਰਤੇ ਸਨ, ਬਲਕਿ ਬਹੁਤ ਸਾਰੀਆਂ ਨਵੀਆਂ ਉੱਠੀਆਂ ਸਮੱਸਿਆਵਾਂ ਲਈ ਉਸ ਤੋਂ ਵੀ ਵੱਧ ਸ਼ਕਤੀ ਤੇ ਸੰਗਠਨ, ਪੰਥਕ ਸੇਵਾ ਤੇ ਬੁੱਧੀਬਲ ਵਧਾਉਣ ਤੇ ਵਰਤਣ ਦੀ ਵੰਗਾਰ ਸਾਨੂੰ ਅੱਜ ਪੁਕਾਰ ਰਹੀ ਹੈ। ਇਹ ਜ਼ਮਾਨਾ ਦੇਖੇਗਾ ਤੇ ਦੱਸੇਗਾ ਕਿ ਅਸੀਂ ਉਸ ਵੰਗਾਰ ਨੂੰ ਕਬੂਲਣ ਲਈ ਕੀ ਕੀਤਾ। ਅਜੇ ਜੋ ਕੁਝ ਸਾਨੂੰ ਸਾਧਨ ਤੇ ਸ਼ਕਤੀ ਦੇ ਹੁੰਦਿਆਂ ਕਰਨਾ ਚਾਹੀਦਾ ਸੀ, ਉਹ ਕਿਉਂ ਨਾ ਕਰ ਸਕੇ? ਪੰਥ ਪ੍ਰਤੀ ਇਕ ਸਿੱਖ ਦੀ ਜੋ ਜ਼ਿੰਮੇਵਾਰੀ ਹੈ, ਕੀ ਅਸੀਂ ਉਹ ਪੂਰੀ ਕਰਦੇ ਹਾਂ, ਆਪਣੇ ਫਰਜ਼ ਪ੍ਰਤੀ ਕੋਈ ਰੁੱਚੀ ਰੱਖਦੇ ਹਾਂ? ਜਾਂ ਕਿ ਪੰਥ ਦੇ ਨਾਂ ਅਤੇ ਸ਼ੋਭਾ ਦੇ ਲਾਭ ਉਠਾਉਣਾ ਹੀ ਆਪਣਾ ਧਰਮ ਸਮਝਿਆ ਹੋਇਆ ਹੈ ?

ਇਹ ਗੱਲ ਇਸ ਵੇਲੇ ਸੋਚਣ, ਵਿਚਾਰਨ ਤੇ ਸਭ ਕੁਝ ਕਰਨ ਨਾਲ ਸੰਬੰਧ ਰਖਦੀ ਹੈ। ਗੱਲ ਸਿੰਘ ਸਭਾ ਲਹਿਰ ਦੀ ਸੌ-ਸਾਲਾ ਯਾਦ ਮਨਾਉਣ ਲਈ ਮੁੱਕਦੀ ਨਹੀਂ, ਸ਼ੁਰੂ ਹੁੰਦੀ ਨਵੀਂ ਮੰਜ਼ਲ ਲਈ ਸੰਗਠਨ, ਸ਼ਕਤੀ, ਸੇਵਾ, ਈਮਾਨ, ਬੁੱਧੀ ਬਲ ਤੇ ਹੋਰ ਸਾਰੇ ਸਾਧਨ ਮੰਗਦੀ ਹੈ। ਆਉ, ਜਿੰਨਾ ਕੁ ਵੀ ਯੋਗਦਾਨ ਪੰਥ ਸੇਵਾ ਦੇ ਕੁੰਭ ਦੀ ਅਹੂਤੀ ਵਿਚ ਪਾ ਸਕਦੇ ਹਾਂ, ਪਾ ਆਪਣੇ ਫਰਜ਼ ਦੀ ਪਾਲਣਾ ਕਰੀਏ ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

*ਸ. ਸਾਮ ਸਿੰਘ ਦਵਾਰਾ ਬਰਾਤ ਦੀ ਅਗਵਾਨੀ ਕੇ ਲੀਏ ਜਨਵਾਸੇ ਸੇ ਹਵੇਲੀ ਤਕ ਐ ਕੀਮਤੀ ਕਲੀਨ ਵਿਛਾਏ ਗਏ ਬੇਮਹਲ ਕੀ ਛਤ ਪਰ ਸੋਨੇ ਚਾਂਦੀ ਕੇ ਤਾਰੇ ਬਣੇ ਚੰਦ' ਵੇ ਮੇਂ ਦੁਲਹਨ ਕੋ ਲਾ ਕਰ ਬਿਠਾਇਆ ਗਿਆ। ਮ. ਰਣਜੀਤ ਸਿੰਘ ਨੇ ਆਪਣੀ ਬਾਂਹ ਵਿਚ ਸੰਸਾਰ ਦਾ ਪ੍ਰਸਿਧ ਕੋਹਨੂਰ ਹੀਰਾ ਧਾਰਨ ਕਰ ਰਖਾ ਥਾ। ਰਾਤ ਕੇ ਏਕ ਬਜੇ ਫੇਰੇ ਹੋਏ। (ਕਾਦੰਬਨੀ ਰਸਾਲਾ ਫਰਵਰੀ 1973, ਸਫਾ 145)

**1853 ਈ. ਵਿਚ ਪੰਜਾਬ ਦੇ ਪ੍ਰਬੰਧਕ ਅਫਸਰਾਂ ਨੂੰ ਪਤਾ ਲੱਗਾ ਕਿ ਇਸ ਦੇਸ਼ ਵਿਚ ਧੀਆਂ ਮਾਰਨ ਦਾ ਚੰਦਰਾ ਰਿਵਾਜ਼ ਪ੍ਰਚੱਲਤ ਹੈ। ਧੀਆਂ ਦੀ ਹੱਤਿਆ ਬਹੁਤ ਕਰ ਕੇ ਬੇਦੀ ਕੌਮ ਜਾਂ ਗੁਰੂ ਨਾਨਕ ਸਾਹਿਬ ਦੀ ਸੰਤਾਨ ਵਿੱਚ ਹੁੰਦੀ ਹੈ, ਜ਼ਿਲ੍ਹਾ ਹੁਸ਼ਿਆਰਪੁਰ ਤੇ ਜਲੰਧਰ ਵਿਚ ਬੇਦੀ ਜਾਤ ਦੇ ਸਭ ਲੋਕ ਤੇ ਕਾਂਗੜੇ ਵਿਚ ਰਾਜਪੂਤਾਂ ਦੀਆਂ ਕੁਝ ਜਾਤਾਂ ਦੇ ਲੋਕ ਧੀਆਂ ਨੂੰ ਮਾਰ ਸੁੱਟਦੇ ਹਨ। ਧੀਆਂ ਦੀ ਹੱਤਿਆ ਕਰਕੇ ਸਾਰੇ ਬੇਦੀ ਇਸ ਪਾਪ ਦੇ ਭਾਗੀ ਹਨ। ਡੇਰਾ ਬਾਬਾ ਨਾਨਕ ਤੇ ਗੁਰਦਾਸਪੁਰ ਵਿਚ ਕੁੜੀ ਮਾਰਨ ਦਾ ਰਿਵਾਜ਼ ਕੁਝ ਹੰਕਾਰ ਕਰ ਕੇ ਹੈ ਤੇ ਕੁਝ ਗਰੀਬੀ ਕਰ ਕੇ, ਪਰ ਬੇਦੀਆਂ ਵਿਚ ਇਹ ਲਾਹਨਤ ਕੇਵਲ ਘੁਮੰਡ ਦੇ ਕਾਰਣ ਜ਼ਾਰੀ ਹੋਈ ਹੈ। ਹਿੰਦੂਆਂ ਵਿੱਚ ਇਕ ਖਿਆਲ ਹੈ ਕਿ ਕਿਸੇ ਨੂੰ ਵਿਆਹ ਵਿਚ ਧੀ ਦੇਣ ਦਾ ਮਤਲਬ ਆਪਣੇ ਆਪ ਨੂੰ ਉਸ ਤੋਂ ਘਟੀਆ ਸਮਝਣਾ ਹੈ । ਬੇਦੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਧੀਆਂ ਮਾਰਨ ਦਾ ਹੁਕਮ ਗੁਰੂ ਨਾਨਕ (ਸਾਹਿਬ) ਦੇ ਪੋਤਰੇ ਬਾਬਾ ਧਰਮ ਚੰਦ ਨੇ ਦਿੱਤਾ ਹੈ । ਕਿਹਾ ਜਾਂਦਾ ਹੈ ਕਿ ਧਰਮ ਚੰਦ ਨੇ ਆਪਣੀ ਲੜਕੀ ਦੀ ਸ਼ਾਦੀ ਵਿਚ ਜਾਂਞੀਆਂ ਦੇ ਖਰੂਦ ਤੋਂ ਤੰਗ ਆ ਕੇ ਆਪਣੀ ਸੰਤਾਨ ਨੂੰ ਹੁਕਮ ਦਿੱਤਾ ਕਿ-'ਅਗੋਂ ਤੋਂ ਕੋਈ ਬੇਦੀ ਆਪਣੇ ਲੜਕੀ ਨੂੰ ਜੀਉਂਦੇ ਨਾ ਰਹਿਣ ਦੇਵੇ, ਇਹ ਗੁਨਾਹ ਮੇਰੇ ਜ਼ਿੰਮੇ ਹੈ। ਸੋ ਬੇਦੀ ਤਿੰਨ ਸੌ ਵਰ੍ਹੇ ਇਹ ਪਾਪ ਕਰਦੇ ਰਹੇ । ਬੇਤਰਸ ਮਾਪੇ ਕੁੜੀਆਂ ਨੂੰ ਮਾਰਨ ਦਾ ਪਾਪ ਵੱਖ-ਵੱਖ ਤਰੀਕਿਆਂ ਨਾਲ ਕਰਦੇ ਸਨ। ਕਈ ਵਾਰੀ ਦਾਈ ਆਪਣੇ ਹੱਥ ਨਾਲ ਬੱਚੀ ਦਾ ਸਾਹ ਰੋਕ ਦਿੰਦੀ ਜਾਂ ਗਲ ਘੁੱਟ ਦਿੰਦੀ ਸੀ। ਕਈ ਲੋਕ ਸਰਦੀਆਂ ਵਿਚ ਕੁੜੀਆਂ ਨੂੰ ਠੰਢੇ ਫਰਸ਼ ਉਤੇ, ਤੇ ਗਰਮੀਆਂ ਵਿਚ ਤੱਤੇ ਫਰਸ਼ ਉੱਤੇ ਪਾ ਦਿੰਦੇ ਸਨ, ਜਿਸ ਨਾਲ ਉਹ ਮਰ ਜਾਂਦੀ ਸੀ।

(ਸਫਾ 45, ਸ਼ੇਰਿ-ਇ-ਪੰਜਾਬ, ਲੇਖਕ: ਕਾਲੀ ਰਾਏ, ਛਾਪਕ : ਪੰਜਾਬੀ ਯੂ. ਪਟਿਆਲਾ)

***ਲੇਖਕ ਨੂੰ ਇਸ 'ਵਿਚਾਰ-ਗੋਸ਼ਟੀ' ਦਾ ਸਾਰ ਪੰਡਤ ਕਰਤਾਰ ਸਿੰਘ ਜੀ ਦਾਖਾ ਨੇ ਦੱਸਿਆ ਸੀ, ਇਹ ਗੋਸ਼ਟੀ ਚੀਫ ਖਾਲਸਾ ਦੀਵਾਨ ਦੇ ਸੱਦੇ ਉੱਤੇ ਅੰਮ੍ਰਿਤਸਰ ਵਿੱਚ, ਚੀਫ ਖਾਲਸਾ ਦੀਵਾਨ ਵਲੋਂ ਤਿਆਰ ਕੀਤੀ ਗਈ, 'ਸੰਸਕਾਰ-ਵਿਧੀ' ਬਾਰੇ ਹੋਈ ਸੀ। ਪੰਡਤ ਕਰਤਾਰ ਸਿੰਘ ਦਾਖਾ ਖੁਦ ਵੀ ਇਸ ਵਿਚਾਰ ਗੋਸ਼ਟੀ ਵਿੱਚ ਸ਼ਾਮਿਲ ਹੋਏ ਸਨ।

-0-

# ਸਿੰਘ ਸਭਾ ਲਹਿਰ ਦੀ ਵਿੱਦਿਅਕ ਖੇਤਰ ਵਿੱਚ ਦੇਣ

-ਪ੍ਰੋ. ਹਰਬੰਸ ਸਿੰਘ
(ਦਾ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ)

**(ਪ੍ਰੋ. ਹਰਬੰਸ ਸਿੰਘ, ਉਘੇ ਸਿੱਖ ਵਿਦਵਾਨ, ਲੇਖਕ ਤੇ ਸਿਖਿਆ ਸ਼ਾਸਤਰੀ ਸਨ। ਉਹਨਾਂ ਨੇ ਪੰਜਾਬੀ ਯੂਨੀਵਰਸਿਟੀ ਲਈ 'ਦਾ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ' ਦਾ ਵੱਡਾ ਪ੍ਰੋਜੈਕਟ ਕੀਤਾ ਸੀ, ਜੋ ਉਹਨਾਂ ਦੇ ਨਾਂ ਦੀ ਪਛਾਣ ਬਣ ਗਿਆ। ਸਿੰਘ ਸਭਾ ਲਹਿਰ ਦੀ 1973 'ਚ ਸ਼ਤਾਬਦੀ ਮੌਕੇ ਉਹਨਾਂ ਨੇ ਬੌਧਿਕ ਅਗਵਾਈ ਕੀਤੀ ਸੀ-ਸੰਪਾਦਕ)**

ਆਧੁਨਿਕ ਸਿੱਖ ਵਿਦਿਅਕ ਪ੍ਰਣਾਲੀ ਦੀ ਪ੍ਰੇਰਨਾ ਦਾ ਆਰੰਭ ਸਿੱਖ ਧਰਮ ਵਿੱਚ ਆਪਣੇ ਆਪ ਹੀ ਹੋਂਦ ਵਿਚ ਆਇਆ । ਇਹ ਮਨੋਵੇਗ ਸਿੰਘ ਸਭਾ ਲਹਿਰ ਦੀ ਨਵ-ਜਾਗਰਤੀ ਵਿੱਚੋਂ ਉਤਪੰਨ ਹੋਇਆ। ਸਿੱਖ ਰਾਜ ਦੇ ਪੰਜਾਬ ਵਿਚ 1849 ਵਿਚ ਖਾਤਮੇ ਅਤੇ ਅੰਗਰੇਜ਼ਾਂ ਵੱਲੋਂ ਇੱਥੇ ਰਾਜ ਸਥਾਪਤ ਕਰਨ ਨਾਲ, ਸਿੱਖੀ ਦਾ ਪ੍ਰਭਾਵ ਘਟਦਾ ਗਿਆ। ਸਿੱਖ ਵਿਚਾਰ ਅਤੇ ਰਹੁ-ਰੀਤ ਦੇਸ਼ ਦੇ ਐਸਵਰਜ ਅਤੇ ਸ਼ਾਨ ਵਿਚ ਖਤਮ ਹੋ ਗਈ। ਉਹ ਇਸ ਪ੍ਰਭਾਵ ਹੇਠ ਹੋਰ ਵੀ ਕਮਜ਼ੋਰ ਹੋ ਗਈ। ਉਨ੍ਹਾਂ ਵਿੱਚ ਕੇਵਲ ਬੀਤੇ ਇਤਿਹਾਸ ਦੀ ਸ਼ਾਨ ਅਤੇ ਦਾੜ੍ਹੀ ਕੇਸਾਂ ਨਾਲ ਇਕ ਧੁੰਦਲੇ ਜਿਹੇ ਜੋੜ ਤੋਂ ਛੁਟ ਉਨ੍ਹਾਂ ਦੇ ਸੰਸਕ੍ਰਿਤਕ ਅਤੇ ਧਾਰਮਿਕ ਸਥਿੱਤੀਆਂ ਉੱਤੇ ਪੂਰਨ ਰੂਪ ਵਿਚ ਧੁੰਦਲੇ ਪ੍ਰਭਾਵ ਪੈ ਚੁੱਕੇ ਸਨ।

ਹੇਠ ਲਿਖੀ ਪੰਜਾਬ ਐਡਮਨਿਸਟਰ ਰਿਪੋਰਟ ਸਾਲ 1851-52 ਦੀ ਟੂਕ ਦਾ ਹਵਾਲਾ ਦੇਣਾ ਯੋਗ ਸਿੱਧ ਹੋਵੇਗਾ, ਜਿਸ ਦਾ ਕਥਨ ਹੈ ਪੁਰਾਣੇ ਆਲਮਾਂ ਵਿੱਚ ਗੁਰੂ ਨਾਨਕ, ਜਿਹੜੇ ਪਹਿਲੇ ਅਵਤਾਰ ਅਤੇ ਗੁਰੂ ਗੋਬਿੰਦ (ਸਿੰਘ) ਦੇ ਅਨੁਆਈ ਸੀ। ਦੂਸਰਾ ਮਹਾਨ ਧਾਰਮਿਕ ਨੇਤਾ ਸੀ (ਪਹਿਲੇ ਗੁਰੂ ਦੇ ਨਾਨਕ ਪੰਥੀਆਂ ਦਾ ਚੰਗਾ ਬੋਲ ਬਾਲਾ ਰਿਹਾ ਪਰ ਦੂਸਰੇ ਦਸਵੇਂ ਗੁਰੂ ਦਾ ਘੱਟ ਰਿਹਾ)। (ਗੁਰੂ) ਨਾਨਕ ਦੇ ਸਿੱਖ ਤੁਲਨਾਤਮਕ ਤੌਰ 'ਤੇ ਘੱਟ ਹਨ ਪ੍ਰੰਤੂ ਇਨ੍ਹਾਂ ਦੀਆਂ ਆਦਤਾਂ ਬੜੀਆਂ ਅਮਨ ਭਰਪੂਰ ਹਨ, ਸ਼ਾਇਦ ਇਹ ਆਪਣੇ ਬਜ਼ੁਰਗਾਂ ਦੇ ਧਰਮ ਮੂਲ ਉਪਦੇਸ਼ਾਂ ਨਾਲ ਜੁੜੇ ਹੋਏ ਹਨ। ਪਰ ਗੁਰੂ ਗੋਬਿੰਦ (ਸਿੰਘ) ਦੇ ਸਿੱਖ, ਜਿਹੜੇ ਨੇੜ ਭਵਿੱਖ ਵਿਚ ਹੀ ਬਣੇ ਹਨ, ਜਿਹੜੇ ਵਿਸ਼ੇਸ਼ ਰੂਪ ਵਿੱਚ ਸਿੰਘ ਬਣੇ ਹਨ ਜਾਂ "ਸ਼ੇਰ" ਜਿਨ੍ਹਾਂ ਨੇ ਇਸ ਧਰਮ ਨੂੰ ਯੁੱਧਾਂ ਅਤੇ ਜਿੱਤਾਂ ਦਾ ਧਰਮ ਕਰਕੇ ਗ੍ਰਹਿਣ ਕੀਤਾ ਹੈ, ਉਨ੍ਹਾਂ ਦੀ ਗਿਣਤੀ ਇਕ ਕਰੋੜ ਅਨੁਮਾਨਤ ਕੀਤੀ ਜਾਂਦੀ ਸੀ। 1868 ਵਿੱਚ ਪੰਜਾਬ ਦੀ ਜਨ ਸੰਖਿਆ ਸਮੇਂ 11 ਲੱਖ 41 ਹਜ਼ਾਰ 8 ਸੋ 48 ਰਹਿ ਗਈ-1881 ਦੀ ਜਨ ਸੰਖਿਆ ਸਮੇਂ ਸਿੱਖਾਂ ਦੀ ਗਿਣਤੀ 1716114 ਸੀ । ਇਹ ਗਿਣਤੀ ਸਾਰੇ ਪੰਜਾਬ ਦੀ ਅਤੇ ਸਤਲੁਜ ਪਾਰ ਦੀਆਂ ਸਿੱਖ ਰਿਆਸਤਾਂ ਦੇ ਸਿੱਖਾਂ ਦੀ ਸੀ।

ਅੰਗਰੇਜ਼ਾਂ ਦੇ ਆਉਣ ਨਾਲ ਨਵੇਂ ਸ਼ਾਂਸ਼ਕਰਤਿਕ ਪ੍ਰਭਾਵ ਪੰਜਾਬੀ ਜੀਵਨ ਵਿੱਚ ਅੰਕਤ ਹੋਣੇ ਸ਼ੁਰੂ ਹੋ ਗਏ। ਇਹ ਪ੍ਰਭਾਵ ਜਿਹੜੇ ਅੰਗਰੇਜ਼ੀ ਵਿੱਦਿਆ, ਪੁਲਾੜੀ ਵਿਗਿਆਨ ਅਤੇ ਈਸਾਈਅਤ ਤੋਂ ਗ੍ਰਹਿਣ ਹੋਏ, ਦਾ ਪ੍ਰਭਾਵ ਬਹੁਤ ਭਾਰੀ ਮਾਤਰਾ ਵਿੱਚ ਪਿਆ। ਭਾਰਤੀ ਕੌਮਾਂ ਨੇ ਇਸ ਨੂੰ ਪੂਰੀ ਤਰ੍ਹਾਂ ਗ੍ਰਹਿਣ ਕੀਤਾ। ਇਕ ਪਾਸੇ ਤਾਂ ਇਹ ਇੱਛਾ ਸੀ ਕਿ ਸਮੇਂ ਦੇ ਨਾਲ-ਨਾਲ ਬਦਲਿਆ ਜਾਵੇ, ਦੂਜੇ ਪਾਸੇ ਉਨ੍ਹਾਂ ਵਿੱਚ ਆਪਣੀ ਸਾਂਸਕ੍ਰਿਤਿਕ ਸ਼ਾਖਾ ਨੂੰ ਜੀਵਤ ਰੱਖਣ ਦੀ ਭਾਵਨਾ ਪ੍ਰਬਲ ਸੀ। ਸਿੱਖ ਜਿਹੜੇ ਸਿੰਘ ਸਭਾ ਦੀ ਅਗਵਾਈ ਹੇਠ ਚੱਲ ਰਹੇ ਸਨ ਇਨ੍ਹਾਂ ਵਿੱਚ ਵੱਡੇ ਅਨੁਭਵੀ ਤਜਰਬੇ ਹੋ ਰਹੇ ਸਨ । ਉਹ ਆਪਣੇ ਇਤਿਹਾਸ ਅਤੇ ਰਵਾਇਤਾਂ ਨੂੰ ਮੁੜ ਉਜਾਗਰ ਕਰਨ ਲੱਗ ਪਏ ਸਨ, ਉਹ ਆਪਣੀਆਂ ਬੋਲੀਆਂ ਆਪ ਨਿਰਧਾਰਤ ਕਰ ਰਹੇ ਸਨ, ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਵਿਰੁੱਧ ਚੀਜ਼ਾਂ ਸਿੱਖਾਂ ਵਿੱਚ ਘਰ ਕਰ ਚੁੱਕੀਆਂ ਸਨ, ਉਨ੍ਹਾਂ ਦਾ ਤਿਆਗ ਕੀਤਾ ਗਿਆ। ਸਿੱਖ ਧਰਮ ਦੇ ਅਸੂਲ ਅਤੇ ਰਵਾਇਤਾਂ ਨੂੰ ਮੁੜ ਸੁਰਜੀਤ ਕੀਤਾ ਗਿਆ। ਇਸ ਜਾਗ੍ਰਤੀ ਦੇ ਨਾਲ-ਨਾਲ ਸਿੱਖ ਧਰਮ ਆਪਣੇ ਭਵਿੱਖ ਬਾਰੇ ਭੀ ਦੇਖਣ ਲੱਗ ਪਿਆ, ਨਵੀਂ ਧਾਰਮਿਕ ਰਹੁ-ਰੀਤੀ ਵਿਚ ਬਦਲਣ ਦੀ ਭਾਵਨਾ ਦਾ ਸਤਿਕਾਰ ਕੀਤਾ ਗਿਆ ਅਤੇ ਉਸ ਨੂੰ ਸਮੇਂ ਦੀਆਂ ਲੋੜਾਂ ਅਨੁਸਾਰ ਢਾਲਿਆ ਗਿਆ। ਇਸ ਜਾਗਰਤੀ ਦੇ ਸਮੇਂ ਵਿੱਚ ਸਿੱਖ ਆਧੁਨਿਕ ਰੂਪ ਵਿਚ ਆਪਣੇ ਸਾਹਮਣੇ ਆਏ ਅਤੇ ਉਨ੍ਹਾਂ ਨੇ ਆਪਣੀਆਂ ਸਾਂਸਤਰਿਕ ਰਾਜਨੀਤਕ ਅਤੇ ਆਪਣੀ ਹੋਂਦ ਨੂੰ ਬੜੀ ਮਜ਼ਬੂਤੀ ਨਾਲ ਲੋਕਾਂ ਸਾਹਮਣੇ ਲਿਆਂਦਾ। ਉਨ੍ਹਾਂ ਦੇ ਸਾਹਮਣੇ ਹੁਣ ਸਭ ਤੋਂ ਵੱਡਾ ਮੁੱਖ ਨਿਸ਼ਾਨਾ ਸੀ ਕਿ ਉਹ ਪੁਰਾਣੀ ਤਰਜ਼ ਦੀ ਵਿੱਦਿਆ ਨੂੰ ਕਾਬੂ ਕਰਨ ਤਾਂ ਜੋ ਉਹ ਆਪਣੇ ਧਰਮ ਨੂੰ ਅਤੇ ਲਿਟਰੇਚਰ ਨੂੰ ਦੂਸਰੀਆਂ ਕੌਮਾਂ ਦੇ ਮੁਕਾਬਲੇ 'ਤੇ ਨਿਖਾਰ ਕੇ ਪੇਸ਼ ਕਰ ਸਕਣ ਅਤੇ ਰਾਜ ਕਾਜ ਵਿਚ ਆਪਣਾ ਹਿੱਸਾ ਵੰਡਾਣ ਦੇ ਯੋਗ ਹੋ ਸਕਣ।

3-ਅੰਗਰੇਜ਼ਾਂ ਦੇ ਪੰਜਾਬ ਵਿੱਚ ਆਉਣ ਤੋਂ ਪਹਿਲਾਂ ਵਿੱਦਿਆ ਧਾਰਮਿਕ ਆਧਾਰ 'ਤੇ ਹੀ ਦਿੱਤੀ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਪੰਜਾਬ ਇਕ ਤਾਕਤਵਰ ਖਿੱਤਾ ਸੀ, ਭਾਵੇਂ ਮਹਾਰਾਜਾ ਸਾਹਿਬ ਨੇ ਵਿਦੇਸ਼ੀਆਂ ਨੂੰ ਜਿਨ੍ਹਾਂ ਵਿੱਚ ਫਰਾਂਸੀਸੀ, ਇਟੈਲੀਅਨ, ਅੰਗਰੇਜ਼, ਅਮਰੀਕਨ, ਰਸ਼ੀਅਨ ਅਤੇ ਗ੍ਰੀਕ ਕੌਮਾਂ ਦੇ ਮਨੁੱਖਾਂ ਨੂੰ ਆਪਣੀਆਂ ਨੌਕਰੀਆਂ ਵਿੱਚ ਰੱਖਿਆ ਹੋਇਆ ਸੀ, ਪਰ ਉਨ੍ਹਾਂ ਨੂੰ ਜ਼ਿੰਮੇ ਲੱਗੇ ਕੰਮਾਂ ਵੱਲ ਹੀ ਧਿਆਨ ਦੇਣਾ ਪੈਂਦਾ ਸੀ, ਉਹ ਉਨ੍ਹਾਂ ਨੂੰ ਲੋਕਾਂ ਦੀ ਭਾਈਚਾਰਕ ਅਤੇ ਧਾਰਮਿਕ ਜੀਵਨ ਵਿੱਚ ਬਿਲਕੁਲ ਦਖਲ ਦੇਣ ਦੀ ਆਗਿਆ ਨਹੀਂ ਦਿੰਦੇ ਸਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਮਹਾਰਾਜਾ ਰਣਜੀਤ ਸਿੰਘ ਦੀ ਤੀਬਰ ਇੱਛਾ ਸੀ ਕਿ ਲਾਹੌਰ ਵਿੱਚ ਇਕ ਅੰਗਰੇਜ਼ੀ ਸਕੂਲ ਚਾਲੂ ਕੀਤਾ ਜਾਵੇ, ਇਸ ਵਿਚ ਰਾਜ ਪਰਿਵਾਰ ਤੇ ਸਰਦਾਰਾਂ ਦੇ ਲੜਕੇ ਵਿੱਦਿਆ ਪ੍ਰਾਪਤ ਕਰ ਸਕਣ। ਉਨ੍ਹਾਂ ਇਸ ਬਾਰੇ ਕਈ ਅੰਗਰੇਜ਼ ਪਾਦਰੀਆਂ ਨਾਲ, ਜਿਹੜੇ ਕਿ ਇੱਥੇ ਸੈਰ-ਸਪਾਟੇ ਲਈ ਆਉਂਦੇ ਸਨ, ਗੱਲ ਵੀ ਕੀਤੀ। ਇਸ ਵਿਚਾਰ ਦੀ ਖਾਤਰ ਉਨ੍ਹਾਂ ਨੇ ਖਾਸ ਤੌਰ 'ਤੇ ਜਾਨ ਸੀ, ਲੌਵਰੀ ਨੂੰ ਜਿਹੜੇ ਪਹਿਲੇ ਅਮਰੀਕਨ ਮਿਸ਼ਨਰੀ ਸਨ ਅਰ ਜਿਨ੍ਹਾਂ ਨੇ 1836 ਵਿੱਚ ਲੁਧਿਆਣੇ ਵਿਖੇ ਜਿਹੜਾ ਉਸ ਸਮੇਂ ਸਿੱਖ ਰਾਜ ਦੇ ਨਾਲ ਅੰਗਰੇਜ਼ੀ ਹਕੂਮਤ ਦੀ ਉੱਤਰ-ਪੱਛਮੀ ਬਾਹੀ ਸੀ ਅਤੇ ਮਿਸ਼ਨ ਦੀ ਸਥਾਪਨਾ ਕੀਤੀ, ਨੂੰ ਲਾਹੌਰ ਵਿਖੇ ਸੱਦਿਆ, ਪਰ ਉਨ੍ਹਾਂ ਦੀ ਇਹ ਯੋਜਨਾ ਉਸ ਸਮੇਂ ਖਤਮ ਹੋ ਗਈ ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਬਾਈਬਲ ਦੀ ਪੜ੍ਹਾਈ ਦੀ ਆਗਿਆ ਉਸ ਸਕੂਲ ਵਿਖੇ ਨਾ ਦਿੱਤੀ।

ਮਹਾਰਾਜਾ ਰਣਜੀਤ ਸਿੰਘ ਹੁਨਰ ਅਤੇ ਸਾਹਿਤ ਦੀ ਬਿਨਾ ਕਿਸੇ ਵਿੱਤਕਰੇ ਦੇ ਸਰਪ੍ਰਸਤੀ ਕਰਦੇ ਸਨ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਵਿੱਦਿਆ ਅਤੇ ਜੀਵਨ ਜਾਚ ਵਿੱਚ ਨਿਪੁੰਨ ਕਰਨ ਲਈ ਉਚੇਚਾ ਧਿਆਨ ਦਿੱਤਾ। ਉਹ ਉੱਚ ਵਿਦਵਾਨਾ ਨੂੰ ਜਗੀਰਾਂ ਬਖਸ਼ਦੇ ਸਨ ਤੇ ਆਪਣੇ ਵਿਦਵਾਨ ਦਰਬਾਰੀਆਂ ਦਾ ਹੌਂਸਲਾ ਵਧਾਉਂਦੇ ਸਨ। ਉਨ੍ਹਾਂ ਆਪਣੇ ਪੋਤਰੇ ਨੌਨਿਹਾਲ ਸਿੰਘ ਨੂੰ ਗਣਿਤ ਤੇ ਭੂਗੋਲ ਵਿੱਦਿਆ ਦੀ ਸਿੱਖਿਆ ਅਖਵਾਂਦ ਅਲੀ ਅਹਿਮਦ ਜਿਹੜਾ ਇਸੇ ਕੰਮ ਲਈ ਉਚੇਚੇ ਤੌਰ 'ਤੇ ਸਰਹੱਦ ਸੂਬਾ ਤੋਂ ਲਾਹੌਰ ਸੱਦਿਆ ਸੀ, ਪਾਸੋਂ ਦਿਵਾਈ। ਉਨ੍ਹਾਂ ਦੇ ਸਰਦਾਰਾਂ ਵਿੱਚੋਂ ਸਰਦਾਰ ਸਾਹਿਬ ਸਿੰਘ ਮਜੀਠੀਆ ਮਸ਼ਹੂਰ ਹਿਸਾਬੀ ਤੇ ਇੰਜੀਨੀਅਰ ਸੀ। ਇਹ ਕਿਹਾ ਜਾਂਦਾ

ਹੈ ਕਿ ਇਨ੍ਹਾਂ ਨੇ ਉਕਲੀਦਸ ਦਾ ਅਰਬੀ ਤੇ ਪੰਜਾਬੀ ਵਿਚ ਉਲੱਥਾ ਕੀਤਾ। ਉਹਦੇ ਸਮੇਂ ਦੇ ਬਹੁਤ ਸਾਰੇ ਪੱਛਮੀ ਵਿਅਕਤੀਆਂ ਨੇ ਉਸ ਦੀ ਨਿਪੁੰਨਤਾ ਬਾਰੇ ਵਰਨਣ ਕੀਤਾ ਹੈ। ਖਾਸ ਤੌਰ 'ਤੇ ਉਸ ਵੇਲੇ ਚਮੜੇ ਦੀ ਤੋਪ ਜਿਹੜੀ ਤੋਸ਼ਾਖਾਨੇ ਲਈ ਵਰਤੀ ਜਾਂਦੀ ਸੀ, ਵਿਸ਼ੇਸ਼ ਰੂਪ ਵਿੱਚ ਉਸ ਦੀ ਕਾਢ ਸੀ । ਲਹਿਣਾ ਸਿੰਘ ਜੀ ਜਦੋਂ ਮਿਸਟਰ ਹਸਟਰ ਲੋਹੀ ਨੂੰ ਅੰਮ੍ਰਿਤਸਰ ਵਿਖੇ ਮਹਾਰਾਜਾ ਵਲੋਂ ਜੀ-ਆਇਆਂ ਕਹਿਣ ਲਈ ਆਏ ਤਾਂ ਉਨ੍ਹਾਂ ਦਾ ਕੰਪਾਸ ਤੇ ਥਰਮਾਮੀਟਰ ਦੇਖ ਕੇ ਉਨ੍ਹਾਂ ਨੇ ਪ੍ਰਾਹਣੇ ਨਾਲ ਵਿਗਿਆਨਕ ਕਾਢਾਂ ਉੱਤੇ ਗੱਲਬਾਤ ਕਰਨੀ ਸ਼ੁਰੂ ਕੀਤੀ, ਜਿਨ੍ਹਾਂ ਦਾ ਸਬੰਧ ਲੈਟੀਚਿਊਡ ਅਤੇ ਲੌਂਗੀਚਿਊਡ ਦਿਸ਼ਾਵਾਂ ਅਤੇ ਸਿਤਾਰਿਆਂ ਦੀ ਖਿੱਚ ਨਾਲ ਸੀ। ਅਜੀਤ ਸਿੰਘ ਜੀ ਤੇ ਅਤਰ ਸਿੰਘ ਜੀ ਸੰਧਾਂਵਾਲੀਏ ਅਰਬੀ ਸੰਸਕ੍ਰਿਤ ਫਾਰਸੀ ਤੋਂ ਛੁਟ ਅੰਗਰੇਜ਼ੀ ਚੰਗੀ ਤਰ੍ਹਾਂ ਜਾਣਦੇ ਸਨ। ਮਹਾਰਾਜਾ ਸ਼ੇਰ ਸਿੰਘ, ਰਣਜੀਤ ਸਿੰਘ ਦੇ ਦੂਸਰੇ ਲੜਕੇ ਨੇ ਪੱਛਮੀ ਵਿਗਿਆਨ ਅਤੇ ਅੰਗਰੇਜ਼ੀ ਭਾਸ਼ਾ ਦਾ ਗਿਆਨ ਫਰਾਂਸੀਸੀ ਜਰਨੈਲਾਂ ਪਾਸੋਂ ਪ੍ਰਾਪਤ ਕੀਤਾ। ਸਿੱਖ ਰਾਜਿਆਂ ਵਿੱਚੋਂ ਕੇਵਲ ਇਕ ਇਹ ਮਹਾਰਾਜਾ ਸੀ, ਜਿਹੜਾ ਕਦੀ-ਕਦੀ ਅੰਗਰੇਜ਼ੀ ਭਾਸ਼ਾ ਵਿਚ ਦਸਤਖਤ ਕਰਦਾ ਸੀ ।

4. ਸਿੱਖ ਰਾਜ ਸਮੇਂ ਵਿੱਦਿਅਕ ਪ੍ਰਣਾਲੀ ਪੁਰਾਣੀਆਂ ਰਵਾਇਤਾਂ ਪਰ ਹੀ ਆਧਾਰਤ ਸੀ। ਸਭ ਤੋਂ ਮਸ਼ਹੂਰ ਵਿੱਦਿਅਕ ਅਦਾਰੇ ਜਿਹੜੇ ਮਕਤਬ ਕਹੇ ਜਾਂਦੇ ਸਨ, ਮੌਲਵੀਆਂ ਵੱਲੋਂ ਚਲਾਏ ਜਾਂਦੇ ਸਨ। ਮਕਤਬ ਫਾਰਸੀ ਦੀ ਪੜ੍ਹਾਈ ਕਰਾਉਂਦੇ ਸਨ ਅਤੇ ਉਸ ਵਿਚ ਦਾਖਲ ਹੋਣ ਲਈ ਸਾਰੀਆਂ ਕੌਮਾਂ ਨੂੰ ਖੁੱਲ੍ਹ ਸੀ। ਉਸ ਵਿੱਚ ਸਿੱਖਿਆ ਦੇਣ ਵਾਲਿਆਂ ਦੀ ਗਿਣਤੀ ਮੁਸਲਮਾਨਾਂ ਦੀ ਵੱਧ ਸੀ, ਪਰ ਵਿਦਵਾਨਾਂ ਵਿਚ ਹਿੰਦੂਆਂ ਦੀ ਗਿਣਤੀ ਵੱਧ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸਰਕਾਰੀ ਭਾਸ਼ਾ ਫਾਰਸੀ ਸੀ, ਭਾਵੇਂ ਉਹ ਆਪ ਪੰਜਾਬੀ ਵਿੱਚ ਗੱਲਬਾਤ ਕਰਦੇ ਸਨ ਅਤੇ ਆਪਣੇ ਅਫਸਰਾਂ ਅਤੇ ਅਹਿਲਕਾਰਾਂ ਨੂੰ ਗੁਰਮੁਖੀ ਪੜ੍ਹਨ ਲਈ ਹਦਾਇਤਾਂ ਦਿੰਦੇ ਸਨ, ਕਿਉਂਕਿ ਸਰਕਾਰੀ ਭਾਸ਼ਾ ਫਾਰਸੀ ਸੀ, ਇਸ ਲਈ ਮਕਤਬ ਜਾਂ ਫਾਰਸੀ ਸਕੂਲ ਜਨਤਾ ਵਿਚ ਹਰਮਨ ਪਿਆਰੇ ਸਨ। ਇਨ੍ਹਾਂ ਵਿੱਚ ਵਿਦਿਆਰਥੀਆਂ ਨੂੰ ਚਰਿੱਤਰ ਅਤੇ ਗੁਲਸਤਾਂ ਬੋਸਤਾਂ ਆਦਿ ਕਿਤਾਬਾਂ ਪੜ੍ਹਾਈਆਂ ਜਾਂਦੀਆਂ ਸਨ । ਕੁਰਾਨ ਸਕੂਲ ਜਿਹੜੇ ਮਸੀਤਾਂ ਨਾਲ ਸਬੰਧਤ ਸਨ, ਵਿੱਚ ਅਰਬੀ ਦੀ ਵਿੱਦਿਆ ਦਿੱਤੀ ਜਾਂਦੀ ਸੀ। ਮਦਰੱਸਿਆਂ ਵਿਚ ਅਰਬੀ ਦੀ ਉੱਚ ਵਿੱਦਿਆ ਅਤੇ ਮੁਸਲਮ ਵਿਗਿਆਨ ਤੇ ਧਾਰਮਿਕਤਾ ਦੀ ਵਿੱਦਿਆ ਦਿੱਤੀ ਜਾਂਦੀ ਸੀ। ਚਾਟਸ਼ਾਲਾਂ ਨਾਮੀ ਉਹ ਸਕੂਲ ਸਨ, ਜਿਨ੍ਹਾਂ ਵਿਚ ਵਪਾਰਕ ਜਾਤੀਆਂ ਨੂੰ ਲੰਡਿਆਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਸਰਾਫਾਂ ਅਤੇ ਮਹਾਜਨਾਂ ਨੂੰ ਲੰਡੇ ਪੜ੍ਹਾਏ ਜਾਂਦੇ ਸਨ। ਪਾਂਧੇ ਇਨ੍ਹਾਂ ਸਕੂਲਾਂ ਨੂੰ ਚਲਾਉਂਦੇ ਸਨ। ਸੰਸਕ੍ਰਿਤ ਪੜ੍ਹਾਈ ਲਈ ਪਾਠਸ਼ਾਲਾਵਾਂ ਵਿਚ ਪ੍ਰਬੰਧ ਸੀ।

5. ਸਿੱਖ ਗੁਰਮੁਖੀ ਸਕੂਲਾਂ ਤੋਂ, ਜਿਹੜੇ ਕਿ ਗੁਰਦੁਆਰਿਆਂ ਜਾਂ ਧਰਮਸ਼ਾਲਾਂ ਨਾਲ ਸਬੰਧਤ ਸੀ, ਸਿੱਖ ਬੱਚੇ ਵਿੱਦਿਆ ਪ੍ਰਾਪਤ ਕਰਦੇ ਸਨ। ਇਨ੍ਹਾਂ ਵਿੱਚ ਵਿਦਿਆਰਥੀ 5 ਤੋਂ 7 ਸਾਲ ਦੀ ਉਮਰ ਤਕ ਦਾਖਲ ਹੁੰਦੇ ਸਨ, ਕਈ ਵਾਰੀ ਲੜਕੇ ਤੇ ਲੜਕੀਆਂ ਇਕੋ ਸਕੂਲ ਵਿੱਚ ਪੜ੍ਹਦੇ ਸਨ। ਉਹ ਗੁਰਮੁਖੀ ਲਿਪੀ ਨੂੰ ਜ਼ਮੀਨ ਪੁਰ ਉਂਗਲਾਂ ਨਾਲ ਲਿਖਦੇ ਸਿੱਖਦੇ ਸਨ, ਜਿਸ ਉੱਤੇ ਪਾਂਡੋ ਜਾਂ ਚਾਕ ਨਾਲ ਪਹਿਲਾਂ ਵਿਛਾਈ ਹੋਈ ਹੁੰਦੀ ਸੀ, ਇਸ ਤੋਂ ਬਾਅਦ ਉਹ ਪੈਂਤੀ ਦੀ ਵਰਤੋਂ ਕਰਦੇ ਸਨ ਅਤੇ ਉੱਥੇ ਉਨ੍ਹਾਂ ਨੂੰ ਗੁਰਮਤਿ ਅਤੇ ਗਣਿਤ ਦੀ ਸਿੱਖਿਆ ਦਿੱਤੀ ਜਾਂਦੀ ਸੀ।

ਸਿੱਖ ਸਮਾਜ ਦੀ ਜੇ ਪ੍ਰੀਭਾਸ਼ਾ ਲਈਏ ਤਾਂ ਇਸ ਦਾ ਅਰਥ ਸਿੱਖਿਅਕ ਜਾਂ ਚੇਲਾ ਹੈ-ਇਹ ਉਸ ਦੀ ਇਖਲਾਕੀ ਜ਼ਿੰਮੇਵਾਰੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਖਾਸ ਕਰਕੇ ਜਪੁਜੀ ਸਾਹਿਬ ਦਾ ਪਾਠ ਕਰੇ। ਉਹ ਸਿੱਖਿਆ ਪ੍ਰਾਪਤ ਕਰਨ ਦੇ ਅਮਲ ਵਿੱਚ ਕਿਸੇ ਤਰ੍ਹਾਂ ਦਾ ਭੀ ਵਿਤਕਰਾ ਨਹੀਂ ਅਤੇ ਸਿੱਖਿਆ ਉੱਤੇ ਕਿਸੇ ਵੀ ਕੌਮ ਦਾ ਇਕ ਅਧਿਕਾਰ ਨਹੀਂ ਜਾਪਦਾ। ਗੁਰਮੁਖੀ ਦੀ ਵਿੱਦਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਲਈ ਪ੍ਰਾਪਤ ਕੀਤੀ ਜਾਂਦੀ ਸੀ। ਇਨ੍ਹਾਂ ਸਕੂਲਾਂ ਵਿਚ ਬਾਲ ਉਪਦੇਸ਼, ਪੰਜ ਗ੍ਰੰਥੀ, ਜਨਮ ਸਾਖੀ, ਗੁਰੂ ਨਾਨਕ ਅਤੇ ਭਾਈ ਗੁਰਦਾਸ ਜੀ ਦੀਆਂ ਵਾਰ੍ਹਾਂ ਪੜ੍ਹਾਈਆਂ ਜਾਂਦੀਆਂ ਸਨ। ਇਸ ਉਪਰੰਤ ਉੱਚੀ ਸਿੱਖਿਆ ਲਈ ਵਿੱਦਿਆਰਥੀਆਂ ਨੂੰ ਵੇਦਾਂਤ ਤੇ ਤੁਲਸੀ ਰਾਮਾਇਣ ਤੇ ਵਿਸ਼ਨੂੰ ਪੁਰਾਨ, ਵਿਦਿਆ ਸਾਗਰ ਆਦਿ ਪੜ੍ਹਾਏ ਜਾਂਦੇ ਸਨ।

ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਰਕਾਰੀ ਖ਼ਜ਼ਾਨੇ ਵਿੱਚੋਂ ਧਰਮ ਅਰਥ ਸਕੂਲ ਚਲਾਏ ਜਾਂਦੇ ਸਨ। ਅੰਮ੍ਰਿਤਸਰ ਵਿਚ ਭਾਈ ਜੂਨਾ ਸਿੰਘ ਜੀ ਦਾ ਸਕੂਲ ਸੀ, ਜਿਹੜਾ ਇੰਨਾ ਵੱਡਾ ਸੀ ਕਿ ਜਿਸ ਵਿੱਚ ਆਦਿ ਗ੍ਰੰਥ ਸਾਹਿਬ, ਦਸਮ ਗ੍ਰੰਥ , ਗੁਰ ਬਿਲਾਸ ਅਤੇ ਹੋਰ ਧਾਰਮਿਕ ਪੁਸਤਕਾਂ ਤੋਂ ਛੁੱਟ ਵਿਆਕਰਣ ਅਤੇ ਪੁਰਾਨਾਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਵਿੱਦਿਆਰਥੀਆਂ ਨੂੰ ਸਕੂਲਾਂ ਵੱਲੋਂ ਰੋਟੀ ਦਿੱਤੀ ਜਾਂਦੀ ਸੀ। ਉਨ੍ਹਾਂ ਪਾਸੋਂ ਕੋਈ ਫੀਸ ਨਹੀਂ ਲਈ ਜਾਂਦੀ ਸੀ। ਭਾਈ ਲਖਣ ਸਿੰਘ ਦੇ ਸਕੂਲ ਵਿੱਚ ਅਧਿਆਪਕ ਆਪਣੇ ਘਰਾਂ ਵਿਚ ਹੀ ਧਾਰਮਿਕ ਪੁਸਤਕਾਂ ਵਿੱਦਿਆ ਦੇਣ ਲਈ ਰੱਖਦੇ ਸਨ। ਭਾਈ ਰਾਮ ਸਿੰਘ ਜਿਹੜੇ ਉੱਚ ਵਿੱਦਿਆ ਕਰਕੇ ਕਾਫ਼ੀ ਮਸ਼ਹੂਰ ਸਨ, ਉਨ੍ਹਾਂ ਦਾ ਇਕ ਪ੍ਰਚਲਤ ਸਕੂਲ ਸੀ ਜਿਸ ਵਿਚ ਵਿੱਦਿਆਰਥੀ ਦੇਸ਼ ਦੇ ਦੂਰ-ਦੂਰ ਦੇ ਸਥਾਨਾਂ ਤੋਂ ਆ ਕੇ ਧਾਰਮਿਕ ਪੁਸਤਕਾਂ, ਵਿਆਕਰਣ, ਕਾਵਿ, ਅਲੰਕਾਰ, ਪਿੰਗਲ, ਸਾਹਿਤ, ਇਤਿਹਾਸ, ਨੀਤੀ, ਗਣਿਤ ਤੇ ਭੂਗੋਲ ਵਿੱਦਿਆ ਦੀ ਉੱਚ ਸਿੱਖਿਆ ਪ੍ਰਾਪਤ ਕਰਦੇ ਸਨ। ਇਨ੍ਹਾਂ ਸਕੂਲਾਂ ਨੂੰ ਮਹਾਰਾਜਾ ਵਲੋਂ ਜਾਗੀਰਾਂ ਲਗਾਈਆਂ ਗਈਆਂ ਸਨ, ਜਾਂ ਇਨ੍ਹਾਂ ਨੂੰ ਵਜ਼ੀਫ਼ੇ ਦਿੱਤੇ ਜਾਂਦੇ ਸਨ। ਉਦਾਸੀ ਅਤੇ ਨਿਰਮਲੇ ਆਪੋ ਆਪਣੇ ਡੇਰਿਆਂ ਵਿਚ ਵੱਖੋ-ਵੱਖਰੇ ਸਕੂਲ ਚਲਾਉਂਦੇ ਸਨ। ਇਹ ਵਿਦਿਆਰਥੀਆਂ ਨੂੰ ਸੰਸਕ੍ਰਿਤ ਵਿਚ ਨਿਪੁੰਨ ਬਣਾਉਂਦੇ ਸਨ।

ਪਿੰਡਾਂ ਵਿਚ ਆਮ ਸਕੂਲਾਂ ਨੂੰ ਉਸ ਇਲਾਕੇ ਦੀ ਜਨਤਾ ਸਹਾਇਤਾ ਦਿੰਦੀ ਸੀ। ਅਧਿਆਪਕ ਨੂੰ ਨਕਦੀ ਦੇ ਰੂਪ ਵਿਚ ਅਤੇ ਜਿਨਸ ਦੇ ਰੂਪ ਵਿਚ ਤਨਖਾਹਾਂ ਦਿੱਤੀਆਂ ਜਾਂਦੀਆਂ ਸਨ। ਵਿਦਿਆਰਥੀ ਇਕ ਜਾਂ ਦੋ ਪੈਸੇ ਪ੍ਰਤੀ ਮਾਸ ਦਿੰਦੇ ਸਨ ਅਤੇ ਇਸ ਤੋਂ ਛੁੱਟ ਇਕ ਰੁਪਿਆ ਜਾਂ ਇਸ ਤੋਂ ਵੱਧ ਕਿਸੇ ਸਮਾਗਮ ਜਾਂ ਘਰ ਵਿੱਚ ਜਦੋਂ ਕੋਈ ਨਵਾਂ ਬੱਚਾ ਜਨਮ ਲੈਂਦਾ ਸੀ ਜਾਂ ਸ਼ਾਦੀ ਦੇ ਸਮੇਂ ਦਿੰਦੇ ਸਨ। ਹਰ ਇਕ ਅਧਿਆਪਕ ਦੀ ਮਾਹਵਾਰ ਆਮਦਨ

2) ਨਕਦੀ ਦੇ ਰੂਪ ਵਿਚ ਅਤੇ ਸਮਾਜਕ ਸਮਾਗਮਾਂ ਸਮੇਂ ਜੋ ਚੜ੍ਹਤਾਂ ਜਾਂ ਜਿਨਸ ਹੁੰਦੀ ਸੀ, ਇਹ ਇਸ ਤੋਂ ਛੁੱਟ ਸੀ।

6. ਅੰਗਰੇਜ਼ੀ ਰਾਜ ਵਲੋਂ ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਕਰਨ ਸਮੇਂ ਵਿੱਦਿਆ ਦਾ ਇਹੋ ਰਿਵਾਜ਼ ਸੀ। ਨਵੇਂ ਪ੍ਰਬੰਧ ਵਿੱਚ ਇਹ ਬਦਲਣਾ ਸ਼ੁਰੂ ਹੋਇਆ। ਅੰਗਰੇਜ਼ਾਂ ਨੇ ਸਾਂਝੇ ਸਕੂਲ ਆਰੰਭ ਕਰਨੇ ਸ਼ੁਰੂ ਕਰ ਦਿੱਤੇ। ਇਹ ਧਰਮ ਦੇ ਭੇਦ ਭਾਵ ਤੋਂ ਰਹਿਤ ਵਰਨੈਕੂਲਰ ਸਕੂਲ ਸਨ, ਜਿਨ੍ਹਾਂ ਵਿੱਚ ਉਰਦੂ ਦੇ ਨਾਲ-ਨਾਲ ਹਿਸਾਬ ਜੁਗਰਾਫੀਆ ਤੇ ਹਿਸਟਰੀ ਪੜ੍ਹਾਈ ਜਾਂਦੀ ਸੀ। ਉਸ ਤੋਂ ਪਹਿਲਾਂ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਵਲੋਂ ਜਿਹੜੇ ਸਕੂਲ ਚਾਲੂ ਕੀਤੇ ਗਏ ਸਨ, ਉਨ੍ਹਾਂ ਵਿੱਚ ਉਰਦੂ ਰਾਹੀਂ ਪੜ੍ਹਾਇਆ ਜਾਂਦਾ ਸੀ, ਇਸ ਲਈ ਅੰਗਰੇਜ਼ਾਂ ਨੇ ਉਰਦੂ ਦੀ ਸਿੱਖਿਆ ਚਾਲੂ ਕੀਤੀ ਅਤੇ ਛੋਟੇ ਪੱਧਰ ਤਕ ਰਾਜ ਪ੍ਰਬੰਧ ਦੀ ਬੋਲੀ ਉਰਦੂ ਨੀਯਤ ਕਰ ਦਿਤੀ । 1887 ਵਿਚ ਲਾਰਡ ਹੇਸਟਿੰਗਜ ਵਲੋਂ ਫਾਰਸੀ ਹੁਕਮਨ ਬੰਦ ਕਰ ਦਿੱਤੀ ਗਈ। ਸਰਕਾਰ ਨੇ ਉੱਚ ਵਿੱਦਿਆ ਲਈ ਅੰਗਰੇਜ਼ੀ ਸਕੂਲਾਂ ਦੀ ਸਥਾਪਨਾ ਕੀਤੀ ਤੇ ਕ੍ਰਿਸਚੀਅਨ ਮਿਸ਼ਨਰੀ ਸੰਸਥਾ ਵਲੋਂ ਮਿਸ਼ਨ ਸਕੂਲਾਂ ਦੀ ਵੀ ਅਸਥਾਪਨਾ ਕੀਤੀ ਗਈ । 1855 ਵਿਚ ਈਸਟ ਇੰਡੀਆ ਕੰਪਨੀ ਦੇ ਡਾਇਰੈਕਟਰਾਂ ਵੱਲੋਂ ਜਿਨ੍ਹਾਂ ਭਾਰਤ ਵਿੱਚ ਸਿੱਖਿਆ ਦੀ ਨਵੀਂ ਪ੍ਰਣਾਲੀ ਚਾਲੂ ਕੀਤੀ ਸੀ, ਉਸ ਨੂੰ ਲਾਹੌਰ ਵਿੱਚ ਵੀ ਚਾਲੂ ਕੀਤਾ ਗਿਆ। ਆਉਣ ਵਾਲੇ ਸਾਲਾਂ ਵਿਚ ਸਰਕਾਰ ਵੱਲੋਂ ਪਬਲਿਕ ਇੰਸਟਰਕਸ਼ਨ ਮਹਿਕਮਾ ਚਾਲੂ ਕੀਤਾ ਗਿਆ ਤੇ ਮੈਥੀਓ ਆਰਨਾਲਡ ਜਿਹਾ ਬਹੁਤ ਉੱਚਾ ਕਵੀ ਤੇ ਅਲੋਚਕ ਸੀ ਦੇ ਤਰ੍ਹਾਂ ਹੀ ਈ.ਬੀ ਆਰਨੋਲਡ ਨੂੰ ਇਸ

ਮਹਿਕਮੇ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ। ਇਸ ਮਹਿਕਮੇ ਨੇ ਹਰ ਜ਼ਿਲ੍ਹੇ ਵਿੱਚ 30 ਇਕ ਧਿਆਪਕੀ ਸਕੂਲ ਚਲਾਣੇ ਅਰੰਭ ਕੀਤੇ ਤੇ ਹਰ ਸਕੂਲ ਦਾ 15 ਰੁਪਏ ਮਾਸਕ ਖਰਚ ਸਥਾਪਤ ਕੀਤਾ ਗਿਆ ਪਰ ਬਹੁਤ ਸਾਰੇ ਹੋਰ ਇਲਾਕੇ ਨੂੰ ਨਾਲ ਲੈਣ ਲਈ ਇਸ ਯੋਜਨਾ ਵਿਚ ਸੰਸ਼ੋਧਨ ਕੀਤਾ ਗਿਆ ਤੇ ਫੈਸਲਾ ਕੀਤਾ ਗਿਆ ਕਿ ਇਨ੍ਹਾਂ ਦੀ ਮਦਦ ਲਈ ਹੋਰ ਸਕੂਲ ਚਾਲੂ ਕੀਤੇ ਜਾਣ, ਜਿਨ੍ਹਾਂ ਨੂੰ 5 ਰੁਪਏ ਹਰ ਇਕ ਨੂੰ ਮਾਸਕ ਦੀ ਗ੍ਰਾਂਟ ਦਿੱਤੀ ਜਾਵੇ ਅਤੇ ਇਸ ਮਹਿਕਮੇ ਨੇ ਤੀਹ ਦੀ ਥਾਂ 90 ਸਕੂਲਾਂ ਦੀ ਸਥਾਪਨਾ ਕਰ ਦਿੱਤੀ।

ਸਰਕਾਰ ਵੱਲੋਂ ਇਸ ਮਸਲੇ ਵਿਚ ਲੋਕਾਂ ਦੀ ਮਦਦ ਬਿਨਾਂ ਵਿਤਕਰੇ ਦੇ ਪ੍ਰਾਪਤ ਕੀਤੀ ਗਈ, ਪਰ ਅਜਿਹੇ ਭੀ ਅਸਥਾਨ ਸਨ, ਜਿੱਥੋਂ ਅਜਿਹੇ ਸਕੂਲਾਂ ਦਾ ਵਿਰੋਧ ਕੀਤਾ ਗਿਆ। ਪੰਜਾਬ ਐਂਡਮਨਸਟਰੇਸ਼ਨ ਰਿਪੋਰਟ 1861-62 ਦੇ ਆਧਾਰ 'ਤੇ ਸੋਢੀ ਸਾਧੂ ਸਿੰਘ ਜੋ ਕਰਤਾਰਪੁਰ ਇਲਾਕੇ ਦੇ ਮੰਨੇ-ਪ੍ਰਮੰਨੇ ਵਿਅਕਤੀ ਸਨ, ਨੇ ਉਸ ਇਲਾਕੇ ਵਿਚ ਸਰਕਾਰੀ ਸਕੂਲ ਸਥਾਪਤ ਕਰਨ ਦੀ ਵਿਰੋਧਤਾ ਕੀਤੀ।

ਬਾਬਾ ਖੇਮ ਸਿੰਘ ਬੇਦੀ, ਜਿਨ੍ਹਾਂ ਦੇ ਖਾਨਦਾਨ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਵੀ ਕੁੱਝ ਸਬੰਧ ਸੀ ਅਤੇ ਜਿਹੜੇ ਸਿੰਘ ਸਭਾ ਦੇ ਬਾਨੀਆਂ ਵਿੱਚੋਂ ਗਿਣੇ ਜਾਂਦੇ ਸਨ, ਸਿੱਖਾਂ ਨੂੰ ਸੰਗਠਤ ਕਰ ਰਹੇ ਹਨ। ਉਨ੍ਹਾਂ ਨੇ ਆਪ ਰਾਵਲਪਿੰਡੀ ਦੇ ਇਲਾਕੇ ਵਿਚ ਲੜਕੀਆਂ ਦੇ ਸਕੂਲ ਦੀ ਸਥਾਪਨਾ ਕਰਨ ਵਿੱਚ ਪਹਿਲ ਕੀਤੀ।

7. ਇੰਡੀਅਨ ਰੀਲੀਜਸ ਸੁਸਾਇਟੀ, ਜਿਨ੍ਹਾਂ ਦੀ ਕ੍ਰਿਸ਼ਚੀਅਨ ਮਿਸ਼ਨ ਵੱਲੋਂ ਸਥਾਪਨਾ ਕੀਤੀ ਗਈ ਸੀ, ਇਹ ਨਵੇਂ ਵਿੱਦਿਅਕ ਅਦਾਰੇ ਖੋਲ੍ਹਣ ਦੀ ਸਰਪ੍ਰਸਤੀ ਨਵੇਂ ਢੰਗ ਨਾਲ ਕਰਨੀ ਸੀ,ਉੱਤਰੀ ਭਾਰਤ ਵਿਚ ਇਸ ਜਾਗਰਤੀ ਵਿੱਚੋਂ ਤਿੰਨ ਵਿਸ਼ੇਸ਼ ਅੰਦੋਲਨਾਂ ਨੇ ਜਨਮ ਲਿਆ ਜਿਨ੍ਹਾਂ ਵਿੱਚੋਂ ਇਕ ਅਲੀਗੜ੍ਹ, ਆਰੀਆ ਸਮਾਜ ਤੇ ਸਿੰਘ ਸਭਾ ਸੀ। ਇਨ੍ਹਾਂ ਨੇ ਪੱਛਮੀ ਵਿੱਦਿਆ ਪ੍ਰਣਾਲੀ ਦਾ ਸਵਾਗਤ ਕੀਤਾ ਤੇ ਆਪਣੇ ਵੱਲੋਂ ਚਲਾਏ ਜਾ ਰਹੇ ਸਕੂਲਾਂ ਵਿੱਚ ਇਸ ਸਿੱਖਿਆ ਨੂੰ ਲਾਗੂ ਕੀਤਾ, ਪਰ ਉਹ ਇਸ ਦੇ ਨਾਲ-ਨਾਲ ਆਪਣੀ ਧਾਰਮਿਕ ਤੇ ਸਮਾਜਿਕ ਸਿੱਖਿਆ ਇਤਨੀ ਸਹੂਲਤ ਵਿੱਚ ਦਿੰਦੇ ਸਨ। ਸੰਸਕ੍ਰਿਤ ਨੂੰ ਸੰਪਰਦਾਇਕ ਲੀਹਾਂ ਉੱਤੇ ਢਾਲਿਆ ਜਾਣ ਲੱਗ ਪਿਆ। ਅਲੀਗੜ੍ਹ ਲਹਿਰ ਨੇ ਮੁਸਲਮਾਨਾਂ ਦੀ ਵੱਖਰੀ ਹੋਂਦ ਤੇ ਉਨ੍ਹਾਂ ਦੇ ਧਾਰਮਿਕ ਹਿੱਤਾਂ ਤੇ ਉਰਦੂ ਦੀ ਤਰੱਕੀ ਲਈ ਕੰਮ ਕੀਤਾ। ਇਸੇ ਤਰ੍ਹਾਂ ਆਰੀਆ ਸਮਾਜ ਨੇ ਵੈਦਿਕ ਧਰਮ ਤੇ ਹਿੰਦੀ ਦਾ ਪ੍ਰਚਾਰ ਕੀਤਾ ਅਤੇ ਸਿੱਖ ਧਰਮ ਤੇ ਪੰਜਾਬੀ ਦੇ ਪ੍ਰਚਾਰ ਦਾ ਬੀੜਾ ਸਿੰਘ ਸਭਾ ਨੇ ਆਪਣੇ ਸਿਰ ਚੁੱਕਿਆ।

ਸਿੰਘ ਸਭਾ ਲਹਿਰ ਦੀ ਉੱਤਪਤੀ ਬੜੇ ਨਾਟਕੀ ਢੰਗ ਨਾਲ ਹੋਈ। 1873 ਵਿੱਚ ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਤੇ ਸੰਤੋਖ ਸਿੰਘ ਨੇ ਈਸਾਈ ਧਰਮ ਗ੍ਰਹਿਣ ਕਰਨ ਦਾ ਵਿਚਾਰ ਬਣਾਇਆ। ਸਿੱਖਾਂ ਨੂੰ ਇਸ ਦਾ ਬੜਾ ਦੁੱਖ ਹੋਇਆ ਤੇ ਉਨ੍ਹਾਂ ਨੇ ਇਸ ਨੂੰ ਰੋਕਣ ਤੇ ਬਾਨ੍ਹਣੂ ਬੰਨ੍ਹਣ ਲਈ ਇਕੱਤਰਤਾ ਸੱਦੀ, ਜਿਹੜੀ ਸ: ਠਾਕਰ ਸਿੰਘ ਸੰਧਾਵਾਲੀਏ ਦੀ ਪ੍ਰਧਾਨਗੀ ਹੇਠ ਹੋਈ ਤੇ ਇਸ ਵਿੱਚ ਉਨ੍ਹਾਂ ਤੋਂ ਛੁੱਟ ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਕਪੂਰਥਲਾ ਤੇ ਗਿਆਨੀ ਗਿਆਨ ਸਿੰਘ ਅੰਮ੍ਰਿਤਸਰ ਨੇ ਹਿੱਸਾ ਲਿਆ।

ਉਨ੍ਹਾਂ ਦੀ ਵਿਚਾਰ ਉਪ੍ਰੰਤ ਸਿੰਘ ਸਭਾ ਸੁਸਾਇਟੀ ਇਕ ਸਭਾ ਬਨਾਉਣ ਦਾ ਫੈਸਲਾ ਕੀਤਾ ਗਿਆ, ਇਸ ਸਭਾ ਦਾ ਮੁੱਖ ਉਦੇਸ਼ ਸਿੱਖ ਧਰਮ ਵਿਚ ਜਾਗਰਤੀ ਤੇ ਆਪਣੇ ਧਰਮ ਵਿੱਚ ਅਧੁਨਿਕ ਪੱਖਾਂ ਅਨੁਸਾਰ ਪ੍ਰਚਾਰ ਕਰਨਾ ਸੀ।

ਸਿੰਘ ਸਭਾ ਬਾਅਦ ਵਿੱਚ ਇਕ ਬਹੁਤ ਮਜ਼ਬੂਤ ਲਹਿਰ ਸਾਬਤ ਹੋਈ ਤੇ ਇਸ ਦਾ ਪ੍ਰਭਾਵ ਸਿੱਖ ਹਿਰਦਿਆਂ ਪਰ ਪਿਆ। ਇਸ ਨੇ ਸਿੱਖ ਧਰਮ ਨੂੰ ਘੋਰ ਪਤਨ ਤੋਂ ਬਚਾਇਆ ਤੇ ਇਸ ਉਨਤੀ ਲਈ ਨਵੇਂ ਹੱਲ ਲੱਭੇ। ਇਸ ਜਾਗਰਤੀ ਦੀ ਸਭਨਾਂ ਵਿੱਚ ਇਕ ਨਵੀਂ ਜੋਤ ਜਗ ਪਈ ਤੇ ਉਹ ਆਪਣੀਆਂ ਰਵਾਇਤਾਂ ਤੇ ਹੋਂਦ ਨੂੰ ਨਿਰਧਾਰਤ ਕਰਨ ਲੱਗ ਪਏ। ਉਨ੍ਹਾਂ ਈਸਾਈਆਂ ਦੀ ਚਿਤਾਵਨੀ ਨੂੰ ਕਬੂਲ ਕੀਤਾ। ਨਤੀਜੇ ਵਜੋਂ ਸਿੱਖਾਂ ਵਿਚ ਨਵੇਂ ਹਾਲਾਤ ਅਨੁਸਾਰ ਵਿੱਦਿਆ ਪ੍ਰਣਾਲੀ ਦਾ ਪ੍ਰਚਾਰ ਹੋਇਆ। ਵਿੱਦਿਆ ਵਿੱਚ ਨਵੀਂ ਤਬਦੀਲੀ ਬਾਕੀ ਧਰਮਾਂ ਵਾਂਗ ਇਸ ਦੀ ਹੋਂਦ ਕਾਇਮ ਰਖਣ ਲਈ ਵੀ ਲਾਜ਼ਮੀ ਸੀ।

9. 1864 ਵਿਚ ਲਾਹੌਰ ਵਿੱਚ ਗੌਰਮਿੰਟ ਕਾਲਜ ਦੀ ਸਥਾਪਨਾ ਕੀਤੀ ਗਈ, ਜਿਸ ਡਾਕਟਰ ਗੋਟਲੋਬ ਵਿਲਹੋਮ ਲੀਟਨਰ, ਜੋ ਕਿ ਜ਼ਮਾਨੇ ਦੇ ਮਸ਼ਹੂਰ ਵਿਦਵਾਨ ਸਨ, ਨੂੰ ਨਿਯੁਕਤ ਕੀਤਾ ਗਿਆ। ਉਸ ਨੇ 21-1-1865 ਨੂੰ ਅੰਜਮਨੇ ਪੰਜਾਬ ਦੀ ਸਥਾਪਨਾ, ਭਾਰਤੀ ਜ਼ਬਾਨਾਂ ਵਿੱਚ ਲਿਟਰੇਚਰ ਨੂੰ ਛਪਵਾਉਣ ਤੇ ਇਨ੍ਹਾਂ ਜ਼ਬਾਨਾਂ ਨੂੰ ਵਿੱਦਿਆ ਦਾ ਮਾਧਿਅਮ ਬਨਾਉਣ ਦੇ ਆਸੇ ਨਾਲ ਕੀਤੀ। ਅੰਜਮਨ ਨੇ ਭਾਸ਼ਾ, ਵਿਗਿਆਨ ਤੇ ਸਮਾਜਕ ਪੱਖਾਂ 'ਤੇ ਵਿਚਾਰ ਕਰਨ ਲਈ ਮੀਟਿੰਗਾਂ ਕੀਤੀਆਂ, ਸਰਕਾਰ ਨੂੰ ਯਾਦ-ਪੱਤਰ ਭੇਜੇ, ਇਕ ਪਬਲਿਕ ਲਾਇਬ੍ਰੇਰੀ ਦੀ ਸਥਾਪਨਾ ਨੀਤੀ, ਹਿੰਦੀ, ਉਰਦੂ ਤੇ ਪੰਜਾਬੀ ਵਿੱਚ ਪੁਸਤਕਾਂ ਦੇ ਤਰਜ਼ਮੇ ਕੀਤੇ। ਇਸ ਨੇ ਇਕ ਓਰੀਐਂਟਲ ਸਕੂਲ ਭੀ ਚਾਲੂ ਕੀਤਾ ਤੇ 1870 ਵਿੱਚ ਪੰਜਾਬ ਯੂਨੀਵਰਸਿਟੀ ਕਾਲਜ ਦਾ ਮੁੱਢ ਬੰਨ੍ਹਿਆ ਜੋ ਕਿ ਪੱਛਮੀ ਵਿਗਿਆਨ ਦੀ ਵਿੱਦਿਆ ਸਥਾਪਨ ਕੀਤੀ ਤੇ ਜਿੱਥੋਂ ਤੱਕ ਹੋ ਸਕੇ ਇਲਾਕਾਈ ਭਾਸ਼ਾ ਵਿੱਚ ਇਹ ਸਿੱਖਿਆ ਦੇਣ ਦਾ ਪ੍ਰੋਗਰਾਮ ਬਣਾਇਆ ਗਿਆ। 14 ਅਕਤੂਬਰ 1882 ਵਿੱਚ ਇਸ ਕਾਲਜ ਨੂੰ ਪੰਜਾਬ ਯੂਨੀਵਰਸਿਟੀ ਵਿੱਚ ਬਦਲ ਦਿੱਤਾ ਗਿਆ। ਪੰਜਾਬ ਆਰੀਆ ਸਮਾਜ ਜਿਸ ਦੀ ਸਥਾਪਨਾ 1877, 24 ਜੂਨ ਵਿਚ ਹੋਈ ਸੀ, ਨੇ ਲਾਹੌਰ ਵਿੱਚ 1886 ਵਿੱਚ ਇਕ ਸਕੂਲ ਆਰੰਭ ਕੀਤਾ, ਜਿਸ ਨੂੰ ਬਾਅਦ ਵਿਚ 1889 ਵਿਚ ਕਾਲਜ ਬਣਾ ਦਿੱਤਾ ਗਿਆ।

ਕਾਲਜ ਦੀ ਸਥਾਪਨਾ ਲਈ ਸਿੱਖ ਧਰਮ ਵਿਚ ਪੱਛਮੀ ਵਿੱਦਿਆ ਤੇ ਅੰਗਰੇਜ਼ੀ ਪੜ੍ਹਾਈ ਦੇ ਨਾਲ-ਨਾਲ ਪੰਜਾਬੀ ਤੇ ਸਿੱਖ ਧਰਮ ਦੀ ਪੜ੍ਹਾਈ ਵੀ ਲਾਗੂ ਕਰਨ ਲਈ ਪੰਥ ਦਾ ਇਕ ਆਦਰਸ਼ ਬਣ ਗਈ। ਸਿੰਘ ਸਭਾਵਾਂ ਦੇ ਸੇਵਕਾਂ ਆਪਣੇ ਇਸ ਸੁਫਨੇ ਨੂੰ ਸਾਕਾਰ ਕਰਨ ਲਈ ਬੜੀਆਂ ਘਾਲਾਂ ਘਾਲੀਆਂ । ਸਰਕਾਰ ਨੇ ਇਸ ਯੋਜਨਾ ਦਾ ਸਮਰਥਨ ਕੀਤਾ। 1890 ਵਿਚ ਖਾਲਸਾ ਕਾਲਜ ਦੀ ਸਥਾਪਨਾ ਲਈ ਇਕ ਕਮੇਟੀ ਡਬਲਯੂ.ਆਰ.ਐਮ ਹਾਰਲਾਇਡ, ਡਾਇਰੈਕਟਰ ਆਫ ਪਬਲਿਕ ਇੰਸਟਰਕਸ਼ਨ ਪੰਜਾਬ ਦੀ ਪ੍ਰਧਾਨਗੀ ਹੇਠ ਕਾਲਜ ਦੀ ਸਥਾਪਤ ਕੀਤੀ ਗਈ ਅਤੇ ਮਿਸ ਡਬਲਯੂ. ਬੋਲ, ਜਿਹੜੇ ਕਿ ਗੌਰਮਿੰਟ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ, ਨੂੰ ਇਸ ਕਮੇਟੀ ਦਾ ਸਕੱਤਰ ਨਿਯਤ ਕੀਤਾ ਗਿਆ। ਮਿਸਟਰ ਫਰੈਡਰਿਕ ਪਿਨਕੋਟ ਜਿਹੜੇ ਲੰਡਨ ਵਿੱਚ ਪੁਰਾਣੇ ਸਾਹਿਤ ਦੇ ਮਸ਼ਹੂਰ ਵਿਅਕਤੀ ਸਨ, ਨੇ ਇਸ ਕਾਲਜ ਦੀ ਸਥਾਪਨਾ ਲਈ ਇੰਗਲੈਂਡ ਵਿੱਚ ਸਰਪ੍ਰਸਤੀ ਕੀਤੀ। 121 ਮੈਂਬਰਾਂ 'ਤੇ ਆਧਾਰਤ ਕਮੇਟੀ ਵਿੱਚ ਸ: ਅਤਰ ਸਿੰਘ, ਸ: ਗੁਰਦਿਆਲ ਸਿੰਘ ਆਫ ਨਾਭਾ ਦੀਵਾਨ, ਗੁਰਮੁੱਖ ਸਿੰਘ ਆਫ ਪਟਿਆਲਾ, ਭਾਈ ਕਾਹਨ ਸਿੰਘ ਨਾਭਾ, ਪ੍ਰੋ. ਗੁਰਮੁਖ ਸਿੰਘ ਅਤੇ ਭਾਈ ਜਵਾਹਰ ਸਿੰਘ ਸਨ। ਇਸ ਕਮੇਟੀ ਨੇ ਖਾਸ ਤੌਰ 'ਤੇ ਸਿੱਖ ਰਾਜਿਆਂ ਦੀ ਸਹਾਇਤਾ ਵੀ ਪ੍ਰਾਪਤ ਕਰਨੀ ਚਾਹੀ। 7 ਸਤੰਬਰ 1890 ਨੂੰ ਇਸ ਕਾਰਜ ਲਈ ਇਕ ਡੈਪੂਟੇਸ਼ਨ ਮਹਾਰਾਜਾ ਪਟਿਆਲਾ ਨੂੰ ਮਿਲਿਆ। ਮਹਾਰਾਜਾ ਸਾਹਿਬ ਨੂੰ, ਜੋ ਐਡਰੈੱਸ ਦਿੱਤਾ ਗਿਆ, ਉਸ ਵਿੱਚ ਕਿਹਾ ਗਿਆ :

"ਇਸ ਅਮਨ ਦੇ ਸਮੇਂ, ਸਿੱਖ ਜਾਂ ਤਾਂ ਜ਼ਿਮੀਂਦਾਰ ਹਨ ਜਾਂ ਮਿਹਨਤੀ ਹਨ ਜਿਹੜੇ ਬਹੁਤਾਤ ਵਿਚ ਗਰੀਬ ਹਨ ਅਤੇ ਇਹ ਪੱਛਮੀ ਵਿੱਦਿਆ ਦੀ ਰੌਸ਼ਨੀ ਉਨ੍ਹਾਂ ਨੂੰ ਉਨ੍ਹਾਂ ਦੇ ਪਛੜੇ ਪਿੰਡਾਂ ਵਿੱਚ ਪਹੁੰਚਣੀ ਕਠਿਨ ਹੈ, ਇਹ ਨਿਕੰਮੇ ਹੋ ਰਹੇ ਹਨ, ਉਨ੍ਹਾਂ ਵਿੱਚ ਵੱਖਰੇ ਹੋਣ ਦੀ ਭਾਵਨਾ ਤੰਗ ਕਰ ਰਹੀ ਹੈ । ਸਿੱਖ ਧਰਮ ਦਾ ਉਦੇਸ਼ ਜਿਹੜਾ ਗੁਰੂ ਨਾਨਕ ਤੇ ਬਾਕੀ ਗੁਰੂ ਸਾਹਿਬਾਨ ਦੀ ਸਿੱਖਿਆ ਹੈ, ਉਨ੍ਹਾਂ ਨੇ ਗ੍ਰਹਿਣ ਕੀਤਾ ਸੀ ਦੀ ਅਣਹੋਂਦ ਭਾਸ ਰਹੀ ਹੈ ਇਸ ਤੋਂ ਵੱਧ ਕੇ ਜਿਹੜੇ ਸਿੱਖ ਵਿਦਿਆਰਥੀ ਹੁਣ ਕਾਲਜਾਂ ਵਿੱਚ ਵਿੱਦਿਆ ਪ੍ਰਾਪਤ ਕਰ ਰਹੇ ਹਨ ਉਨ੍ਹਾਂ ਵਿੱਚੋਂ ਸਿੱਖ ਧਰਮ ਤੇ ਸੰਸਕ੍ਰਿਤਕ ਰੀਤਾਂ ਦਾ

ਅਭਾਵ ਨਜ਼ਰ ਆ ਰਿਹਾ ਹੈ। ਉਨ੍ਹਾਂ ਨੂੰ ਚਾਹੀਦਾ ਸੀ ਕਿ ਉਹ ਆਪਣੇ ਧਰਮ ਭਰਾਵਾਂ ਦੀ ਰਹਿਨੁਮਾਈ ਕਰਦੇ ਤੇ ਉਨ੍ਹਾਂ ਨੂੰ ਸਿਖਿਅਤ ਕਰਨ ਲਈ ਨਵੀਆਂ ਯੋਜਨਾ ਬਣਾਉਂਦੇ।''

''ਰਾਜ ਦੇ ਵਿੱਦਿਅਕ ਅਦਾਰੇ ਲੋਕਾਂ ਨੂੰ ਖੁਸ਼ੀ ਪ੍ਰਦਾਨ ਕਰਨ ਦੇ ਨਾਲ-ਨਾਲ ਇਹ ਬਾਦਸ਼ਾਹ ਵਲੋਂ ਯੋਗ ਤੇ ਪ੍ਰਤੀਨਿਧ ਮਜ਼ਮੂਨ ਨੀਯਤ ਕੀਤੇ ਗਏ ਹਨ ਅਤੇ ਇਹ ਦੱਸਦੇ ਹਨ ਕਿ ਹਿੰਦੂ ਤੇ ਮੁਸਲਮਾਨ ਸਰਕਾਰੀ ਨੌਕਰੀਆਂ ਕਚਹਿਰੀਆਂ ਤੇ ਹੋਰ ਅਦਾਰਿਆਂ ਵਿੱਚ ਦਬਾਦਬ ਭਰਤੀ ਹੋਈ ਜਾ ਰਹੇ ਹਨ। ਸਿੱਖਾਂ ਨੇ ਕਿਉਂਕਿ ਇਸ ਤਾਕਤ ਦੀ ਪੂਰੀ ਤਰ੍ਹਾਂ ਵਰਤੋਂ ਨਹੀਂ ਕੀਤੀ, ਇਸ ਲਈ ਉਹ ਇਸ ਦਾ ਪੂਰੀ ਤਰ੍ਹਾਂ ਲਾਭ ਨਹੀਂ ਪ੍ਰਾਪਤ ਕਰ ਸਕੇ। ਸਿੱਖਾਂ ਦੇ ਬੱਚੇ ਸਕੂਲਾਂ ਤੇ ਕਾਲਜਾਂ ਵਿੱਚ ਵਿੱਦਿਆ ਪ੍ਰਾਪਤ ਕਰਨ ਦੀ ਲਾਲਸਾ ਤਾਂ ਰੱਖਦੇ ਹਨ, ਪਰੰਤੂ ਦੂਰ ਹੋਣ ਦੇ ਕਾਰਨ ਅਤੇ ਗਰੀਬੀ ਦੇ ਕਾਰਨ ਉਹ ਆਪਣੀਆਂ ਇੱਛਾਵਾਂ ਦੀ ਪੂਰਤੀ ਨਹੀਂ ਕਰ ਸਕਦੇ ਤੇ ਉੱਚ ਵਿੱਦਿਆ ਪ੍ਰਾਪਤੀ ਲਈ ਉਹ ਸਕੂਲਾਂ ਤੇ ਕਾਲਜਾਂ ਵਿਚ ਦਾਖਲ ਨਹੀਂ ਹੋ ਸਕਦੇ ਅਤੇ ਨਾ ਹੀ ਉਹ ਆਪਣੀ ਸਿਆਣਪ ਦਿਆਨਤਦਾਰੀ ਤੇ ਹੋਰ ਮਾਇਆ ਦੇ ਪੱਖ ਤੋਂ ਕਿਸੇ ਪ੍ਰਕਾਰ ਅੱਗੇ ਵੱਧ ਸਕਦੇ ਹਨ। ਇਹੋ ਹੀ ਕਾਰਨ ਹੈ ਕਿ ਪੜ੍ਹਿਆਂ-ਲਿਖਿਆਂ ਵਿੱਚ ਬਹੁਤ ਪਛੜੀ ਹੋਈ ਅਤੇ ਇਨ੍ਹਾਂ ਨੂੰ ਰਾਜ ਪ੍ਰਬੰਧ ਵਿੱਚ ਉੱਚੀਆਂ ਨੌਕਰੀਆਂ ਦੀ ਭੀ ਪ੍ਰਾਪਤੀ ਨਹੀਂ ਹੁੰਦੀ। ਸਿੱਖ ਜਿਹੜੇ ਅੰਗਰੇਜ਼ ਸਰਕਾਰ ਦੀ ਫੌਜ ਵਿਚ ਸੇਵਾ ਕਰ ਰਹੇ ਹਨ, ਉਹ ਆਪਣੇ ਬੱਚਿਆਂ ਨੂੰ ਪਿੰਡਾਂ ਵਿੱਚ ਛੱਡ ਜਾਂਦੇ ਹਨ ਜਿਹੜੇ ਸੱਭਿਅਤਾ ਤੋਂ ਬਹੁਤ ਦੂਰ ਹਨ। ਉਨ੍ਹਾਂ ਨੂੰ ਦੂਸਰੀਆਂ ਕੌਮਾਂ ਦੇ ਵਿਕਾਸ ਦੀ ਲਹਿਰ ਨਾਲ ਮਿਲਾਉਣ ਦੀ ਲੋੜ ਹੈ। ਇਸ ਤੋਂ ਛੁੱਟ ਜਿਹੜੀ ਸਾਨੂੰ ਸਕੂਲਾਂ ਵਿੱਚ ਵਿੱਦਿਆ ਦਿੱਤੀ ਜਾ ਰਹੀ ਹੈ, ਉਹ ਸਿੱਖ ਬੱਚਿਆਂ ਵਿਚ ਉਨ੍ਹਾਂ ਦੇ ਚਰਿੱਤਰ ਦੀ ਉਸਾਰੀ ਨਹੀਂ ਕਰਦੀ ਅਤੇ ਨਾ ਹੀ ਉਨ੍ਹਾਂ ਦੇ ਮਨਾਂ ਉੱਤੇ ਜਾਂ ਕਰਨੀਆਂ ਉੱਤੇ ਕਿਸੇ ਪ੍ਰਕਾਰ ਦੀ ਰੋਕ-ਟੋਕ ਲਾਈ ਜਾ ਸਕਦੀ ਹੈ। ਇਸ ਲਈ ਉਨ੍ਹਾਂ ਵਿੱਚ ਉੱਚੇ ਗੁਣਾਂ ਦੀ ਅਣਹੋਂਦ ਆ ਗਈ ਹੈ ਅਤੇ ਉਨ੍ਹਾਂ ਨੂੰ ਉੱਚੀਆਂ ਪਦਵੀਆਂ, ਜਾਤੀ ਅਭਿਮਾਨ ਦੀ ਭਾਵਨਾ ਉਨ੍ਹਾਂ ਵਿੱਚ ਉਜਾਗਰ ਨਹੀਂ ਹੁੰਦੀ ਅਤੇ ਉਨ੍ਹਾਂ ਨੂੰ ਆਪਣੇ ਵਾਤਾਵਰਨ ਵਿੱਚ ਹੀ ਰਹਿਣ ਉੱਤੇ ਮਜਬੂਰ ਹੋਣਾ ਪੈਂਦਾ ਹੈ।

ਸਿੱਖਾਂ ਦੀ ਦਸ਼ਾ ਨੂੰ ਸੁਧਾਰਨ ਲਈ ਅਤੇ ਇਸ ਦੀ ਭਲਾਈ ਲਈ ਕੋਈ ਪ੍ਰੋਗਰਾਮ ਉਲੀਕਣ ਅਤੇ ਉਨ੍ਹਾਂ ਦੀਆਂ ਮੌਜੂਦਾ ਮੁਸ਼ਕਲਾਂ ਜਿਨ੍ਹਾਂ ਵਿੱਚ ਉਹ ਫਸੇ ਹੋਏ ਹਨ, ਨੂੰ ਦੂਰ ਕਰਨ ਲਈ ਖਾਲਸਾ ਦੀਵਾਨ ਨੇ ਕੁਝ ਸਮਾਂ ਹੋਇਆ ਵਿਚਾਰ ਕਰਨੀ ਆਰੰਭ ਕੀਤੀ ਸੀ, ਜਿਸ ਨਾਲ ਸਕੂਲ ਵੀ ਸਬੰਧਤ ਹੋਣ ਤਾਂ ਇਸ ਨੂੰ ਅਜਿਹੇ ਤਰੀਕੇ ਨਾਲ ਵਿਉਂਤਬੰਦ ਕੀਤਾ ਜਾਵੇ ਤਾਂ ਸਾਰੀ ਹੀ ਕੌਮ ਇਸ ਵਿਉਂਤਬੰਦੀ ਤੋਂ ਲਾਭ ਉਠਾ ਸਕੇ। ਇਸ ਕੇਂਦਰੀ ਸਿੱਖ ਵਿੱਦਿਅਕ ਅਦਾਰੇ ਵਿਚ ਹਰ ਜਾਤੀ ਦੇ ਸਿੱਖ ਬੱਚੇ ਵਿੱਦਿਆ ਪ੍ਰਾਪਤ ਕਰ ਸਕਣਗੇ ਅਤੇ ਉਹ ਬੱਚੇ ਭੀ ਜਿਨ੍ਹਾਂ ਨੂੰ ਲੋਕਲ ਬਾਡੀਆਂ ਜਾਂ ਸਰਕਾਰ ਵੱਲੋਂ ਵਜ਼ੀਫੇ ਮਿਲਣਗੇ ਅਤੇ ਉਹ ਵਜ਼ੀਫੇ ਨਾਲ ਕੰਮ ਜਾਰੀ ਰੱਖਣ ਲਈ ਸਹਾਇਤਾ ਮਿਲ ਸਕੇਗੀ।'' ਮਹਾਰਾਜਾ ਸਾਹਿਬ ਨੇ ਇਸ ਵਿਚਾਰ ਨਾਲ ਸਹਾਨੁਭੂਤੀ ਪ੍ਰਗਟਾਈ ਅਤੇ ਅਤੇ ਭਾਰੀ ਮਦਦ ਦੇਣ ਦੇ ਨਾਲ-ਨਾਲ ਇਸ ਕਾਰਜ ਦੀ ਸਰਪ੍ਰਸਤੀ ਕਰਨੀ ਪ੍ਰਵਾਨ ਕਰ ਲਈ। ਇਸ ਤਰ੍ਹਾਂ ਦੀ ਇਹ ਕਮੇਟੀ 26 ਦਸੰਬਰ 1890 ਨੂੰ ਮਹਾਰਾਜਾ ਨਾਭਾ ਨੂੰ ਭੀ ਮਿਲੀ ਅਤੇ 21 ਜਨਵਰੀ 1891 ਵਿੱਚ ਮਹਾਰਾਜਾ ਕਪੂਰਥਲਾ ਨੂੰ ਮਿਲੀ।

ਇਸ ਕਮੇਟੀ ਨੂੰ ਖਾਲਸਾ ਦੀਵਾਨ ਲਾਹੌਰ ਤੇ ਖਾਲਸਾ ਦੀਵਾਨ ਅੰਮ੍ਰਿਤਸਰ ਦੇ ਆਪਣੇ ਵਿਰੋਧ ਕਾਰਨ ਧੱਕਾ ਵੀ ਲੱਗਾ ਕਿਉਂਕਿ ਉਨ੍ਹਾਂ ਵਿੱਚ ਇਸ ਕਾਲਜ ਦੀ ਸਥਾਪਨਾ ਦੇ ਸਥਾਨ ਸਬੰਧੀ ਵਿਰੋਧ ਸੀ। ਲਾਹੌਰ ਵਾਲੇ ਇਹ ਕਾਲਜ ਲਾਹੌਰ ਵਿਖੇ ਸਥਾਪਤ ਕਰਨਾ ਚਾਹੁੰਦੇ ਸਨ ਤੇ ਅੰਮ੍ਰਿਤਸਰ ਵਾਲੇ ਅੰਮ੍ਰਿਤਸਰ ਵਿਖੇ। ਇਹ ਦਲੀਲਬਾਜ਼ੀ ਬਹੁਤ ਤਿੱਖਾ ਰੂਪ ਧਾਰਨ ਕਰ ਗਈ ਤੇ ਇਸ ਮਾਮਲੇ ਨੂੰ ਲੰਮਾ ਪਾ ਦਿੱਤਾ। ਪਰ ਇਹ ਲਿਖਤ ਰੂਪ ਵਿੱਚ ਹੋ ਕੇ ਅੰਮ੍ਰਿਤਸਰ ਦੇ ਹਾਮੀਆਂ ਨੇ ਇਸ ਕਾਲਜ ਦੀ ਸਥਾਪਨਾ ਕਮੇਟੀ ਸਾਹਮਣੇ ਆਪਣੇ ਵਿਚਾਰ ਦਾ ਪ੍ਰਗਟਾ ਕੀਤਾ, ਜਿਹੜੀ ਕਿ 2000 ਫੁੱਟ ਲੰਮੀ ਸੀ ਅਤੇ ਜਿਸ ਤੇ 46698 ਵਿਅਕਤੀਆਂ ਦੇ ਦਸਤਖਤ ਸਨ। ਇਹ ਸਵਾਲ ਲੈਫਟੀਨੈਂਟ ਗਵਰਨਰ ਪੰਜਾਬ, ਸਰ ਜੇਮ ਲਾਇਲ, ਜਿਹੜੇ ਲਾਹੌਰ ਨਾਲੋਂ ਅੰਮ੍ਰਿਤਸਰ ਨੂੰ ਤਰਜੀਹ ਦਿੰਦੇ ਸਨ, ਉਨ੍ਹਾਂ ਪਰ ਛੱਡ ਦਿੱਤਾ ਗਿਆ। ਇਸ ਦੀ ਅਸਲ ਥਾਂ ਨਿਰਧਾਰਤ ਕਰਨ ਤੋਂ ਪਹਿਲਾਂ ਇਹ ਖਿਆਲ ਮਨ ਵਿੱਚ ਰੱਖਿਆ ਗਿਆ ਕਿ ਇਸ ਕਾਲਜ ਨੂੰ ਸ਼ਹਿਰ ਦੀਆਂ ਗੰਦੀਆਂ ਆਦਤਾਂ ਤੇ ਪ੍ਰਭਾਵ ਤੋਂ ਹੀ ਦੂਰ ਰੱਖਣਾ ਚਾਹੀਦਾ ਹੈ। ਲੈ: ਗਵਰਨਰ ਦਾ ਇਹ ਵਿਚਾਰ ਸੀ ਕਿ ਇਸ ਕਾਲਜ ਨੂੰ ਸ਼ਹਿਰ ਦੇ ਏਨਾ ਨੇੜੇ ਰੱਖਿਆ ਜਾਵੇ ਕਿ ਇਸ ਵਿੱਚ ਕਦੀ-ਕਦੀ ਸਿੱਖ ਮਹਾਰਾਜੇ ਅਤੇ ਹੋਰ ਵਿਅਕਤੀ ਜਿਹੜੇ ਇਸ ਦੀ ਭਲਾਈ ਚਾਹੁੰਦੇ ਹੋਣ, ਇਸ ਵਿੱਚ ਆ ਜਾ ਸਕਣ।

ਸਰ ਜੇਮਜ਼ ਦੀ ਇਸ ਦਲੀਲ ਨੂੰ ਸਭ ਨੇ ਮੰਨ ਲਿਆ ਤੇ ਉਸ ਨੇ ਖ਼ਾਲਸਾ ਕਾਲਜ ਦਾ ਨੀਂਹ ਪੱਥਰ 1892 ਵਿੱਚ ਰੱਖਿਆ। ਪੜ੍ਹਾਈ 22 ਅਕਤੂਬਰ 1893 ਵਿੱਚ ਆਰੰਭ ਹੋਈ। ਇਹ ਸਭ ਕੁਝ ਉਦਘਾਟਨੀ ਭਾਸ਼ਨ ਵਿੱਚ ਇਉਂ ਪ੍ਰਗਟ ਕੀਤਾ ਗਿਆ ਹੈ :

"ਖਾਲਸਾ ਕਾਲਜ ਹਾਲ ਗੇਟ ਅੰਮ੍ਰਿਤਸਰ ਦੇ ਨੇੜੇ ਪੰਡਿਤ ਬਿਹਾਰੀ ਲਾਲ ਦੇ ਘਰ ਵਿਚ 22 ਅਕਤੂਬਰ ਨੂੰ ਅੰਮ੍ਰਿਤਸਰ ਵਿਖੇ ਆਰੰਭ ਕੀਤਾ ਗਿਆ। ਇਸ ਨੂੰ ਆਰੰਭ ਕਰਨ ਲਈ ਧਾਰਮਕ ਦੀਵਾਨ ਬੜੇ ਉਤਸ਼ਾਹ ਨਾਲ ਇਕ ਦਿਨ ਪਹਿਲਾਂ ਸਕੂਲ ਦੇ ਚੌੜੇ ਹਾਲ ਵਿੱਚ ਸਜਾਇਆ ਗਿਆ। ਸਿਆਣੇ ਸੰਗੀਤਕਾਰਾਂ ਵਲੋਂ ਆਸਾ ਦੀ ਵਾਰ ਦਾ ਕੀਰਤਨ ਤੇ ਹੋਰ ਸ਼ਬਦ ਗਾਇਨ ਕੀਤੇ ਗਏ ਤੇ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਾਏ ਗਏ। ਇਸ ਇਕੱਠ ਵਿੱਚ ਇਲਾਕੇ ਦੀਆਂ ਸੰਗਤਾਂ ਭਾਰੀ ਮਾਤਰਾ ਵਿੱਚ ਪੁੱਜੀਆਂ ਤੇ ਉਨ੍ਹਾਂ ਨੇ ਅਰਦਾਸੇ ਵਿੱਚ ਹਿੱਸਾ ਲਿਆ ਤੇ ਇਸ ਵਿੱਦਿਅਕ ਅਦਾਰੇ ਦੀ ਸਫਲਤਾ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ । ਇਸ ਤੋਂ ਉਪਰੰਤ ਇਕ ਜਲੂਸ ਨਿਕਾਲਿਆ ਤੇ ਸਾਰੀ ਸੰਗਤ ਜਿਨ੍ਹਾਂ ਵਿਚ ਇਕ ਹਜ਼ਾਰ ਦੇ ਕਰੀਬ ਵਿਸ਼ੇਸ਼ ਵਿਅਕਤੀ ਸਨ, ਸ਼ਬਦ ਉਚਾਰਦੇ ਹੋਏ ਟਾਊਨ ਹਾਲ ਵੱਲ ਆਏ, ਜਿੱਥੇ ਪਹਿਲਾਂ ਹੀ ਦੀਵਾਨ ਕਰਨਾ ਨੀਯਤ ਹੋਇਆ ਸੀ। ਵੱਡਾ ਹਾਲ ਖਚਾਖਚ ਭਰਿਆ ਹੋਇਆ ਸੀ ਤੇ ਬਹੁਤ ਸਾਰੀ ਦੁਨੀਆਂ ਬਰਾਂਡਿਆਂ ਵਿੱਚ ਬਾਹਰ ਸੜਕਾਂ 'ਤੇ ਖੜ੍ਹੀ ਸੀ।

ਇਨ੍ਹਾਂ ਵਿੱਚ ਸ. ਅਤਰ ਸਿੰਘ ਕੇ.ਸੀ.ਆਈ.ਈ., ਰਈਸ ਆਫ ਭਦੌੜ, ਬਘੇਲ ਸਿੰਘ ਜਗੀਰਦਾਰ, ਸ: ਮੂਲ ਸਿੰਘ ਬਟਾਲਾ, ਸ: ਹੀਰਾ ਸਿੰਘ ਅਜਮੇਰ, ਸ: ਸੁੰਦਰ ਸਿੰਘ ਮਜੀਠਾ, ਮੈਸਰਜ ਵਾਰਬਰਟਨ ਐਂਡ ਨਿਕਲ, ਭਾਈ ਗੁਰਦਿੱਤ ਸਿੰਘ ਰਈਸ ਆਫ ਲਾਹੌਰ, ਸ: ਮੇਜਰ ਸਿੰਘ ਛਾਛੀ, ਸ: ਦਿਆਲ ਸਿੰਘ ਛਾਛੀ, ਸ: ਖੁਸਹਾਲ ਸਿੰਘ ਐਕਸਟਰਾ ਅਸਿਸਟੈਂਟ ਕਮਿਸਨਰ, ਸ: ਗੁਲਜ਼ਾਰ ਸਿੰਘ ਕਾਲਿਆਂਵਾਲਾ, ਕਰਨਲ ਜਵਾਲਾ ਸਿੰਘ ਕਪੂਰਥਲਾ, ਸ: ਭਜਨ ਸਿੰਘ ਚਾਹਲ, ਰਾਏ ਬਹਾਦਰ ਭਾਈ ਮੀਂਹਾ ਸਿੰਘ ਆਨਰੇਰੀ ਮੈਜਿਸਟਰੇਟ, ਰਾਏ ਗੋਪਾਲ ਦਾਸ ਆਫ ਲਾਹੌਰ,ਲਾਲਾ ਗਾਗਰ ਮੱਲ, ਕਰਮ ਚੰਦ ਤੇ ਈਸ਼ਰ ਦਾਸ ਆਫ ਅੰਮ੍ਰਿਤਸਰ, ਸਰਦਾਰ ਸ਼ੇਰ ਅਹਿਮਦ, ਮੀਆਂ ਇਮਾਮ ਦੀਨ, ਪੀਰਜਾਦਾ ਮੁਹੰਮਦ ਹੁਸੈਨ ਅਤੇ ਖਾਜਾ ਯੂਸ਼ਫ ਸਾਹ,ਭਾਈ ਭਗਤ ਸਿੰਘ ਤੇ ਹੀਰਾ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ, ਭਾਈ ਗੁਰਮੁਖ ਸਿੰਘ, ਜਵਾਹਰ ਸਿੰਘ, ਮਈਆ ਸਿੰਘ, ਦਿੱਤ ਸਿੰਘ ਤੇ ਹਰਭਗਤ ਸਿੰਘ ਆਫ ਲਾਹੌਰ, ਭਾਈ ਸੰਤ ਸਿੰਘ, ਨੰਦ ਸਿੰਘ, ਈਸ਼ਰ ਸਿੰਘ, ਹਰਨਾਮ ਸਿੰਘ ਤੇ ਗੋਪਾਲ ਸਿੰਘ ਆਫ ਅੰਮ੍ਰਿਤਸਰ। ਜ਼ਿਲ੍ਹਾ ਸੁਪਰਡੰਟ ਆਫ ਪੁਲੀਸ ਪ੍ਰਿੰਸੀਪਲ ਐਮ.ਬੀ. ਕਾਲਜ ਅੰਮ੍ਰਿਤਸਰ, ਆਨਰੇਰੀ ਮੈਜਿਸਟਰੇਟਸ, ਸਿਵਲ ਜੁਡੀਸ਼ਲ ਤੇ ਮੈਡੀਕਲ ਆਫੀਸਰ, ਵਕੀਲ, ਬੈਂਕਰਜ ਤੇ ਵੱਖ-ਵੱਖ ਸਭਾਵਾਂ ਦੇ ਸਕੱਤਰ ਤੇ ਪ੍ਰਧਾਨ ਸਿੰਘ ਸਭਾ ਅੰਬਾਲਾ, ਲੁਧਿਆਣਾ, ਜਲੰਧਰ, ਲਾਹੌਰ, ਗੁਜਰਾਂ ਵਾਲਾ, ਵਜ਼ੀਰਾਬਾਦ, ਰਾਵਲਪਿੰਡੀ, ਫਿਰੋਜ਼ਪੁਰ ਤੇ ਹੋਰ ਜ਼ਿਲ੍ਹਿਆਂ ਦੇ ਨੁਮਾਇੰਦੇ, ਖਾਲਸਾ ਦੀਵਾਨ ਦੇ ਅਹੁਦੇਦਾਰ ਤੇ ਅਖਬਾਰਾਂ ਦੇ ਪ੍ਰਤੀਨਿਧਾਂ ਦੇ ਨਾਲ ਸ਼ਾਮਿਲ ਹੋਏ।''

ਮਿਸਟਰ ਡਬਲਯੂ ਬੈਲ ਪ੍ਰਿੰਸੀਪਲ ਗੌਰਮਿੰਟ ਕਾਲਜ ਲਾਹੌਰ ਜਦੋਂ ਸਵੇਰੇ ਸਾਢੇ ਨੌਂ ਵਜੇ ਆਪਣੀ ਬੱਘੀ ਵਿੱਚੋਂ ਉੱਤਰੇ ਤਾਂ ਉਨ੍ਹਾਂ ਦੀ ਆਮਦ ਵਿੱਚ ਕੌਮੀ ਧੁਨ ਵਜਾਈ ਗਈ। ਜਦੋਂ ਇਹ ਹਾਲ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਦਾ ਸੁਆਗਤ ਜ਼ੋਰਦਾਰ ਤਾਲੀਆਂ ਨਾਲ ਕੀਤਾ ਗਿਆ। ਸ: ਅਤਰ ਸਿੰਘ ਕੇ.ਸੀ.ਆਈ.ਜੀ. ਵਾਈਸ ਪ੍ਰੈਜ਼ੀਡੈਂਟ ਖਾਲਸਾ ਕਾਲਜ ਕੌਂਸਲ ਤੇ ਸ: ਮੂਲ ਸਿੰਘ ਅਸਿਸਟੈਂਟ ਕਮਿਸ਼ਨਰ ਨੇ ਮਿਸਟਰ ਬੈਲ ਦਾ ਨਾਮ ਪ੍ਰਧਾਨ ਲਈ ਨੀਯਤ ਕੀਤਾ ਤੇ ਦੂਜਿਆਂ ਨੇ ਇਸ ਦੀ ਤਾਈਦ ਕੀਤੀ, ਜੈਕਾਰਿਆਂ ਦੀ ਗੂੰਜ ਵਿੱਚ ਮਿਸਟਰ ਬੈੱਲ ਨੇ ਖਾਲਸਾ ਕਾਲਜ ਕੌਂਸਲ ਤੇ ਹੋਰ ਜਿਹੜੇ ਪ੍ਰਤਿਸ਼ਟ ਸੱਜਣ ਉੱਥੇ ਹਾਜ਼ਰ ਸਨ, ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੇ ਭਾਈ ਜਵਾਹਰ ਸਿੰਘ ਸਕੱਤਰ ਖਾਲਸਾ ਕਾਲਜ ਕੌਂਸਲ ਨੂੰ ਕਿਹਾ ਕਿ ਉਹ ਖਾਲਸਾ ਕਾਲਜ ਅੰਦੋਲਨ ਦੇ ਇਤਿਹਾਸ 'ਤੇ ਰੌਸ਼ਨੀ ਪਾਉਣ।

ਜਲਦੀ ਹੀ ਖਾਲਸਾ ਕਾਲਜ ਔਂਕੜਾਂ ਵਿੱਚ ਫਸ ਗਿਆ। ਲਾਰਡ ਕਰਜਨ ਜਿਹੜੇ ਕਿ ਉਸ ਸਮੇਂ ਭਾਰਤ ਦੇ ਵਾਇਸਰਾਏ ਤੇ ਖਾਲਸਾ ਕਾਲਜ ਦੇ ਸਰਪਰਸਤਾਂ ਵਿੱਚੋਂ ਸਨ, ਨੇ ਆਪ ਸਿੱਖ ਰਾਜਿਆਂ ਮਹਾਰਾਜਿਆਂ ਕੋਲ ਜਾ ਕੇ ਇਸ ਕਾਲਜ ਦੀ ਮਦਦ ਲਈ ਪ੍ਰੇਰਨਾ ਕੀਤੀ । ਖਾਲਸਾ ਕਾਲਜ ਵਿਚ 12 ਅਪ੍ਰੈਲ 1904 ਨੂੰ ਬਹੁਤ ਵੱਡਾ ਦੀਵਾਨ ਕੀਤਾ ਗਿਆ। ਇਸ ਵਿੱਚ ਸਿੱਖ ਧਨਵਾਨਾਂ ਦੇ ਨਾਲ-ਨਾਲ ਸਿੰਘ ਸਭਾਵਾਂ ਦੇ ਨੁਮਾਇੰਦੇ ਪ੍ਰਧਾਨ ਤੇ ਸਕੱਤਰ ਸ਼ਾਮਿਲ ਹੋਏ। ਮਹਾਰਾਜਾ ਹੀਰਾ ਸਿੰਘ ਨਾਭਾ ਨੇ ਇਸ ਦੀਵਾਨ ਦੀ ਪ੍ਰਧਾਨਗੀ ਕੀਤੀ। ਇਸ ਦੀਵਾਨ ਦੀ ਸਮਾਪਤੀ ਉੱਤੇ ਸਭ ਤੋਂ ਵੱਡੀ ਘਟਨਾ ਇਹ ਵਾਪਰੀ ਕਿ ਸ: ਸੁੰਦਰ ਸਿੰਘ ਮਜੀਠੀਆ ਖੜ੍ਹੇ ਹੋ ਗਏ ਤੇ ਇਨ੍ਹਾਂ ਆਪਣੇ ਚੋਗੇ ਦੇ ਪਲੜਾ ਚੁੱਕ ਕੇ ਮਹਾਰਾਜਿਆਂ ਦੇ ਅੱਗੇ ਦਾਨ ਮੰਗਣ ਲਈ ਬੇਨਤੀ ਕੀਤੀ। ਪਹਿਲਾਂ ਹੀ ਮਹਾਰਾਜਿਆਂ ਵੱਲੋਂ ਉਨ੍ਹਾਂ ਦੇ ਵਜ਼ੀਰਾਂ ਵੱਲੋਂ ਅੱਗੇ ਦਾਨ ਪੁੱਜ ਰਿਹਾ ਸੀ। ਉਸ ਸਮੇਂ ਇਕ ਮਤਾ ਪਾਸ ਕੀਤਾ ਗਿਆ ਕਿ ਜਿਹੜੇ ਸਿੱਖ ਕਿਸਾਨ ਵਾਹੀਆਂ ਕਰਦੇ ਹਨ, ਰੁਪਏ ਪਿੱਛੇ 6 ਪਾਈਆਂ ਇਸ ਕਾਲਜ ਨੂੰ ਦਾਨ ਵਜੋਂ ਦੇਣ। ਇਹ ਮਤਾ ਸਤਿ ਸ੍ਰੀ ਅਕਾਲ ਦੀ ਅਕਾਸ਼ ਗੂੰਜਾਊ ਧੁੰਨ ਵਿੱਚ ਪਾਸ ਕਰ ਦਿੱਤਾ ਗਿਆ।

ਇਸ ਕਾਨਫ਼ਰੰਸ ਨੇ ਖਾਲਸਾ ਕਾਲਜ ਨੂੰ ਕੇਵਲ ਗਾਰ ਵਿੱਚੋਂ ਹੀ ਨਾ ਕੱਢਿਆ, ਸਗੋਂ ਇਸ ਦੀ ਕਾਇਆ-ਕਲਪ ਕਰ ਦਿੱਤੀ। 1908 ਵਿਚ ਇਸੇ ਕਾਨਫ਼ਰੰਸ ਨੇ ਸਿੱਖ ਐਜੂਕੇਸ਼ਨ ਕਾਨਫਰੰਸ ਨੂੰ ਜਨਮ ਦਿੱਤਾ। 1907 ਵਿਚ ਸ: ਸੁੰਦਰ ਸਿੰਘ ਮਜੀਠੀਆ ਦੀ ਅਗਵਾਈ ਵਿਚ ਸਿੱਖਾਂ ਦਾ ਇਕ ਡੈਪੂਟੇਸ਼ਨ ਮੁਸਲਮ ਐਜੂਕੇਸ਼ਨ ਕਾਨਫਰੰਸ ਕਰਾਚੀ ਵਿਖੇ ਸ਼ਾਮਿਲ ਹੋਇਆ। ਉੱਥੋਂ ਵਾਪਸ ਪਰਤਦਿਆਂ ਮਜੀਠੀਆ ਨੇ ਆਪਣੇ ਘਰ ਵਿਖੇ 9 ਜੂਨ 1908 ਨੂੰ ਉਸ ਸਮੇਂ ਦੇ ਮਸ਼ਹੂਰ ਸਿੱਖਾਂ ਦੀ ਇਹ ਇਕੱਤਰਤਾ ਸੱਦੀ, ਜਿਸ ਵਿੱਚ ਸਿੱਖ ਵਿੱਦਿਅਕ ਕਾਨਫਰੰਸ ਦੀ ਨੀਂਹ ਰੱਖੀ ਗਈ। ਇਸ ਵਿਚ ਸ਼ਾਮਿਲ ਹੋਣ ਵਾਲਿਆਂ ਵਿੱਚ ਭਾਈ ਵੀਰ ਸਿੰਘ ਪੰਜਾਬੀ ਕਵੀ ਤੇ ਵਿਦਵਾਨ ਭਾਈ ਜੋਧ ਸਿੰਘ ਸ: ਹਰਬੰਸ ਸਿੰਘ ਅਟਾਰੀ ਸ਼ਾਮਿਲ ਹੋਏ। ਇਸ ਉਪਰੰਤ ਦਸ ਦਿਨਾਂ ਬਾਅਦ ਇਕ ਵੱਡੀ ਇਕੱਤਰਤਾ ਸੱਦੀ ਗਈ, ਜਿਸ ਵਿੱਚ ਸਿੱਖ ਵਿੱਦਿਅਕ ਕਾਨਫਰੰਸ ਦੀ ਨੀਂਹ ਰੱਖੀ ਗਈ। ਉਸ ਸਮੇਂ ਜਿਹੜੇ ਮਨੁੱਖ ਸੱਦੇ ਗਏ ਉਨ੍ਹਾਂ ਵਿੱਚ ਸ: ਉਮਰਾਓ ਸਿੰਘ (ਅੰਮ੍ਰਿਤਾ ਸ਼ੇਰ ਗਿੱਲ ਦੇ ਪਿਤਾ) ਸ: ਖਜ਼ਾਨ ਸਿੰਘ ਬਾਰ-ਐਟ-ਲਾਅ, ਸ: ਹੁਕਮ ਸਿੰਘ ਜੀ ਤੇ ਸ: ਇੰਦਰ ਸਿੰਘ ਜੀ ਜਿਹੜੇ ਫਰੀਦਕੋਟ ਰਿਆਸਤ ਦੇ ਪ੍ਰਧਾਨ ਮੰਤਰੀ ਬਣੇ ਸਨ।

ਇਸ ਕਾਨਫ਼ਰੰਸ ਦੇ ਨਿਯਮ ਨਿਰਧਾਰਤ ਕਰਨ ਹਿੱਤ ਇਕ ਸਬ ਕਮੇਟੀ ਦੀ ਸਥਾਪਨਾ ਕੀਤੀ ਗਈ, ਜਿਸ ਵਿੱਚ ਸ: ਗੁਰਚਰਨ ਸਿੰਘ ਬਾਰ-ਐਟ-ਲਾ ਰਾਜਾਸਾਂਸੀ, ਸ: ਖੜਕ ਸਿੰਘ ਵਕੀਲ ਲਾਹੌਰ, ਭਾਈ ਦਾਨ ਸਿੰਘ ਬੀ.ਏ. ਲਾਹੌਰ, ਭਾਈ ਜੋਧ ਸਿੰਘ ਖੋਲ੍ਹਣੇ ਐਮ.ਏ. ਤੇ ਬਾਬੂ ਗੁਲਾਬ ਸਿੰਘ ਸ਼ਾਮਿਲ ਸਨ।

ਇਸ ਕਾਨਫਰੰਸ ਦੇ ਜਿਹੜੇ ਉਦੇਸ਼ ਨਿਰਧਾਰਤ ਕੀਤੇ ਗਏ, ਉਹ ਸਨ : (1) ਸਿੱਖਾਂ ਵਿਚ ਪੱਛਮੀ ਵਿੱਦਿਆ ਦਾ ਪ੍ਰਚਾਰ, (2) ਸਿੱਖ ਸਾਹਿਤ ਦੀ ਪੜ੍ਹਾਈ, (3) ਸਿੱਖ ਵਿਦਿਆਰਥੀਆਂ ਦੀ ਭਲਾਈ (4) ਨਵੇਂ ਸਿੱਖ ਅਦਾਰੇ ਖੋਹਲਣੇ, (5) ਸਿੱਖ ਬੀਬੀਆਂ ਲਈ ਵਿੱਦਿਆ ਦਾ ਯੋਗ ਪ੍ਰਬੰਧ, ਅਤੇ ਟੈਕਨੀਕਲ ਤੇ ਖੇਤੀਬਾੜੀ ਦੀ ਪੜ੍ਹਾਈ ਦੀ ਤਰੱਕੀ।

ਇਸ ਕਾਨਫਰੰਸ ਦਾ ਸਭ ਤੋਂ ਪਹਿਲਾ ਸੈਸ਼ਨ 18-19 ਅਪ੍ਰੈਲ 1908 ਨੂੰ ਗੁਜਰਾਂਵਾਲਾ ਵਿੱਚ ਹੋਇਆ। ਸ: ਬਘੇਲ ਸਿੰਘ ਜੀ ਕੱਲ੍ਹਾ ਇਸ ਦੇ ਪ੍ਰਧਾਨ ਤੇ ਸ: ਬਲਵੰਤ ਸਿੰਘ ਬਟਾਲੀਆ ਸੁਆਗਤੀ ਕਮੇਟੀ ਦੇ ਪ੍ਰਧਾਨ ਸਨ । ਦੋ ਮੁੱਖ ਵਿਖਿਆਨ ਸਨ 'ਸਾਡੀ ਵਿੱਦਿਅਕ ਦਸ਼ਾ ਤੇ ਇਸ ਨੂੰ ਕਿਵੇਂ ਸਵਾਰਿਆ ਜਾਵੇ' ਜਿਹੜਾ ਭਾਈ ਜੋਧ ਸਿੰਘ ਵੱਲੋਂ ਦਿੱਤਾ ਗਿਆ ਸੀ ਤੇ ਦੂਜਾ ''ਐਜੂਕੇਸ਼ਨ ਆਫ ਅਵਰ ਵਿਮੈਨ'' ਜਿਹੜਾ ਸ: ਸ਼ਿਵ ਸਿੰਘ ਓਬਰਾਏ ਨੇ ਦਿੱਤਾ। ਪਹਿਲਾ ਮਤਾ ਜੋ ਪੇਸ਼ ਕੀਤਾ ਗਿਆ, ਉਹ ਇਹ ਸੀ ਕਿ ਸਿੰਘ ਆਪਣਾ ਦਸਵੰਧ ਕੱਢਣ ਤੇ ਇਹ ਦਸਵੰਧ ਕੌਮੀ ਭਲਾਈ ਤੇ ਵਿੱਦਿਆ ਲਈ ਵਰਤਿਆ ਜਾਵੇ। ਦੂਸਰੇ ਮਤੇ ਰਾਹੀਂ ਸਕੱਤਰ ਭਾਰਤ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਕਿ ਉਹ ਪੰਜਾਬੀ ਨੂੰ ਲਾਗੂ ਕਰਨ। ਡਾਇਰੈਕਟਰ ਆਫ ਪਬਲਿਕ ਇੰਸਟਰੈਕਸ਼ਨ ਨੂੰ ਬੇਨਤੀ ਕੀਤੀ ਗਈ ਕਿ ਉਹ ਸੈਕੰਡਰੀ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਲਾਗੂ ਕਰਨ ਤੇ ਸਿੱਖ ਵਿਦਵਾਨਾਂ ਨੂੰ ਬੇਨਤੀ ਕੀਤੀ ਜਾਵੇ ਕਿ ਉਹ ਪੰਜਾਬੀ ਭਾਸ਼ਾ ਵਿਚ ਦੂਸਰੇ ਸਾਹਿਤ ਅਤੇ ਉੱਚੀਆਂ ਵੰਨਗੀਆਂ ਦਾ ਉਲੱਥਾ ਕਰਨ।

ਇਸ ਕਾਨਫਰੰਸ ਦੀ ਬਣਤਰ 65 ਸਾਲ ਉਸੇ ਤਰ੍ਹਾਂ ਰਹੀ। ਇਸ ਦਾ ਸਬੰਧ ਉਸੇ ਤਰ੍ਹਾਂ ਹੀ ਰਿਹਾ। ਇਸ ਦੀਆਂ ਪ੍ਰਾਪਤੀਆਂ, ਇਸ ਦੇ ਚੰਗੇ ਮਾਇਕ ਸਾਧਨ ਹਨ। ਨਵੇਂ ਸਕੂਲ ਖੋਲ੍ਹਣ ਤੋਂ ਛੁੱਟ ਇਹ ਕਾਨਫਰੰਸ ਵਿਦਵਾਨਾਂ, ਨੀਤੀਵਾਨਾਂ, ਵਿੱਦਿਆ ਦੇ ਪੰਡਤਾਂ ਨੂੰ ਇਕ ਥਾਂ 'ਤੇ ਇਕੱਠਾ ਹੋ ਕੇ ਸੋਚਣ ਦਾ ਮੌਕਾ ਦਿੰਦੀ ਹੈ। ਇਹ ਸਿੱਖ ਐਜੂਕੇਸ਼ਨ ਕਾਨਫਰੰਸ ਅੰਮ੍ਰਿਤਸਰ ਦੇ ਪ੍ਰਬੰਧ ਵੱਲੋਂ ਹੁੰਦੀ ਹੈ। ਇਸ ਐਜੂਕੇਸ਼ਨ ਕਮੇਟੀ ਵਿੱਚ 13 ਮੈਂਬਰ ਜਿਨ੍ਹਾਂ ਵਿੱਚ 7 ਚੀਫ਼ ਖਾਲਸਾ ਦੀਵਾਨ ਵੱਲੋਂ ਇਕ ਸਬੰਧਤ ਸਿੰਘ ਸਭਾ ਵੱਲੋਂ, 2 ਸਿੱਖ ਯੂਨੀਵਰਸਿਟੀ ਗਰੈਜੂਏਟਾਂ ਵੱਲੋਂ, 2 ਪ੍ਰਵਾਨਤ ਸਕੂਲਾਂ ਵੱਲੋਂ ਅਤੇ ਇਕ ਸਾਲਾਨਾ ਕਾਨਫਰੰਸ ਦੀ ਸੁਆਗਤੀ ਕਮੇਟੀ ਵੱਲੋਂ ਇਸ ਦਾ ਪੱਕਾ ਦਫਤਰ ਖਾਲਸਾ ਕਾਲਜ ਵਿੱਚ ਹੈ।

ਸਿੱਖ ਐਜੂਕੇਸ਼ਨ ਕਾਨਫ਼ਰੰਸ ਦੇ ਸੈਸ਼ਨਾਂ ਸਮੇਂ ਲੋਕਾਂ ਵਿੱਚ ਬਹੁਤ ਉਤਸ਼ਾਹ ਹੁੰਦਾ ਸੀ। ਇਨ੍ਹਾਂ ਵਿੱਚ ਭਾਰੀ ਮਾਤਰਾ ਵਿੱਚ ਇਕੱਠੇ ਹੋ ਕੇ ਸਿੱਖ ਵਿੱਦਿਆ ਦੀਆਂ ਸਮੱਸਿਆਵਾਂ 'ਤੇ ਵਿਚਾਰ ਕਰਨ ਤੋਂ ਛੁੱਟ ਕੀਰਤਨ ਤੇ ਕਵਿਤਾ ਦਾ ਮੁਕਾਬਲਾ ਵੀ ਕਰਾਇਆ ਜਾਂਦਾ ਸੀ ਕਿਉਂਕਿ ਇਹ ਕਾਨਫਰੰਸ ਹਰ ਸਾਲ ਹੁੰਦੀ ਸੀ, ਇਸ ਲਈ ਜਿਸ ਇਲਾਕੇ ਵਿੱਚ ਹੁੰਦੀ ਸੀ ਉੱਥੇ ਨਵਾਂ ਸਕੂਲ ਤੋਹਫੇ ਵਜੋਂ ਖੋਲ੍ਹਿਆ ਜਾਂਦਾ ਸੀ।

ਸਿੱਖ ਸਕੂਲ ਤੇ ਕਾਲਜ ਆਪੋ ਆਪਣੀਆਂ ਰੁਚੀਆਂ ਤੋਂ ਸਿੱਖ ਵਿੱਦਿਅਕ ਸੰਸਕ੍ਰਿਤੀ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਰਹੇ ਹਨ। ਹੁਣ ਇਹ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦਾ ਜੋਸ਼ ਮੱਧਮ ਹੋ ਗਿਆ ਹੈ ਤੇ ਇਨ੍ਹਾਂ ਦੀ ਪ੍ਰਗਤੀ ਦੀ ਚਾਲ ਮੱਧਮ ਪੈ ਗਈ ਹੈ। ਇਨ੍ਹਾਂ ਵਿੱਦਿਅਕ ਅਦਾਰਿਆਂ ਦਾ ਸਿੱਖਾਂ ਵੱਲੋਂ ਵਾਧਾ ਘਟ ਗਿਆ ਹੈ ਤੇ ਉਨ੍ਹਾਂ ਦੀ ਮਾਇਕ ਸਰਪ੍ਰਸਤੀ ਨਹੀਂ ਮਿਲਦੀ। ਕੁਝ ਸਕੂਲ ਚੰਗੀ ਤਰ੍ਹਾਂ ਨਹੀਂ ਚੱਲ ਰਹੇ ਤੇ ਨਾ ਹੀ ਉਨ੍ਹਾਂ ਦੀ ਚੰਗੀ ਤਰ੍ਹਾਂ ਦੇਖ-ਭਾਲ ਹੋ ਰਹੀ ਹੈ। ਇਨ੍ਹਾਂ ਦਾ ਵਿਦਿਅਕ ਪੱਧਰ ਬਹੁਤ ਨੀਵਾਂ ਹੈ। ਸਿੱਖ ਧਰਮ ਦੀ ਸਿੱਖਿਆ ਦੇਣ ਵਾਲੇ ਵਿਅਕਤੀ ਇਨ੍ਹਾਂ ਵਿੱਚ ਨਹੀਂ ਹਨ। ਸਕੂਲ ਪੱਧਰ ਤਕ ਇਸ ਕਾਰਜ ਲਈ ਸਿੱਖਿਆ ਦੇਣ ਲਈ ਸਾਹਿਤ ਨਹੀਂ ਹੈ। ਇਨ੍ਹਾਂ ਸਕੂਲਾਂ ਦੀਆਂ ਪ੍ਰਬੰਧਕ ਕਮੇਟੀਆਂ ਧੜੇਬੰਦੀ ਦਾ ਸ਼ਿਕਾਰ ਹਨ ਤੇ ਇਹ ਰਾਜਨੀਤਕ ਘੋਲਾਂ ਵਿਚ ਲੱਗੀਆਂ ਹੋਈਆਂ ਹਨ। ਕਿਤੇ ਵੀ ਸੁਹਾਵਣਾਪਨ ਦਿਖਾਈ ਨਹੀਂ ਦੇ ਰਿਹਾ। ਬਿਨਾਂ ਹੀਲ-ਹੁੱਜਤ ਦੇ ਪੁਰਾਣੀ ਭਾਵਨਾ ਨੂੰ ਰੂਪਮਾਨ ਕਰਨਾ ਚਾਹੀਦਾ ਹੈ। ਵਿੱਦਿਅਕ ਪੱਧਰ ਉੱਚਾ ਕਰਨ ਲਈ ਤੇ ਇਸ ਵਿਚ ਟੈਕਨੀਕਲ ਤੇ ਪ੍ਰੈਕਟੀਕਲ ਵਿਦਿਆ ਦੇਣ ਲਈ ਬਾਨ੍ਹਣੂ ਨਹੀਂ ਬੰਨੇ ਜਾ ਰਹੇ ਤੇ ਨਾ ਹੀ ਵਿੱਦਿਆ ਦੇ ਪ੍ਰਬੰਧ ਵਿਚ ਅਧੁਨਿਕ ਤਜ਼ਰਬਿਆਂ ਨੂੰ ਅਪਣਾਇਆ ਜਾ ਰਿਹਾ ਹੈ ।

(ਸਿੰਘ ਸਭਾ ਪੱਤ੍ਰਿਕਾ, ਅਪਰੈਲ 1980 ’ਚੋਂ)

# ਸਿੰਘ ਸਭਾ ਅਤੇ ਸਿੱਖ ਰਹਿਤ ਮਰਿਯਾਦਾ

**-ਭਾਈ ਅਰਦਮਨ ਸਿੰਘ ਬਾਗੜੀਆਂ**

**ਭਾਈ ਅਰਦਮਨ ਸਿੰਘ ਬਾਗੜੀਆਂ ਸਿੱਖ ਸਮਾਜ ਦੀ ਪ੍ਰਮੁੱਖ ਸ਼ਖ਼ਸ਼ੀਅਤ ਰਹੇ ਹਨ। ਉਹਨਾਂ ਨੇ ਧਾਰਮਿਕ ਅਤੇ ਸਮਾਜਕ ਕਾਰਜਾਂ ਵਿੱਚ ਮੋਹਰੀ ਭੂਮਿਕਾ ਨਿਭਾਈ ਹੈ। ਉਹਨਾਂ ਦੇ ਪਿਤਾ ਸ. ਅਰਜਨ ਸਿੰਘ ਬਾਗੜੀਆਂ ਸਿੰਘ ਸਭਾ ਲਹਿਰ ਦੇ ਮੋਢੀਆਂ 'ਚੋਂ ਸਨ। ਇਸ ਪਰਿਵਾਰ ਦਾ ਪਿਛੋਕੜ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਅਨਿੰਨ ਸੇਵਕ ਭਾਈ ਰੂਪ ਚੰਦ ਨਾਲ ਜੁੜਦਾ ਹੈ। ਭਾਈ ਅਰਦਮਨ ਸਿੰਘ ਬਾਗੜੀਆਂ ਨੂੰ ਭਾਈ ਕਾਹਨ ਸਿੰਘ ਨਾਭਾ, ਪ੍ਰਿੰ. ਤੇਜਾ ਸਿੰਘ, ਬਾਵਾ ਹਰਕਿਸ਼ਨ ਸਿੰਘ, ਗਿ. ਗਿਆਨ ਸਿੰਘ ਤੇ ਭਾਈ ਵੀਰ ਸਿੰਘ ਵਰਗੇ ਸਿੱਖ ਵਿਦਵਾਨਾਂ ਦੀ ਸੰਗਤ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਉਹਨਾ ਦੀਆਂ ਲਿਖਤਾਂ ਨੂੰ ਉਹਨਾਂ ਦੇ ਸਪੁੱਤਰ ਭਾਈ ਅਸ਼ੋਕ ਸਿੰਘ ਬਾਗੜੀਆਂ ਨੇ ਇਕੱਠਿਆਂ ਕਰਕੇ ਛਾਪਿਆ ਹੈ। ਜਦ 1973 ਸਿੰਘ ਸਭਾ ਲਹਿਰ ਦੀ ਸੌ ਸਾਲਾ ਸ਼ਤਾਬਦੀ ਮਨਾਈ ਗਈ ਤਾਂ ਭਾਈ ਅਰਦਮਨ ਸਿੰਘ ਬਾਗੜੀਆਂ ਸ਼ਤਾਬਦੀ ਕਮੇਟੀ ਵਿੱਚ ਸ਼ਾਮਲ ਸਨ। ਵੀਹ-ਇੱਕੀ ਅਕਤੂਬਰ 1973 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸਿੰਘ ਸਭਾ ਲਹਿਰ ਬਾਰੇ ਇਤਿਹਾਸਕ ਸੈਮੀਨਾਰ ਹੋਇਆ ਸੀ। ਭਾਈ ਅਰਦਮਨ ਸਿੰਘ ਬਾਗੜੀਆ ਨੇ ਵੀ ਉਥੇ ਆਪਣਾ ਪਰਚਾ ਪੜ੍ਹਿਆ ਸੀ। ਇਸ ਲਿਖਤ ਦੀ ਇਤਿਹਾਸਕ ਮਹੱਤਤਾ ਨੂੰ ਦੇਖਦਿਆਂ ਹੋਇਆ, ਸਿੰਘ ਸਭਾ ਲਹਿਰ ਦੇ 150 ਸਾਲਾਂ ਸਥਾਪਨਾ ਦਿਵਸ 'ਤੇ ਅਸੀਂ ਇਸ ਲਿਖਤ ਨੂੰ ਦੁਬਾਰਾ ਛਾਪਣ ਦੀ ਖੁਸ਼ੀ ਮਹਿਸੂਸ ਕਰ ਰਹੇ ਹਾਂ -ਸੰਪਾਦਕ)**

**ਸਿੰਘ** ਸਭਾ ਦੀ ਲਹਿਰ 150 ਸਾਲ ਹੋਏ ਚਲਾਈ ਨੂੰ। ਪੰਥ ਦੇ ਦਰਦੀਆਂ ਨੇ, ਸੂਝਵਾਨਾਂ ਨੇ, ਬੜੀ ਸਿਆਣਪ ਤੇ ਲਗਨ ਨਾਲ ਉਸ ਵੇਲੇ ਦੇ ਹਾਲਾਤ, ਸਥਿਤੀਆਂ ਅਤੇ ਮੌਕੇ ਦੀ ਨਜ਼ਾਕਤ ਨੂੰ ਸਮਝਦੇ ਤੇ ਵਿਚਾਰਦੇ ਹੋਏ ਇਹ ਲਹਿਰ ਚਲਾਈ ਅਤੇ ਸਫ਼ਲਤਾ ਪ੍ਰਾਪਤ ਕੀਤੀ। ਇਸੇ ਦਾ ਨਤੀਜਾ ਚੀਫ਼ ਖ਼ਾਲਸਾ ਦੀਵਾਨ ਬਣਿਆ ਅਤੇ ਫਿਰ ਇਸ ਦਾ ਫਲ ਅਕਾਲੀ ਲਹਿਰ ਵਿੱਚ ਨਿਕਲਿਆ।



ਕਈ ਸੱਜਣ ਆਖ ਦਿੰਦੇ ਹਨ ਕਿ ਸਿੰਘ ਸਭੀਏ ਅਤੇ ਚੀਫ਼ੀਏ ਐਵੇਂ ਠੰਡੇ ਜਿਹੇ ਡਰਦੇ ਸਹਿਮੇ ਹੋਏ ਸਰਕਾਰੀਏ ਹੀ ਸਨ। ਉਹਨਾਂ ਨੇ ਕੂਕਿਆਂ ਦੇ ਅੰਦੋਲਨ ਵੇਲੇ ਸਾਥ ਨਾ ਦਿੱਤਾ ਅਤੇ ਉਹਨਾਂ ਨੇ ਗ਼ਦਰ ਪਾਰਟੀ ਦੇ ਬਾਬਿਆਂ ਨੂੰ ਨਾ ਸਤਿਕਾਰਿਆ, ਤਥਾ ਸਿੰਘ ਸਭਾ ਦਾ ਪਿਛੋਕੜ ਕੋਈ ਹੌਂਸਲੇ ਦੇਣ ਵਾਲਾ ਜਾਂ ਆਸ਼ਾਜਨਕ ਨਹੀਂ। ਇਹ ਸਮੇਂ ਦੀ ਨੀਤੀ ਹੁੰਦੀ ਹੈ, ਕਮਜ਼ੋਰੀ ਨਹੀਂ ਹੁੰਦੀ। ਸਿੰਘ ਸਭਾ ਵਿਚ ਕੰਮ ਕਰਨ ਵਾਲੇ ਪਹਿਲਾਂ ਥੋੜ੍ਹੇ ਜਿਹੇ ਹੀ ਗਿਣਤੀ ਦੇ ਸੱਜਣ ਨਿੱਤਰੇ ਸਨ। ਖ਼ੁਦ ਸਿੱਖਾਂ ਵਿਚ ਹੀ ਪਹਿਲਾਂ ਉਹਨਾਂ ਦੀ ਬੜੀ ਮੁਖ਼ਾਲਫਤ ਸੀ। ਜੇ ਉਹੋ ਸੱਜਣ ਸਰਕਾਰ ਨਾਲ ਟੱਕਰ ਲੈ ਕੇ ਅੰਦਰ ਡੱਕੇ ਜਾਂਦੇ ਤਾਂ ਇਹ ਲਹਿਰ ਹੀ ਰੁਕ ਜਾਣੀ ਸੀ। ਇਹ ਉਹਨਾਂ ਦੀ ਦੂਰਅੰਦੇਸ਼ੀ ਸੀ। ਗ਼ਦਰ ਪਾਰਟੀ ਵਾਲੇ ਸਿੰਘਾਂ ਬਾਬਤ ਇਹ ਭੀ ਇਹ ਖ਼ਿਆਲ ਗਲਤ ਹੈ। ਮੇਰੇ ਪਿਤਾ ਜੀ ਦਾ ਸਿੰਘ ਸਭਾ ਲਹਿਰ ਨਾਲ ਖਾਸ ਸੰਬੰਧ ਸੀ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਉਹ ਬਾਨੀ (Founder President) ਸਨ ਅਤੇ ਪੰਦਰਾਂ ਸਾਲ ਪ੍ਰਧਾਨ ਰਹੇ। ਮੈਂ ਇਕ ਜਾਤੀ ਜਾਣਕਾਰੀ ਆਪ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦ ਗ਼ਦਰ ਪਾਰਟੀ ਵਾਲੇ ਕਈ ਸਿੰਘ ਪੰਜਾਬ ਵਿਚ ਆ ਕੇ (Under Ground) ਵਿੱਚਰਦੇ ਰਹੇ ਤਾਂ ਤਿੰਨ ਚਾਰ ਵੀਰਾਂ ਨੂੰ ਮੇਰੇ ਪਿਤਾ ਜੀ ਨੇ ਹੀ ਆਪਣੇ ਪਾਸ ਰੱਖੀ ਰੱਖਿਆ। ਇਕ ਸੱਜਣ ਖ਼ਾਸ ਬਾਗੜੀਏ ਸਾਡੇ ਕਿਲ੍ਹੇ ਅੰਦਰ ਪਿਤਾ ਜੀ ਪਾਸ ਰਹਿੰਦਾ ਸੀ। ਉਸ ਦਾ ਨਾਮ ਰਾਇ ਸਿੰਘ ਸੀ। ਬਾਕੀ ਤਿੰਨ ਜਣੇ ਪਿਤਾ ਜੀ ਨੇ ਹੋਰ ਥਾਵਾਂ 'ਤੇ ਟਿਕਾਏ ਹੋਏ ਸਨ। ਮੈਂ ਉਹਨਾਂ ਦਿਨਾਂ ਵਿਚ ਖ਼ਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਪੜ੍ਹਦਾ ਹੁੰਦਾ ਸੀ। ਕਾਮਾਗਾਟਾ ਮਾਰੂ ਵਾਲੇ ਬਾਬਾ ਗੁਰਦਿੱਤ ਸਿੰਘ ਜੀ ਉਦੋਂ ਖ਼ਾਲਸਾ ਕਾਲਜ ਵਿਚ ਹੀ ਚਪੜਾਸੀ ਬਣ ਕੇ ਲੱਗੇ ਹੋਏ ਸੀ। ਸਰਦਾਰ ਰਾਇ ਸਿੰਘ ਹੁਰਾਂ ਨਾਲ ਬਾਬਾ ਜੀ ਦਾ ਸੰਪਰਕ ਮੇਰੇ ਰਾਹੀਂ ਹੀ ਬਣਿਆ ਕਰਦਾ ਸੀ। ਐਸੇ ਹੀ ਜਦ ਸੰਤ ਤੇਜਾ ਸਿੰਘ ਐਮ. ਏ. ਅਮਰੀਕਾ ਤੋਂ ਆਏ ਤਾਂ ਉਹਨਾਂ ਮਗਰ ਭੀ ਨਿਗਰਾਨੀ ਵਾਲੇ ਪੁਲਸੀਏ ਲੱਗੇ ਰਹਿੰਦੇ ਸੀ, ਕਿਉਂਕਿ ਉਹਨਾਂ ਦਾ ਭੀ ਇਸੇ ਪਾਰਟੀ ਨਾਲ ਮੇਲ ਅਮਰੀਕਾ ਤੋਂ ਆਉਣ ਕਰਕੇ ਕੁਦਰਤੀ ਸੀ। ਉਹ ਭੀ ਮੇਰੇ ਪਿਤਾ ਜੀ ਪਾਸ ਹੀ ਕਈ ਵਾਰ ਬਾਗੜੀਏ ਅਤੇ ਸੋਲਨ ਆ ਕੇ ਰਿਹਾ ਕਰਦੇ ਸੀ ਅਤੇ ਉਹਨਾਂ ਮਗਰੋਂ ਇਹ ਪੁਲਿਸ ਦੀ ਨਿਗਰਾਨੀ ਪਿਤਾ ਜੀ ਨੇ ਹੀ ਸ੍ਰੀ ਮਾਨ ਸੰਤ ਅਤਰ ਸਿੰਘ ਜੀ ਦੇ ਕਹਿਣ 'ਤੇ ਬੜੀ ਕੋਸ਼ਿਸ਼ ਨਾਲ ਹਟਵਾਈ, ਕਿਉਂਕਿ ਸੰਤ ਮਹਾਰਾਜ ਉਹਨਾਂ ਤੋਂ ਹਰ ਤਰ੍ਹਾਂ ਦੀ ਸੇਵਾ ਲੈਣੀ ਚਾਹੁੰਦੇ ਸਨ।

ਦਰਅਸਲ ਵੇਲੇ-ਵੇਲੇ ਦੀ ਨੀਤੀ ਹੁੰਦੀ ਹੈ। ਉਹ ਵਰਤਣੀ ਹੀ ਸਿਆਣਪ ਹੁੰਦੀ ਹੈ। ਸਤਿਗੁਰਾਂ ਨੇ ਆਪ ਐਸੀ ਹੀ ਮਿਸਾਲ ਕਾਇਮ ਕਰਕੇ ਸਾਨੂੰ ਅਗਵਾਈ ਦਿੱਤੀ ਹੈ। ਸਾਡਾ ਇਤਿਹਾਸ ਦੱਸਦਾ ਹੈ ਕਿ ਸਤਿਗੁਰਾਂ ਦੀਆਂ ਪਹਿਲੀਆਂ ਚਾਰ ਪੀੜ੍ਹੀਆਂ ਸਾਡੇ ਮਨਾਂ ਉਪਰੋਂ ਸਾਡੀ ਬੁੱਧੀ ਤੇ ਦਿਮਾਗ ਉੱਤੋਂ ਗੁਲਾਮੀ ਸਾਫ਼ ਕਰਨ ਅਤੇ ਆਚਰਣ ਦੀ ਉਸਾਰੀ ਵਿਚ ਹੀ ਲੱਗੀਆਂ ਰਹੀਆਂ, ਅਰਥਾਤ ਬੁੱਧੀ ਤੇ ਵਿਚਾਰ ਪਰਿਵਰਤਨ (Brain Washing) ਕਰਦੇ ਰਹੇ। ਇਹ ਚੌਥੇ ਸਤਿਗੁਰਾਂ ਵੇਲੇ ਅਵਸਥਾ ਆਈ, ਸਿੱਖੀ ਦਾ ਘੇਰਾ ਵਿਸ਼ਾਲ ਹੋ ਗਿਆ ਅਤੇ ਸਿੱਖ ਕਰੈਕਟਰ ਐਸਾ ਬਣ ਗਿਆ ਕਿ ਸਤਿਗੁਰਾਂ ਨੇ ਖ਼ੁਦ ਫੁਰਮਾਇਆ ਕਿ :

**"ਗੁਰਸਿਖਾ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਹਿ॥"**

ਅਤੇ ਸਿੱਖੀ ਦਾ ਦਾਇਰਾ ਐਡਾ ਹੋ ਗਿਆ ਕਿ ਉਹਨਾਂ ਬਾਅਦ ਗੁਰਤਾ ਸੌਂਪਣ ਲਈ ਪਾਤਰ ਨਵ-ਧਰਮੀਆਂ (Converts) ਵਿਚੋਂ ਨਹੀਂ ਛਾਂਟਣਾ ਪਿਆ।

ਫਿਰ ਪੰਜਵੇਂ ਪਾਤਸ਼ਾਹ ਵੇਲੇ ਹਕੂਮਤ ਨਾਲ ਟਾਕਰਾ ਹੋਇਆ। ਇਹ ਟਾਕਰਾ ਬੀਰਬਲ ਨਾਲ ਹੀ ਹੋ ਜਾਂਦਾ ਜੇ ਉਹ ਸਰਹੱਦ ਦੀ ਲੜਾਈ ਤੋਂ ਜਿਉਂਦਾ ਮੁੜ ਆਉਂਦਾ। ਪੂਰੀ ਤਿਆਰੀ ਬਿਨਾ ਐਵੇਂ ਟਾਕਰਾ ਲੈਣਾ ਮੂਰਖਤਾ ਹੀ ਹੁੰਦੀ ਹੈ। ਸਤਿਗੁਰਾਂ ਦਾ ਹੁਕਮ ਹੈ ਕਿ :—

**"ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੇ॥"**

ਸੋ ਬਿਤ ਦੇਖਦੇ ਹੀ ਕੰਮ ਕਰਨਾ ਉੱਚਿਤ ਹੁੰਦਾ ਹੈ। ਪੰਜਵੇਂ ਸਤਿਗੁਰਾਂ ਨੇ ਭੀ ਪਹਿਲਾਂ ਆਪ ਸ਼ਾਂਤਮਈ ਢੰਗ ਨਾਲ ਹੀ ਟਾਕਰਾ ਕੀਤਾ। ਪ੍ਰੰਤੂ ਨਾਲ ਹੀ ਆਪਣੇ ਜਾਨਸ਼ੀਨ ਸਪੁੱਤਰ ਨੂੰ ਸ਼ਾਸਤਰ ਵਿੱਦਿਆ ਮੁੱਢ ਤੋਂ ਹੀ ਐਸੀ ਦਿੱਤੀ ਕਿ ਗਿਆਰਾਂ ਸਾਲ ਦੀ ਉਮਰ ਵਿਚ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲੀ ਤਾਂ ਉਹ ਸ਼ਸਤਰ ਵਿੱਦਿਆ ਦੇ ਮਾਹਰ ਤੇ ਐਨ ਨਿਪੁੰਨ ਸਨ।

ਇਹ ਠੀਕ ਹੈ ਕਿ ਪਹਿਲਾਂ-ਪਹਿਲਾਂ ਔਕੜਾਂ ਤੇ ਕਠਨਾਈਆਂ ਹੁੰਦੀਆਂ

ਹਨ, ਜੋ ਕਿਸੇ ਭੀ ਮਿਸ਼ਨ ਦੇ ਸ਼ੁਰੂ ਕਰਨ ਵੇਲੇ ਪੇਸ਼ ਆਉਂਦੀਆਂ ਹੀ ਹਨ। ਐਸਾ ਹੀ ਉਦੋਂ ਹੋਇਆ ਜਦ 1873 ਵਿਚ ਬਾਬਾ ਖੇਮ ਸਿੰਘ ਬੇਦੀ, ਕੰਵਰ ਬਿਕਰਮ ਸਿੰਘ ਜੀ ਕਪੂਰਥਲਾ ਵਗੈਰਾ ਨੇ ਇਹ ਦੇਖ ਕੇ ਕਿ ਸਿਖ ਨੌਜਵਾਨ ਈਸਾਈ ਬਣਨ ਦੇ ਇਛੁਕ ਹੁੰਦੇ ਜਾਂਦੇ ਹਨ, ਸਿੰਘ ਸਭਾ ਲਹਿਰ ਚਲਾਈ ਸੀ, ਕੁਝ ਈਰਖਾ, ਚੌਧਰ ਦੀ ਕੋਸ਼ਿਸ਼ ਤੇ ਕੁਝ ਈਸਾਈ ਸਰਕਾਰ ਦੀ ਸ਼ਹਿ ਕਰਕੇ ਜਿਵੇਂ ਅੱਜ-ਕੱਲ੍ਹ ਹੋ ਰਿਹਾ ਹੈ, ਇਹਨਾਂ ਪੰਥ ਦਰਦੀਆਂ ਦੀ ਮੁਖਾਲਫ਼ਤ ਸਿੱਖਾਂ ਵਿਚੋਂ ਹੀ ਖੜ੍ਹੀ ਹੋ ਗਈ ਤੇ ਇਕ ਦੀ ਥਾਂ ਦੋ ਸੰਸਥਾਵਾਂ ਬਣ ਗਈਆਂ ਅਤੇ ਆਪਸ ਵਿਚ ਕਸ਼ਮਕਸ਼ ਸ਼ੁਰੂ ਹੋ ਗਈ। ਪਰੰਤੂ ਪਿੱਛੋਂ ਜਦ ਭਾਈ ਜਵਾਹਰ ਸਿੰਘ ਜੀ ਤੇ ਗਿਆਨੀ ਦਿੱਤ ਸਿੰਘ ਨੇ ਬੀੜਾ ਚੁੱਕਿਆ ਤਾਂ ਸਿੱਖਾਂ ਵਿਚ ਚਮਤਕਾਰ ਵਾਂਗੂੰ ਜਾਗਰਿਤੀ ਆ ਗਈ। ਕੁਝ ਆਰੀਆ ਸਮਾਜ ਤੇ ਹਿੰਦੂਆਂ ਵਿਚ ਮੁਤਸਬ ਸਿੱਖ ਧਰਮ (anti-sikh) ਅਨਸਰ ਨੇ ਭੀ ਇਹ ਜਾਗਰਤੀ ਲਿਆਉਣ ਵਿਚ ਮਦਦ ਕੀਤੀ। ਜਿਵੇਂ ਉਹਨਾਂ ਨੇ ਹੁਣ ਪਾਕਿਸਤਾਨ ਬਣਵਾਕੇ ਸਾਹ ਲਿਆ ਹੈ।

ਇਹ ਭੀ ਠੀਕ ਹੈ ਕਿ ਜਦ ਸਿੰਘ ਸਭਾ ਲਹਿਰ ਦੇ ਅਸਰ ਕਰਕੇ ਚੀਫ਼ ਖ਼ਾਲਸਾ ਦੀਵਾਨ ਬਣਿਆ ਤਾਂ ਸਿੰਘ ਸਭਾ ਦਾ ਰੋਲ ਕੁਝ ਢਿੱਲਾ ਪੈ ਗਿਆ। ਚੀਫ਼ ਖ਼ਾਲਸਾ ਦੀਵਾਨ ਨੇ ਭੀ ਬੜੀ ਹਿੰਮਤ ਨਾਲ ਪੰਜਾਬ ਵਿਚ ਫ਼ਰੰਟੀਅਰ ਵਿਚ ਸਿੰਧ ਤੇ ਯੂ. ਪੀ. ਵਗੈਰਾ ਵਿਚ ਪ੍ਰਚਾਰ ਕੀਤਾ ਅਤੇ ਜਾਗਰਿਤੀ ਲਿਆਉਣ ਵਿਚ ਬੜਾ ਅਹਿਮ ਪਾਰਟ ਅਦਾ ਕੀਤਾ। ਇਸ ਦੇ ਨਤੀਜੇ ਤੇ ਫਲਸਰੂਪ ਅਕਾਲੀ ਲਹਿਰ ਚੱਲੀ। ਅਕਾਲੀ ਲਹਿਰ ਨੇ ਗੁਰਦੁਆਰਿਆਂ ਦਾ ਸੁਧਾਰ ਬੜੀਆਂ ਕੁਰਬਾਨੀਆਂ ਦੇ ਕੇ ਕੀਤਾ ਤੇ ਸਿਆਸੀ ਕੰਮ ਸੰਭਾਲ ਲਿਆ, ਜਦੋਂ ਕਿ ਦੀਵਾਨ ਨੇ ਆਪਣੀਆਂ ਸਰਗਰਮੀਆਂ ਵਿੱਦਿਆ ਤੇ ਧਰਮ ਦੀ ਤਰਫ਼ ਹੀ ਜਾਰੀ ਰੱਖੀਆਂ।

ਸਿੰਘ ਸਭਾ ਲਹਿਰ ਦੇ ਆਰੰਭ ਵੇਲੇ ਜਾਂ ਹੁਣ ਇਹ ਗੱਲ ਨਹੀਂ ਕਿ ਅਸੀਂ ਹੋਰਨਾਂ ਨਾਲੋਂ ਪਿੱਛੇ ਹਾਂ ਜਾਂ ਉਹਨਾਂ ਨਾਲੋਂ ਘਟੀਆ ਹੋ ਗਏ ਹਾਂ। ਸਿਖ ਕੌਮ ਸੂਰਬੀਰਤਾ ਵਾਲੇ ਬਹਾਦਰਾਂ ਦੀ ਕੌਮ ਹੈ। ਸਿੰਘ ਕਿਸਾਨ ਦਾ ਕੋਈ ਹੋਰ ਮੁਕਾਬਲਾ ਹੀ ਨਹੀਂ ਕਰ ਸਕਦਾ। ਇਹਨਾਂ ਨੇ ਤਰਾਈ ਦੇ ਘਣੇ ਜੰਗਲਾਂ ਤੇ ਬੀਕਾਨੇਰ ਦੇ ਥਲਾਂ ਨੂੰ ਹਰਿਆ ਭਰਿਆ ਅੰਨ ਉਗਾਊ ਖੇਤਰ ਬਣਾ ਕੇ ਦੱਸ ਦਿੱਤਾ। ਵਪਾਰ ਵਿਚ ਇਹ ਹਰ ਥਾਂ ਮੂਹਰੇ ਹਨ। ਵਿੱਦਿਆ ਵਿਚ ਕਿਸੇ ਨਾਲੋਂ ਪਿੱਛੇ ਨਹੀਂ। ਹੋਰਨਾਂ ਨਾਲੋਂ ਸਿੱਖਾਂ ਵਿਚ ਅਣ ਪੜ੍ਹਿਆਂ ਦੀ ਗਿਣਤੀ ਕਿਤੇ ਘੱਟ ਹੈ। ਅਸੀਂ ਕਿਰਤ ਕਮਾਈ ਤੇ ਕਾਰੀਗਰੀ ਵਿਚ ਮਾਹਰ ਤੇ ਸਭ ਤੋਂ ਮੂਹਰੇ ਹਾਂ। ਸਾਡਾ ਰਹਿਣ-ਬਹਿਣ ਤੇ ਖਾਦ, ਖੁਰਾਕ ਸਟੈਂਡਰਡ ਆਫ਼ ਲਿਵਿੰਗ ਦੂਸਰਿਆਂ ਦੇ ਆਮ ਲੇਵਲ ਨਾਲੋਂ ਕਿਤੇ ਉੱਚਾ ਤੇ ਸੁੱਚਾ ਹੈ। ਵਿੱਦਿਆ ਵਿਚ ਭੀ ਹਰ ਸਾਡੇ ਮਾਹਰ ਉੱਚ ਕੋਟੀ ਦੇ ਹਨ। ਸਾਡੇ ਵਿਚ ਸੇਵਾ, ਪਿਆਰ, ਸਿਦਕ ਅਤੇ ਭਾਵਨਾ ਤਾਂ ਐਨੀਆਂ ਠਾਠਾਂ ਮਾਰਦੀਆਂ ਹਨ ਕਿ ਠੱਲੀਆਂ ਨਹੀਂ ਜਾ ਸਕਦੀਆਂ। ਇਹ ਆਪਾਂ 9 ਅਪ੍ਰੈਲ ਤੋਂ ਲੈ ਕੇ 13 ਅਪਰੈਲ ਤੱਕ ਗੁਰੂ ਗੋਬਿੰਦ ਸਿੰਘ ਮਾਰਗ ਦੀ ਯਾਤਰਾ ਵੇਲੇ ਹੁਣ ਇਸੇ ਸਾਲ ਦੀ ਦੇਖਦੇ ਹਟੇ ਹਾਂ। ਛੇ ਸੌ ਕਿਲੋਮੀਟਰ ਦੇ ਪ੍ਰਤਖ ਦਰਸ਼ਨ ਦੀਦਾਰੇ ਖ਼ਾਲਸੇ ਵਿਚ ਕਰਵਾ ਦਿੱਤੇ। ਆਉ ਭਗਤੀ ਕਰਨ ਵਿਚ ਭਰਾਵਾਂ ਨੇ ਅੱਖਾਂ ਵਿਛਾ ਦਿੱਤੀਆਂ, ਘਰਾਂ ਦੇ ਬੂਹੇ ਖੋਲ੍ਹ ਦਿੱਤੇ, ਮੱਲੋ-ਮਲੀ ਹੁਕਮਨ ਖਾਣ ਪੀਣ ਤੇ ਮਜਬੂਰ ਕਰਕੇ ਇਕੇਰਾਂ ਪੂਰੇ ਲੱਖ ਯਾਤਰੂਆਂ ਦੀ ਨਾਂਹ ਕਰਾ ਦਿੱਤੀ। ਬਲਕਿ ਪਰਸ਼ਾਦਿਆਂ, ਖੀਰਾਂ, ਕੜਾਹਾਂ ਦੇ ਗੱਡੇ ਭਰੇ ਹੋਏ ਸਿੰਘਾਂ ਨੂੰ ਵਾਪਸ ਘਰਾਂ ਨੂੰ ਲਿਜਾਣੇ ਪਏ। ਐਸੇ ਦ੍ਰਿਸ਼ ਸਿੱਖਾਂ ਵਿਚ ਹੀ ਨਜ਼ਰੀ ਆਉਂਦੇ ਹਨ। ਹਿੰਦੁਸਤਾਨ ਵਿਚ ਹੀ ਨਹੀਂ, ਬਾਹਰ ਭੀ, ਸਿੰਘਾਂ ਨੇ ਲੰਗਰ ਚਲਾ ਦਿੱਤੇ ਹਨ। ਇੰਗਲੈਂਡ ਦੇ ਲੋਕ ਦੇਖ ਕੇ ਦੰਗ ਰਹਿ ਗਏ ਸਨ। ਹੁਣ ਅਮਰੀਕਾ ਦੇ ਐਰੀਜ਼ੋਨਾ ਸਟੇਟ ਵਿਚ ਟਕਸਨ ਵਿਚ ਪੱਕਾ ਹੀ ਗੁਰੂ ਕਾ ਲੰਗਰ ਨਵੇਂ ਸਿੰਘ ਸਜੇ ਅਮਰੀਕਨਾਂ ਨੇ ਚਲਾ ਦਿੱਤਾ ਹੈ। ਜਿੱਥੇ ਹਰ ਰੋਜ਼ ਦੋ ਤਿੰਨ ਸੌ ਬੰਦੇ ਪ੍ਰਸ਼ਾਦ ਛੱਕ ਕੇ ਜਾਂਦੇ ਹਨ। ਅਮਰੀਕਾ ਸਰਕਾਰ ਨੇ ਉਸ ਲੰਗਰ ਨੂੰ ਹਾਈਜੀਅਨ ਵਿਚ ਏ ਕਲਾਸ ਦਾ ਸਰਟੀਫ਼ਿਕੇਟ ਦਿੱਤਾ ਹੈ, ਜੋ ਕਿਸੇ ਬੜੇ Posh ਹੋਟਲ ਨੂੰ ਹੀ ਮਿਲਦਾ ਹੈ। ਸਾਡਾ ਚੜ੍ਹਦੀ ਕਲਾ ਵਾਲਾ ਰਹਿਣ-ਸਹਿਣ, ਖਾਣ-ਪੀਣ ਦੇਖ ਕੇ ਫਿਰਕੂ ਅਨਸਰ ਸਹਾਰ ਨਹੀਂ ਸਕਦਾ ਅਤੇ ਈਰਖਾ-ਵਾਦੀ ਵਿਰਲਾਪ ਕਰਨਾ ਸ਼ੁਰੂ ਕਰ ਦਿੰਦੇ ਹਨ ਕਿ "ਸ਼ੀਖ ਮਾਸ਼ ਖਾਤਾ ਹੈ, ਸ਼ੀਖ ਸ਼ਰਾਬ ਪੀਤਾ ਹੈ, ਸ਼ੀਖ ਤਲਵਾਰ ਨਿਕਾਲਤਾ ਹੈ।" ਉਹਨਾਂ ਪਿੱਛੇ ਲੱਗ ਕੇ ਅਸੀਂ ਆਪਣੀ ਭੰਡੀ ਆਪ ਹੀ ਕਰਨ ਲੱਗ ਜਾਂਦੇ ਹਾਂ, ਜਿਵੇਂ ਸਾਡੀ ਸਾਰੀ ਕੌਮ ਹੀ ਸ਼ਰਾਬੀਆਂ ਦੀ ਹੋਵੇ। ਇਹ ਭੰਡੀ ਪ੍ਰਚਾਰ ਆਜ਼ਾਦੀ ਪਿੱਛੋਂ ਸ਼ੁਰੂ ਹੋਇਆ ਹੈ। ਜਿਵੇਂ ਰਾਤੋਂ-ਰਾਤ 1947 ਪਿੱਛੋਂ ਅਸੀਂ ਅਮਲੀ, ਸ਼ਰਾਬੀ ਹੋ ਗਏ ਹਾਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਭੰਡੀ-ਪ੍ਰਚਾਰ ਦੇ ਅਸਰ ਵਿਰੁੱਧ ਪ੍ਰਚਾਰ ਕਰ ਕੇ ਲੋਕਾਂ ਨੂੰ ਸਾਵਧਾਨ ਕਰਦੇ, ਇਹਨਾਂ ਨੇ ਸਿਰਫ਼ ਸ਼ਰਾਬ ਦਾ ਹੀ ਜ਼ਿਕਰ ਕਰਕੇ ਸਿੱਖਾਂ ਉਪਰ ਕਲੰਕ ਦਾ ਟਿੱਕਾ ਹੀ ਲਾ ਦਿੱਤਾ ਹੈ। ਕੀ ਸੁਖ ਨਿਧਾਨ ਦੇ ਬਾਟੇ ਛਕਣੇ ਜਾਂ ਅਫ਼ੀਮ ਦੇ ਗੋਲੇ ਨਿਗਲਨੇ ਚੰਗੇ ਹਨ? ਹੁਣ ਤਾਂ ਹੋਰ ਹੀ ਗੋਲੀਆਂ ਦੇ ਜ਼ਰਦੇ ਵਗੈਰਾ ਨਿਕਲ ਆਏ ਹਨ ਜੋ ਕਿਤੇ ਜ਼ਿਆਦਾ ਖਤਰਨਾਕ ਤੇ ਜਵਾਨੀ ਮਾਰੂ ਸਾਬਤ ਹੋ ਰਹੇ ਹਨ। ਪਹਿਲਾਂ ਤੇ ਰੁਪੈ ਖ਼ਰਚਨੇ ਪੈਂਦੇ ਸਨ, ਹੁਣ ਤਾਂ ਪੈਸਿਆਂ ਨਾਲ ਹੀ ਕੰਮ ਸਓਰ ਜਾਂਦਾ ਹੈ। ਇਹ ਕਲੰਕ ਦਾ ਟਿੱਕਾ ਜੋ ਸ਼੍ਰੋਮਣੀ ਕਮੇਟੀ ਨੇ ਆਪ ਲਾ ਦਿੱਤਾ ਹੈ, ਇਹ ਉਤਾਰ ਕੇ ਸਾਰੇ ਨਸ਼ਿਆਂ ਵਿਰੁੱਧ ਪ੍ਰਚਾਰ ਕਰਨਾ ਚਾਹੀਦਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਸਿੱਖ ਹੋਰ ਦੂਸਰਿਆਂ ਨਾਲੋਂ ਕਿਤੇ ਘੱਟ ਸ਼ਰਾਬ ਪੀਂਦੇ ਹਨ। ਆਪਾਂ ਨਿੱਤ ਖ਼ਬਰਾਂ ਪੜ੍ਹਦੇ ਹਾਂ ਕਿ ਫਲਾਣੀ ਥਾਂ 'ਤੇ ਐਨੇ ਮਰ ਗਏ ਤੇ ਫ਼ਲਾਣੀ ਥਾਂ ਐਨੇ ਜ਼ਹਿਰੀਲੇ ਸ਼ਰਾਬ ਜਾਂ ਘਰ ਦੀ ਕੱਢੀ ਪੀ ਕੇ ਮਰ ਗਏ। ਪਰ ਕਦੇ ਪੜ੍ਹਿਆ ਸੁਣਿਆ ਹੈ ਕਿ ਸਿਖ ਭੀ ਕੋਈ ਮਰਿਆ ਹੈ, ਐਉਂ ਸ਼ਰਾਬ ਪੀ ਕੇ? ਫ਼ਰਕ ਸਿਰਫ ਐਨਾ ਹੈ ਕਿ ਹੋਰ ਦੂਸਰੇ ਪੀਂਦੇ ਹਨ ਤਾਂ ਬੈਠ ਕੇ ਜੂਆ ਖੇਲਣ ਲੱਗ ਪੈਂਦੇ ਹਨ ਜਾਂ ਢੋਲਕੀ ਵਜਾ ਕੇ ਗਾਉਣ ਲੱਗ ਜਾਂਦੇ ਹਨ ਜਾਂ ਹੋਰ ਲੁਕਵੇਂ ਕੁਕਰਮ ਕਰਨ ਦੇ ਆਹਰ ਵਿਚ ਪੈ ਜਾਂਦੇ ਹਨ, ਪਰ ਸਿੱਖ ਕਦੇ ਕੋਈ ਪੀਂਦਾ ਹੈ ਤਾਂ ਬਾਘੀ ਪੌਣ ਲੱਗ ਜਾਂਦਾ ਹੈ। ਉਸ ਦੇ ਅੰਦਰ ਚੜ੍ਹਦੀ ਕਲਾ ਜੋ ਵਸਦੀ ਹੋਈ! ਬਸ ਐਉਂ ਉਸ ਵੱਲ ਉਂਗਲ ਹੋਣ ਲੱਗ ਜਾਂਦੀ ਹੈ। ਪ੍ਰੰਤੂ ਇਹ ਮੇਰਾ ਮਤਲਬ ਨਹੀਂ ਕਿ ਸ਼ਰਾਬ ਪੀਣ ਦੀ ਸਿੱਖ ਮੱਤ ਵਿਚ ਖੁੱਲ੍ਹ ਹੈ।

ਸਾਡਾ ਕਿਰਦਾਰ, ਸਾਡਾ ਆਚਰਣ, ਸਾਡੀ ਰਹਿਤ ਦੂਸਰਿਆਂ ਨਾਲੋਂ ਕਿਤੇ ਉੱਚੀ ਸੁੱਚੀ ਤੇ ਚੰਗੀ ਹੈ। ਸਤਿਗੁਰ ਸੱਚਾ ਪਾਤਸ਼ਾਹ ਸਦਾ ਅੰਗ ਸੰਗ ਹੋ ਕੇ ਪੰਥ ਵਿਚ ਵਰਤ ਰਿਹਾ ਹੈ। ਸਾਨੂੰ ਐਵੇਂ ਢਹਿੰਦੀ ਕਲਾ ਵਿਚ ਜਾਣ ਦੀ ਲੋੜ ਨਹੀਂ। ਪਰ ਇਨਸਾਨ ਨਿਰਾ ਗੁਣਾਂ ਦਾ ਹੀ ਮੁਜਸਮਾ ਨਹੀਂ ਹੈ। ਜੇ ਕੋਈ ਨੁਕਸ ਦਿਸਣ ਲੱਗ ਜਾਣ ਤਾਂ ਉਹਨਾਂ ਨੂੰ ਦੂਰ ਕਰਨ ਲਈ ਦੱਸਣਾ ਜ਼ਰੂਰੀ ਹੁੰਦਾ ਹੈ। ਇਲਾਜ ਤਾਹੀਓਂ ਹੋ ਸਕਦਾ ਹੈ ਜੇ ਬਿਮਾਰੀ ਦੀ ਪਹਿਚਾਣ ਹੋ ਕੇ ਨਿਸ਼ਚਿਤ ਹੋ ਜਾਵੇ। ਜਦ ਤੱਕ ਇਹ ਪਤਾ ਨਾ ਹੋਵੇ ਕਿ ਕਿਸ ਗੱਲ ਦਾ ਸੁਧਾਰ ਕਰਨਾ ਹੈ, ਉਤਨਾ ਚਿਰ ਸੁਧਾਰ ਹੋ ਹੀ ਨਹੀਂ ਸਕਦਾ। ਕੋਈ ਨੁਕਸ ਜਾਂ ਕਮਜ਼ੋਰੀ ਜਾਂ ਗਲਤ ਰਸਤੇ ਪੈ ਚੱਲਿਆ ਹੋਵੇ ਤਾਂ ਇਸ ਤੋਂ ਸਾਵਧਾਨ ਕਰਕੇ ਹੀ ਸਹੀ ਰਸਤੇ ਪਾਉਣ ਲਈ ਉੱਦਮ ਕਰਨਾ ਭੰਡੀ-ਪ੍ਰਚਾਰ ਨਹੀਂ ਹੁੰਦਾ। ਆਲੋਚਕਾਂ ਨੂੰ ਚਾਹੀਦਾ ਹੈ ਕਿ ਬਜਾਇ ਢਾਹੂ ਨੁਕਤਾਚੀਨੀ ਕਰਨ ਦੇ ਕੋਈ ਉਸਾਰੂ ਤਜਵੀਜ਼ਾਂ ਦੱਸਣ ਅਤੇ ਆਪਣੇ ਆਪ ਨੂੰ ਵਲੰਟੀਅਰ ਕਰਨ ਕਿ ਫ਼ਲਾਣਾ ਕੰਮ ਠੀਕ ਨਹੀਂ ਹੋ ਰਿਹਾ, ਇਹ ਸਾਨੂੰ ਸੌਂਪਿਆ ਜਾਵੇ, ਅਸੀਂ ਸੇਵਾ ਕਰਕੇ ਦਿਖਾਵਾਂਗੇ।

ਐਸ ਵੇਲੇ ਜੋ ਸਾਡੇ ਵਿਚ ਕਮਜ਼ੋਰੀਆਂ ਤੇ ਘਾਟਾਂ ਆ ਗਈਆਂ ਹਨ, ਇਹ ਤਕਰੀਬਨ ਉਹੋ ਹੀ ਹਨ ਜੋ ਡੇਢ ਸੌ ਸਾਲ ਪਹਿਲਾਂ ਮਹਿਸੂਸ ਹੋਈਆਂ ਸਨ। ਸਿੰਘ ਸਭਾ ਲਹਿਰ ਪਿੱਛੋਂ ਸੁਧਾਰ ਕਾਫ਼ੀ ਹੋ ਗਿਆ ਸੀ, ਪਰ ਮੁਲਕ ਦੀ ਆਜ਼ਾਦੀ ਪਿੱਛੋਂ ਹਾਲਤ ਬਦਲਣ ਕਰ ਕੇ ਉਹ ਫੇਰ ਜਾਗ ਉੱਠੀਆਂ ਹਨ। ਇਹਨਾਂ ਨੂੰ ਮੌਜੂਦਾ ਹਾਲਾਤ ਮੁਤਾਬਕ ਹੀ ਉਪਰਾਲਾ ਕਰਕੇ ਸੁਧਾਰਨਾ ਹੋਵੇਗਾ। ਮੇਰੇ ਖਿਆਲ ਵਿਚ ਇਹਨਾਂ ਸਭਨਾ ਕਮਜ਼ੋਰੀਆਂ ਦਾ ਕਾਰਣ ਇਕੋ ਹੈ, ਜੋ ਪਹਿਲਾਂ ਭੀ ਸੀ, ਤੇ ਹੁਣ ਹੋਰ ਤਿੱਖਾ ਹੋ ਗਿਆ ਹੈ। ਉਹ ਹੈ ਸਾਡੇ ਉਪਰ ਹਿੰਦੂ-ਮਤਿ ਦਾ ਅਸਰ। ਜਦ ਤਕ ਅਸੀਂ ਇਸ ਦਾਬੇ ਹੇਠੋਂ ਨਹੀਂ ਆਜ਼ਾਦ ਹੁੰਦੇ ਅਸੀਂ ਆਪਣੇ ਪੰਥ ਨੂੰ ਨਿਰਾਲਾ ਚਮਕਾ ਕੇ ਨਹੀਂ ਦੱਸ ਸਕਦੇ। ਐਸ ਵੇਲੇ ਤਾਂ ਸਾਨੂੰ ਬਾਹਰਲੇ ਭੀ ਹਿੰਦੂਮਤਿ ਦੀ ਹੀ ਇਕ ਸ਼ਾਖ ਸਮਝਦੇ ਹਨ। ਸੋ ਪਹਿਲਾਂ ਇਹ ਬੁਨਿਆਦੀ ਸੁਧਾਰ ਕਰਨ ਵਾਲਾ ਹੈ। ਬਾਕੀ ਦਰੁਸਤੀਆਂ ਆਪੇ ਆਪਣੇ ਆਪ

ਹੀ ਪਿੱਛੇ ਹੋ ਜਾਣਗੀਆਂ।

ਇਸ ਕੰਮ ਨੂੰ ਸਿਰੇ ਚਾੜਨ ਵਾਸਤੇ ਇਕ ਤਾਂ ਸਾਡੇ ਵਿਦਵਾਨਾਂ ਨੂੰ ਹਿੰਮਤ ਕਰਨੀ ਪਏਗੀ, ਤਾਂਕਿ ਸਿੱਖ ਮਤ ਅਰ ਹਿੰਦੂ ਮਤ ਵਿਚ ਜੋ ਸਿਧਾਂਤਿਕ ਤੇ ਮੂਲ ਅੰਤਰੇ, ਫ਼ਰਕ ਹਨ, ਉਹ ਉਘਾੜ ਕੇ ਲੋਕਾਂ ਦੇ ਮਨਾਂ ਵਿਚੋਂ ਗਲਤ ਫ਼ਹਿਮੀਆਂ ਕੱਢ ਸਕਣ ਅਤੇ ਸਹੀ ਰਸਤਾ ਸਿੱਖੀ ਦਾ ਦਿਖਾ ਸਕਣ। ਇਹ ਸੋਧ ਦੇਣੀ ਵਿਦਵਾਨਾਂ ਦਾ ਕੰਮ ਹੈ। ਇਹ ਤਦੇ ਹੋਵੇਗਾ ਜੇ ਸਾਡੇ ਮਨਾਂ ਵਿਚੋਂ ਹਾਕਮ ਬੁਹਗਿਣਤੀ ਦੀ ਖੁਸ਼ਾਮਦ ਹਾਸਲ ਕਰਨ ਦਾ ਖ਼ਿਆਲ ਜਾਂਦਾ ਰਹੇਗਾ। ਇਹ ਕੋਈ ਲੁਕੋ ਵਾਲੀ ਗੱਲ ਨਹੀਂ ਹੈ ਕਿ ਸਾਡੇ ਅਕਸਰ ਕਰਕੇ ਸੂਝ ਵਾਲੇ ਤੇ ਬਹੁਤੇ ਵਿਦਵਾਨ ਇਸ ਦਾਬੇ ਹੇਠਾਂ ਹੀ ਆਏ ਵਲ ਖਾਂਦੇ ਰਹਿੰਦੇ ਹਨ, ਜਿਸ ਕਰੇ ਸਾਡਾ ਸਾਹਿਤ, ਸਾਡੀ ਮਾਂ ਬੋਲੀ, ਸਾਡੀ ਰੂਪ-ਰੇਖਾ ਤੇ ਜੀਵਨ ਸਾਰੇ ਬਿਗੜਦੇ ਜਾਂਦੇ ਹਨ। ਸਤਿਗੁਰਾਂ ਦੀ ਮਿਹਰ ਹੈ ਕਿ ਸਾਡੇ ਗੁਰਸਿੱਖ ਵਿਦਵਾਨ ਐਸੇ ਹਨ, ਜੋ ਦੀਵਾ ਬਾਲ ਕੇ ਰੌਸ਼ਨੀ ਕਰੀ ਰਖਦੇ ਹਨ, ਪਰ ਲੋੜ ਹੈ ਕਿ ਸਾਰੇ ਸਾਵਧਾਨ ਹੋ ਕੇ ਆਪਣਾ ਹਿੱਸਾ ਪਾ ਕੇ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਮੈਂ ਐਥੇ ਐਸੇ ਵਿਦਵਾਨਾਂ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਜੋ ਸਿੱਖ ਨਾਮ ਰੱਖਦੇ ਹੋਏ ਸਾਡੇ ਵਿਚ Fifth Columnists and Saboteurs ਦਾ ਇਕ ਤਰ੍ਹਾਂ ਕੰਮ ਕਰਦੇ ਹਨ। ਪਿੱਛੇ ਜਿਹੇ ਇਕ ਐਸੇ ਹੀ ਅਖੌਤੀ ਵਿਦਵਾਨ ਨੇ ਔਰੰਗਜ਼ੇਬ ਦੇ ਮੁਕਾਬਲੇ ਵਿਚ ਦਸਮ ਮਹਾਰਾਜ ਦੇ ਮਿਸ਼ਨ ਨੂੰ ਦੱਸਣ ਦੀ ਮੂਰਖਤਾ ਦਰਸਾਈ ਸੀ। ਪਤਾ ਨਹੀਂ ਉਸ ਨੇ ਬੇਇਲਮੀ ਵਿਚ ਐਸਾ ਕੀਤਾ ਜਾਂ ਜਾਣ-ਬੁਝ ਕੇ ਛੁਰੀ ਚਲਾਈ। ਸਾਡੇ ਵੱਲੋਂ ਵਿਰੋਧ ਤੇ ਰੋਸ ਦੇ ਬਾਵਜੂਦ ਅਧਿਕਾਰੀਆਂ ਨੇ ਉਸ ਨੂੰ ਤਰੱਕੀ ਦੇ ਕੇ ਨਿਵਾਜਿਆ। ਐਸੇ ਗੁਰੂ ਧਰੋਹੀਆਂ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ।

ਦੂਸਰੇ ਸਾਨੂੰ ਆਪਣੀ ਰਹਿਤ ਮਰਯਾਦਾ ਦੇਖਣੀ ਪਵੇਗੀ। ਜਦ ਤੱਕ ਇਸ ਨੂੰ Recast ਸੋਧ ਕਰਕੇ ਗੁਰਮਤਿ ਦੇ ਐਨ ਅਨੁਕੂਲ ਨਹੀਂ ਬਣਾਇਆ ਜਾਂਦਾ ਅਸੀਂ ਨਿਆਰੇ ਜਾਂ ਨਿਰਾਲੇ ਦਿਖਾਈ ਨਹੀਂ ਦੇ ਸਕਾਂਗੇ।

ਐਸ ਵੇਲੇ ਸਾਡੀ ਰਹਿਤ ਮਰਯਾਦਾ ਵਿਚ ਐਨੀ ਗੜਬੜੀ ਤੇ ਆਪੋ ਧਾਪੀ ਪਈ ਹੈ ਕਿ ਇਹ ਆਪਣਾ ਕੋਈ ਵੀ ਫ਼ਰਜ਼ ਪੂਰਾ ਨਹੀਂ ਕਰ ਸਕਦੀ। ਇਸ ਦੇ ਦੋ ਮੁੱਖ ਅੰਗ ਹੁੰਦੇ ਹਨ—ਅਵਲ ਇਹ ਹੈ ਕਿ ਇਹ ਐਸੀ ਹੋਣੀ ਚਾਹੀਦੀ ਹੈ ਕਿ ਜੋ ਗੁਰਮਤਿ ਦਾ ਅਸਲ ਚਤਿ, ਸਤਿ, ਸਪ੍ਰਿਟ, ਮੰਤਵ ਤੇ ਆਸਾ ਹੈ, ਉਸ ਨੂੰ ਪ੍ਰਤਿਬਿੰਬਤ ਕਰੇ ਦੂਸਰੇ ਇਹ ਕਿ ਜੋ ਹਮਲੇ ਅੰਦਰੋਂ ਬਾਹਰੋਂ ਸਿੱਖੀ ਤੇ ਸਿੱਖ ਜੀਵਨ ਉੱਤੇ ਹੁੰਦੇ ਹਨ, ਉਹਨਾਂ ਤੋਂ ਰੱਖਿਆ ਕਰਨ। ਅੱਜਕੱਲ੍ਹ ਇਹਨਾਂ ਵਿਚੋਂ ਕੋਈ ਕੰਮ ਭੀ ਪੂਰਾ ਨਹੀਂ ਹੋ ਰਿਹਾ।

ਅੱਜਕੱਲ੍ਹ ਜੋ ਕੁਝ ਰਹਿਤਨਾਮੇ ਮਿਲਦੇ ਹਨ, ਉਹਨਾਂ ਬਾਰੇ ਇਹ ਪਤਾ ਨਹੀਂ ਲਗਦਾ ਕਿ ਅਸਲ ਕੀ ਸਨ ਤੇ ਹੁਣ ਕੀ ਸ਼ਕਲ ਧਾਰ ਗਏ ਹਨ। ਜੋ ਕਿਸੇ ਦੇ ਮਨ ਆਇਆ ਰਹਿਤਨਾਮੇ ਵਿਚ ਪਾ ਦਿੱਤਾ। ਮਹਾਨ-ਕੋਸ਼ ਵਿਚ ਐਸੀਆਂ ਲਿਖਤਾਂ ਜਿਨ੍ਹਾਂ ਵਿਚ ਰਹਿਤ-ਮਰਯਾਦਾ ਦਾ ਵਰਣਨ ਹੈ। ਸੈਂਤੀਆਂ (37) ਦਾ ਜ਼ਿਕਰ ਔਂਦਾ ਹੈ। ਪਰ ਪੂਰੀ ਲਿਸਟ ਨਹੀਂ ਮਿਲਦੀ, ਆਮ ਤੌਰ ਤੇ ਜੋ ਰਹਿਤਨਾਮੇ ਪਰਚਲਤ ਹਨ, ਉਹ ਇਹ ਹਨ :—

ਭਾਈ ਨੰਦ ਲਾਲ ਵਾਲਾ ਤਨਖਾਹ-ਨਾਮਾ ਤੇ ਪ੍ਰਸ਼ਨੋਤਰੀ, ਭਾਈ ਦੇਸਾ ਸਿੰਘ ਦਾ ਰਹਿਤਨਾਮਾ, ਭਾਈ ਦਇਆ ਸਿੰਘ ਦਾ ਰਹਿਤਨਾਮਾ ਵਾਲਾ ਤਨਖਾਹ-ਨਾਮਾ ਤੇ ਪ੍ਰਸ਼ਨੋਤਰੀ, ਭਾਈ ਦੇਸਾ ਸਿੰਘ ਦਾ ਰਹਿਤਨਾਮਾ ਤੇ ਪਿੱਛੋਂ ਇਕ ਬਾਬਾ ਸੁਮੇਰ ਸਿੰਘ ਦਾ ਲਿਖਿਆ ਰਹਿਤਨਾਮਾ।

ਇਸ ਤੋਂ ਇਲਾਵਾ ਹਰ ਰੋਜ਼ ਦੀ ਰੁਟੀਨ ਸਚਾ ਕਾਰ ਬਿਉਹਾਰ, ਧਰਮ ਦੀ ਕਿਰਤ, ਸੁਚੀ ਰਹਿਣੀ ਬਹਿਣੀ, ਸਿਮਰਣ, ਕੀਰਤਨ, ਸੇਵਾ ਉਪਕਾਰ, ਸੰਗਤ, ਪੰਗਤ, ਬਾਬ ਸਿਖਿਆਵਾਂ ਤੇ ਐਸੀਆਂ ਸੇਧਾਂ ਕਿ ਰੋਟੀ ਖਾਣ ਲਗੇ ਹਥ ਧੋ ਲਓ, ਦੋ ਵੇਲੇ ਕੇਸਾਂ ਵਿਚ ਕੰਘਾ ਕਰੋ, ਅੰਨ ਮਤੀਆਂ ਨਾਲ ਮੇਲ ਸੰਬੰਧ ਨਾ ਕਰੋ, ਜੂਠਾ ਨਾ ਖਾਓ, ਸਿਰ ਨੰਗਾ ਨਾ ਰਖੋ, ਦਾਤਨ ਨਿਤ ਕਰੋ, ਠੰਡੇ ਪਾਣੀ ਲਾਵੈ, ਸੁਰਮਾ ਨਾ ਪਾਵੈ, ਲੰਗਰ ਮੇਂ ਚੌਕਾ ਮਿੱਟੀ ਕਾ ਦੇਵੇ....ਸਾਰਿਆਂ ਰਹਿਤਨਾਮਿਆਂ ਵਿਚ ਤਕਰੀਬਨ ਇਕੋ ਜੇਹੀਆਂ ਹੀ ਲਿਖੀਆਂ ਹਨ। ਇਹਨਾਂ ਵਿਚੋਂ ਅੱਜ ਕੱਲ੍ਹ ਬਹੁਤ ਸਾਰੇ ਵਾਧੂ (Superfluous) ਹੀ ਹਨ ਜੋ ਕਿ ਜਵਾਨ ਅੱਗੇ ਹੀ ਜਾਣਦੇ ਹਨ।

ਪ੍ਰੰਤੂ ਮਿਲਾਵਟਾਂ ਹੋਣ ਕਰਕੇ ਤੇ ਕੋਈ ਪ੍ਰਮਾਣਿਕਤਾ ਨਾ ਹੋਣ ਕਰਕੇ ਗਡ-ਮਡ ਐਸੀ ਹੋ ਗਈ ਕਿ ਛਾਂਟ ਕੇ ਗੁਰਮਤਿ ਅਨੁਕੂਲ ਗੱਲਾਂ ਅਡ ਕਰਨੀਆਂ ਅਤੀ ਜ਼ਰੂਰੀ ਹੋ ਗਈਆਂ ਹਨ—ਪ੍ਰਚਾਰ ਭੀ ਤਾਹੀਉਂ ਹੋ ਸਕੇਗਾ—ਨਹੀਂ ਤਾਂ ਆਮ ਪੜ੍ਹਨ ਵਾਲਾ ਭੰਬਲ ਭੂਸੇ ਹੀ ਖਾਂਦਾ ਫਿਰੇਗਾ।

ਇਕ ਸਾਡੇ ਵਿਚ ਰਹਿਤ ਮਰਯਾਦਾ ਦਾ ਪ੍ਰਚਾਰ ਭੀ ਬਹੁਤ ਘਟ ਰਿਹਾ ਹੈ—ਰਹਿਤਨਾਮੇ ਟੋਲ੍ਹਿਆਂ (ਲੱਭਿਆਂ) ਹੀ ਮਸ੍ਹਾਂ ਕੋਈ-ਕੋਈ ਮਿਲਦਾ ਹੈ, ਉਸ ਦੇ ਭੀ ਸਹੀ ਤੇ ਅਸਲੀ ਹੋਣ ਵਿਚ ਸ਼ੱਕ ਦੂਰ ਨਹੀਂ ਹੁੰਦੇ—ਪ੍ਰਚਾਰ ਬਹੁਤ ਜ਼ਰੂਰੀ ਹੈ ਤਾਂ ਕਿ ਸਭ ਸਿੱਖ ਕਹਾਉਣ ਵਾਲਿਆਂ ਨੂੰ ਪੂਰਾ ਪਤਾ ਹੋਵੇ—ਇਸ ਲਾਇਲਮੀ ਵਿਚ ਅਸੀਂ ਕਈ ਦਫ਼ਾ ਖ਼ਾਹ ਮਖ਼ਾਹ ਸੰਕਟਾਂ ਤੇ ਔਕੜਾਂ ਵਿਚ ਫਸ ਜਾਂਦੇ ਹਾਂ।

ਗੁਰਮਤਿ ਰਹਿਣੀ ਦਾ ਅਸਲੀ ਸੋਮਾ ਤਾਂ ਗੁਰਬਾਣੀ ਹੀ ਹੈ, ਜਾਂ ਉਸ ਦੀ ਵਿਆਖਿਆ ਜੋ ਭਾਈ ਗੁਰਦਾਸ ਤੇ ਭਾਈ ਨੰਦ ਲਾਲ ਜੀ ਨੇ ਕੀਤੀ ਹੈ ਅਰ ਪੰਥ ਵਿਚ ਪ੍ਰਵਾਨ ਹੈ। ਸੋ ਸਾਡੀ ਸਾਰੀ ਰਹਿਤ ਮਰਯਾਦਾ ਗੁਰਬਾਣੀ ਦੀ ਕਸੌਟੀ ਤੇ ਪਰਖ ਕੇ ਗੁਰਮਤ ਅਨੁਸਾਰ ਸਹੀ ਕਰਕੇ ਮੁੜ੍ਹੋਂ ਲਿਖਣੀ ਅਤਿ ਜ਼ਰੂਰੀ ਹੈ—

ਇਸ ਦੇ ਸੰਕੇਤ ਗੁਰਬਾਣੀ ਵਿਚ ਬੜੇ ਸਾਫ਼ ਮਿਲਦੇ ਹਨ, ਜੈਸੇ ਕਿ :—

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

... .... .... .... ....

**ਜਪੁ ॥ ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥**

... .... .... .... ....

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥ ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥ ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥2॥**

... .... .... .... ....

ਮੁਕਦੀ ਗਲ ਇਹ ਕਿ :—

**ਗੁਰਸਿਖੀ ਦਾ ਕਰਮੁ ਏਹ ਗੁਰ ਫੁਰਮਾਏ ਗੁਰਸਿਖ ਕਰਣਾ॥**

ਸਿੱਖ ਇਤਿਹਾਸ ਅਰ ਸਾਹਿਤ ਤੇ ਨਜ਼ਰ ਮਾਰੀਏ ਤਾਂ ਇਹ ਸਾਡੀ ਰਹਿਤ ਮਰਯਾਦਾ ਪਹਿਲੋਂ ਤਾਂ ਗੁਰਮਤਿ ਅਨੁਸਾਰ ਹੀ ਪ੍ਰਚਲਿਤ ਸੀ—ਇਸ ਵਿਚ ਤਾਂ ਬੰਦੇ ਨੂੰ ਕੋਈ ਗੁੰਜਾਇਸ਼ ਹੀ ਨਹੀਂ ਹੈ। ਜੋ ਇਸ ਵਿਚ ਗੱਡ-ਸੱਡ ਹੋਈ, ਅਰ ਗੁਰਮਤਿ ਦੀ ਥਾਂ ਇਹ ਹਿੰਦੂਮਤਿ ਦੇ ਅਸਰ ਹੇਠਾਂ ਹੋ ਕੇ ਬਿਗੜ ਗਈ, ਇਹ ਭਾਈ ਗੁਰਬਖਸ਼ ਸਿੰਘ, ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਦੇ ਪਿਛੋਂ ਕਾਰਵਾਈ ਸ਼ੁਰੂ ਹੋਈ। ਇਸ ਦੇ ਪਿਛੋਂ ਤਕਰੀਬਨ ਪੰਜਾਹ ਸਾਲ ਖਾਲਸਾ ਗੁਰੀਲਾ ਜੰਗ ਲੜਦਾ ਰਿਹਾ ਅਤੇ ਬੀਕਾਨੇਰ ਦੇ ਥਲਾਂ ਤੇ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਹੀ ਵਿਚਰਦਾ ਰਿਹਾ। ਉਸ ਵਕਤ ਸਿੰਘਾਂ ਦੇ ਪਰਵਾਰ, ਜ਼ਨਾਨੀਆਂ ਤੇ ਬੱਚੇ ਇਕਲੇ ਹੀ ਪਿੰਡਾਂ ਵਿਚ ਰਹਿ ਗਏ ਤੇ ਇਹ ਹਿੰਦੂਆਂ ਦੀ ਸੰਭਾਲ ਵਿਚ ਰਹਿਣ ਕਰਕੇ ਉਹਨਾਂ ਦੇ ਅਸਰ ਹੇਠਾਂ ਆ ਗਏ। ਸੰਭਾਲ ਹਿੰਦੂਆਂ ਨੇ ਹੀ ਕਰਨੀ ਸੀ ਕਿਉਂਕਿ ਉਹਨਾਂ ਨੇ ਲੜਾਈ ਆਪਣੀ ਸਾਡੇ ਗਲ ਪਾਈ ਹੋਈ ਸੀ। ਇਸ ਤੋਂ ਇਲਾਵਾ ਗੁਰਦੁਆਰੇ ਭੀ ਸਿੰਘਾਂ ਦੇ ਅਸਰ ਹੇਠ ਨਾ ਰਹੇ ਅਤੇ ਇਹ ਉਦਾਸੀਆਂ ਤੇ ਹੋਰ ਅਧਹਿੰਦੂ ਮਤਿ ਵਾਲਿਆਂ ਨੇ ਸਾਂਭ ਲਏ। ਜਿਹਨਾਂ ਦੀ ਨੀਤੀ ਮੁਗਲ ਸਰਕਾਰ ਤੋਂ ਡਰਦਿਆਂ ਦੋਗਲੀ ਭਾਵ ਕਿ ਹਿੰਦੂ ਰੰਗਤ ਵਾਲੀ ਸਿੱਖੀ ਦੀ ਬਣ ਗਈ। **(...ਚੱਲਦਾ)**

# श्री गुरू ग्रंथ साहिब जी में सुशोभित–भट्ट बाणी

– अमृत पाल बंसल, लुधियाना

श्री गुरू ग्रंथ साहिब जी में कुल 35 महांपुरूषों की इलाही बाणी 31 रागों में सुशोभित है। श्री गुरू ग्रंथ साहिब जी, विश्व के एक मात्र ग्रंथ हैं, जिन में यह सभी महांपुरूष विभिन्न समुदायों, वर्गों क्षेत्रों, सम्प्रदायों तथा जाति–धर्मों से संबंध रखते हैं, परंतु इनके द्वारा केवल एक परमेश्वर की कीर्ति तथा स्तुति की गई है, जो अपने आप में एक विलक्षण, अलौकिक तथा आश्चर्यजनक तथ्य है। इन महांपुरूषों के नाम हैं:



1) छः गुरू साहिबानः श्री गुरू नानक साहिब जी, श्री गुरू अंगद साहिब जी, श्री गुरू अमरदास साहिब जी, श्री गुरू रामदास साहिब जी, श्री गुरू अरजन साहिब जी और श्री गुरू तेग बहादर साहिब जी।
2) 15 भक्त साहिबानः भक्त कबीर जी, फरीद जी, नामदेव जी, रविदास जी, रामानंद जी, जैदेव जी, त्रिलोचन जी, धन्ना जी, सैन जी, पीपा जी, भीखन जी, सधना जी, परमानंद जी, सूरदास जी, बेणी जी।
3) 11 भट्ट साहिबानः कलसहार जी, जालप जी, कीरत जी, भिखा जी, सल जी, भल जी, गयन्द जी, मथुरा जी, बल जी, हरिबंस जी।
4) 3 गुरसिख साहिबानः बाबा सुंदर जी, भाई सत्ता जी, भाई बलवंड जी

उपरोक्त 11 भट्ट साहिबान की बाणी श्री गुरू ग्रंथ साहिब जी का अभिन्न अंग है, जो समूची बाणी की तरह समुचे श्री गुरू ग्रंथ साहिब जी में सुशोभित ज्ञान (शब्द) गुरू का दर्जा रखती है, जिसको सिख हमेशा नतमस्तक होता है तथा शीश झुकाता है। इन भट्ट साहिबान की बाणी में काव्य की लोक प्रिय शैली स्वैया छंद का प्रयोग किया गया है और यह एक रागमुक्त बाणी है। बीस पृष्ठों वाली 'भट्ट बाणी' को 'सवैये' शीर्षक के तहत, श्री गुरू ग्रंथ साहिब जी में (पावन अंग 1389–1409) शामिल भट्टों की रचनाओं को लोकप्रिय रूप में दिया गया नाम है। 'भट्ट बाणी' के नाम से इन भट्टों की रचनाओं में 123 स्वैये शामिल हैं, जो पहले पांच गुरू साहिबान के प्रति उनके प्रेम और सम्मान की वास्तविक अभिव्यक्ति में लिखी गई थी।

सिख परंपरा में, भट्ट, गुरू साहिबान की आध्यात्मिकता के व्यक्तिगत अनुभव और दृष्टि वाले कवि हैं। ऐसा कहा जाता है कि यह ग्यारह भट्ट, भट्ट कलसहार जी के नेतृत्व में, एक समूह में, पांचवे गुरु श्री गुरू अरजन साहिब जी के पास आए थे। जब वह गुरू साहिब जी के संपर्क में आए, तो उन्होंने संगत में गाए जाने वाले अनंदमय कीर्तन का व्यक्तिगत रूप में आनंद लिया। नानक जी के घर में उनका विशवास और अधिक दृढ़ हो गया। जब स्वैये लिखने का समय आया तो उन्होंने अपने पौराणिक ज्ञान, पौराणिक पृष्ठ भूमि और गुरू के दरबार में प्राप्त नए आध्यात्मिक अनुभव के प्रकाश में इन स्वैईयों को लिखा। उनके अनुसार श्री गुरू नानक साहिब जी से लेकर सभी गुरू साहिबान एक ही प्रकाश के वाहक थे। गुरूओं की भावना की एकता ही उनके स्वैईयों का मुख्य विष्य था।

भट्ट साहिबान गुरू साहिबान के समर्पित अनुयायी थे और उनकी बाणी श्री गुरू नानक साहिब जी के घराने के प्रति, उनके गहरे सम्मान की सहज अभिव्यक्ति थी। भट्ट मथुरा जी, पहले पांच गुरू साहिबान के व्यक्तित्व को इस तरह ब्यान करते हैं:

जोति रूप हरि आप गुरू नानक कहायउ।।
ता ते अंगद भ्यउ तत सिउ ततु मिलायउ।।
अंगदि किरपा धारि अमरू सतिगुर थिरू कीअउ।।
अमरदासि अमरतु छत्रु गुर रामहि दीअउ।।
गुर रामदास दरसनु परसि कहि मथुरा अमृत बयण।।
मूरति पंच प्रमाण पुरखु गुरू अरजुनु पिखहु नयण।।
(अंग 1407)

इस तरह भट्ट साहिबान के अनुसार सभी गुरू साहिबान एक ही ज्योति हैं और एक ही ज्योति एक से दूसरे शरीर में जा रही है। वह सभी लोगों को संसार रूपी भवसागर से पार ले जाने के लिए गुरू साहिबान को जहाज (बोहिथ) के रूप में मानने में एक मत है। गुरू पारस के समान है– पारस पत्थर जिस का स्पर्श आधार धातु को सोने में बदल देता है। जैसा कि लिखते हैं:

प्रगट जोति जगमगै तेजु भूअ मंडलि छायउ।।
पारसु परसि परसु परसि गुरि गुरू कहायउ।।
भनि मथुरा मूरति सदा थिरू लाइ चितु सनमुख रहहु।।
कलजुगि जहाजु अरजुनु गुरू सृष्टि लगि बितरहु।। (अंग 1407)

महान कोष के लेखक भाई काहन सिंघ नाभा, भट्ट साहिबान को वेदों के अवतार स्वीकार करते हैं। दूसरे शब्दों में, उन्होने उन्हें वेदों का भंडार स्वीकार करते हुए उनकी विद्वता को स्वीकार किया है। भाई संतोख सिंघ जी के अनुसार 'वे वेदों के अवतार थे' कहा जाता है कि भट्ट मूल रूप से सरस्वती नदी के तट पर रहते थे, जो भारतीय पौराणिक ज्ञान की देवी का नाम भी है। इस प्रकार वह सारस्वत अर्थात विद्वान भी कहलाए। उस पार रहने वाले गौड़ कहलाए। इन में से कुछ परिवार सुलतानपुर लोधी (जो अब पंजाब के कपूरथला जिले में है) चले गए और वहीं बस गए। यह एक तथ्य है कि लगभग सभी ग्यारह भट्ट इसी सुलतानपुर लोधी के निवासी थे, यहां श्री गुरू नानक साहिब जी ने 13 वर्षे तक मोदीखाने में सेवा की थी। भट्ट इतिहास के अनुसार, वे भीखा और टोडा भट्टों के बेटे या भतीजे थे।

*शेष पृष्ठ 41 पर*

# ਸਿੰਘ ਸਭਾ ਲਹਿਰ ਦਾ ਇਤਿਹਾਸਕ ਪਿਛੋਕੜ

## (ਨਿੱਜ ਸਰੂਪ ਦਾ ਪ੍ਰਸ਼ਨ)

-ਡਾ. ਫੌਜਾ ਸਿੰਘ

**(ਡਾ. ਫੌਜਾ ਸਿੰਘ ਨੇ ਇਹ ਲੇਖ ਸਿੰਘ ਸਭਾ ਲਹਿਰ ਦੀ ਸ਼ਤਾਬਦੀ ਸਮੇਂ 20-21 ਅਕਤੂਬਰ 1973 ਨੂੰ ਪਟਿਆਲੇ ਹੋਏ ਸੈਮੀਨਾਰ ਵਿਚ ਪੜ੍ਹਿਆ ਸੀ! ਲੇਖ ਦੀ ਅਹਿਮੀਅਤ ਨੂੰ ਦੇਖਦਿਆਂ ਹੋਇਆਂ ਜਨਵਰੀ 1974 ਦੇ 'ਸਿੰਘ ਸਭਾ ਪੱਤਰਕਾ' 'ਚੋਂ ਲੈ ਕੇ ਫਿਰ ਛਾਪਿਆ ਜਾ ਰਿਹਾ ਹੈ- ਸੰਪਾਦਕ)**

ਮੁੱਢ ਤੋਂ ਹੀ ਸਿੱਖ ਇਤਿਹਾਸ ਦੀ ਇਕ ਮਹਾਨ ਸਮੱਸਿਆ ਸਿੱਖੀ ਦੇ ਨਿੱਜੀ ਤੇ ਸੁਤੰਤਰ ਸਰੂਪ ਦੀ ਭਾਲ ਤੇ ਸੁਰੱਖਿਆ ਰਹੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਨਾਮ, ਕੀਰਤਨ, ਦਾਨ, ਸੰਗਤ ਤੇ ਪੰਗਤ ਦੇ ਨਿਯਮਾਂ ਦੇ ਆਧਾਰ 'ਤੇ ਇਕ ਨਵੇਂ ਨਿਵੇਕਲੇ ਸਮਾਜ ਦਾ ਮੁੱਢ ਬੰਨ੍ਹਿਆ ਅਤੇ ਗੁਰੂ ਅੰਗਦ ਸਾਹਿਬ ਜੀ ਨੂੰ ਆਪਣੇ ਪਿੱਛੋਂ ਇਸ ਦੀ ਜ਼ਿੰਮੇਵਾਰੀ ਸੰਭਾਲੀ। ਇਹ ਸਮਾਜ ਦੇਸ਼ ਦੇ ਪ੍ਰਚਲਿਤ ਹਿੰਦੂ ਤੇ ਮੁਸਲਿਮ ਦੋਵਾਂ ਸਮਾਜਾਂ ਤੋਂ ਅੱਡਰਾ ਸੀ। ਇਸ ਦੀ ਪ੍ਰੋੜ੍ਹਤਾ ਮੱਕੇ ਦੀ ਆਮ ਪ੍ਰਚਲਿਤ ਸਾਖ਼ੀ ਤੋਂ ਹੁੰਦੀ ਹੈ, ਜਿਸ ਦੇ ਅਨੁਸਾਰ ਇਹ ਪੁੱਛੇ ਜਾਣ 'ਤੇ ਕਿ ਉਹ ਹਿੰਦੂ ਹਨ ਜਾਂ ਮੁਸਲਮਾਨ, ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਦੋਹਾਂ ਤੋਂ ਵੱਖਰਾ ਦੱਸਿਆ ਸੀ। ''ਹਿੰਦੂ ਕਹਾਂ ਤੋ ਮਾਰੀਐ, ਮੁਸਲਮਾਨ ਭੀ ਨਾਂਹ; ਪੰਜ ਤਤ ਕਾ ਪੁਤਲਾ ਨਾਨਕ ਮੇਰਾ ਨਾਂ।''

ਸਿੱਖ ਸਮਾਜ ਦਾ ਇਹ ਨਵੇਕਲਾਪਣ ਸਮੇਂ ਦੇ ਗੁਜ਼ਰਨ ਨਾਲ ਹੋਰ ਨਿਖ਼ਾਰ ਵਿਚ ਆਇਆ। ਦੇਵ-ਭਾਸ਼ਾ ਸੰਸਕ੍ਰਿਤ ਦੀ ਥਾਂ ਪੰਜਾਬੀ ਨੂੰ ਧਰਮ-ਪ੍ਰਚਾਰ ਦਾ ਮਾਧਿਅਮ ਚੁਣਿਆ ਗਿਆ, ਜੋ ਲੋਕਾਂ ਦੀ ਆਪਣੀ ਬੋਲੀ ਸੀ; ਤੇ ਇਸ ਦੀ ਵਰਣਮਾਲਾ ਨੂੰ ਸੋਧ ਕੇ ਸਰਲ ਕੀਤਾ ਗਿਆ। ਪੁਰਾਣੇ ਤੀਰਥਾਂ ਦੀ ਥਾਂ ਨਵੇਂ ਤੀਰਥ ਅਸਥਾਨ ਉਸਾਰੇ ਗਏ, ਜੋ ਸਮਾਂ ਪਾ ਕੇ ਸਿੱਖੀ ਦੇ ਵੱਡੇ ਕੇਂਦਰ ਬਣੇ। ਮੰਜੀਆਂ ਤੇ ਮਸੰਦਾਂ ਦੀ ਸਥਾਪਤੀ ਨੇ ਨਵੇਂ ਪੁੰਗਰਦੇ ਸਮਾਜ ਨੂੰ ਸੰਗਠਿਤ ਕਰਨ ਤੇ ਪ੍ਰਸਾਰਨ ਵਿਚ ਸਹਾਇਤਾ ਦਿੱਤੀ। ਪੰਜਵੇਂ ਗੁਰੂ ਸਾਹਿਬ ਨੇ ਇਕ ਮਹਾਨ ਪਵਿਤਰ ਗ੍ਰੰਥ ਤਿਆਰ ਕਰਕੇ ਸਿੱਖਾਂ ਦੀ ਇਕ ਹੋਰ ਮੁਢਲੀ ਲੋੜ ਨੂੰ ਪੂਰਾ ਕੀਤਾ। ਜਿਸ ਤਰ੍ਹਾਂ ਹਿੰਦੂਆਂ ਦੇ ਪਾਸ ਵੇਦ ਤੇ ਮੁਸਲਮਾਨਾਂ ਕੋਲ ਕੁਰਾਨ ਮੌਜੂਦ ਸੀ, ਉਸੇ ਲੋੜ ਨੂੰ ਮੁੱਖ ਰੱਖਦਿਆਂ ਹੋਇਆਂ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕੀਤਾ। ਉਨ੍ਹਾਂ ਨੇ ਆਪਣੀ ਬਾਣੀ ਵਿਚ (ਰਾਗ ਭੈਰਉ, ਪੰਨਾ 1136) ਸਪਸ਼ਟ ਕੀਤਾ ਕਿ ਉਹ ਨਾ ਹਿੰਦੂ ਹਨ ਨਾ ਮੁਸਲਮਾਨ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਗੁਰਮਤਿ ਸਿਧਾਂਤ 'ਤੇ ਜ਼ੋਰ ਦੇ ਕੇ ਸਿੱਖੀ ਦੀ ਨਵੇਕਲੀ ਹੈਸੀਅਤ ਨੂੰ ਹੋਰ ਉਭਾਰਿਆ। ਦਬਸਿਤਾਨਿ ਮਜ਼ਹਬ ਦਾ ਕਰਤਾ, ਜੋ ਛੇਵੇਂ ਤੇ ਸੱਤਵੇਂ ਗੁਰੂ ਸਾਹਿਬਾਂ ਦਾ ਸਮਕਾਲੀ ਸੀ, ਨੇ ਵੀ ਇਸ ਦਾ ਸੰਕੇਤ ਦਿੰਦਿਆਂ ਲਿਖਿਆ ਹੈ : "ਸੰਖੇਪ ਤੌਰ 'ਤੇ ਨਾਨਕ ਦੇ ਮੁਰੀਦ ਬੁੱਤ ਨੂੰ ਬੁਰਾ ਸਮਝਦੇ ਹਨ, ਹਿੰਦੂਆਂ ਦੇ ਮੰਤਰਾਂ ਨੂੰ ਨਹੀਂ ਪੜ੍ਹਦੇ ਤੇ ਉਨ੍ਹਾਂ ਦੇ ਬੁੱਤਾਂ ਦਾ ਆਦਰ ਨਹੀਂ ਕਰਦੇ, (ਉਹਨਾਂ ਦੇ) ਅਵਤਾਰਾਂ ਦੀ ਕੁਝ ਪ੍ਰਵਾਹ ਨਹੀਂ ਕਰਦੇ ਤੇ ਸੰਸਕ੍ਰਿਤ ਭਾਸ਼ਾ ਨੂੰ ਜੋ ਹਿੰਦੂਆਂ ਦੇ ਕਥਨ ਦੇ ਅਨੁਸਾਰ ਦੇਵਭਾਸ਼ਾ ਹੈ, ਪਵਿਤਰ ਨਹੀਂ ਮੰਨਦੇ।"

ਗੁਰੂ ਤੇਗ਼ ਬਹਾਦਰ ਸਾਹਿਬ ਦੀ ਦਿੱਲੀ ਵਿਖੇ ਸ਼ਹੀਦੀ ਦੇ ਸਮੇਂ ਜਦੋਂ ਕੁਝ ਸਿੱਖਾਂ ਨੇ ਸਿੱਖ ਹੁੰਦਿਆਂ ਹੋਇਆਂ ਵੀ ਇਸ ਤੋਂ ਇਨਕਾਰ ਕਰ ਦਿੱਤਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਸਿੱਖੀ ਲਈ ਅਤਿ ਖ਼ਤਰਨਾਕ ਸਮਝਿਆ ਅਤੇ ਅੱਗੋਂ ਲਈ ਇਸ ਨੂੰ ਰੋਕਣ ਦਾ ਪੂਰਨ ਪ੍ਰਬੰਧ ਕਰਨ ਦਾ ਫ਼ੈਸਲਾ ਕਰ ਲਿਆ। ਇਸ ਮਨੋਰਥ ਦੀ ਪ੍ਰਾਪਤੀ ਲਈ ਉਨ੍ਹਾਂ ਸਿੱਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਪੰਜ ਕਕਾਰ ਪਵਾ ਕੇ ਉਨ੍ਹਾਂ ਨੂੰ ਅਜਿਹਾ ਨਿਖੜਵਾਂ ਸਰੂਪ ਪ੍ਰਦਾਨ ਕੀਤਾ ਕਿ ਹਜ਼ਾਰਾਂ ਲੱਖਾਂ ਦੀ ਭੀੜ ਵਿਚ ਵੀ ਕੋਈ ਸਿੱਖ ਲੁਕਿਆ ਨਾ ਰਹਿ ਸਕੇ। ਨਵੇਂ ਸਾਜੇ ਖ਼ਾਲਸੇ ਨੂੰ ਧਰਮਨਾਸ਼, ਕਿਰਤਨਾਸ਼, ਕਰਮਨਾਸ਼, ਕੁਲਨਾਸ਼ ਆਦਿ ਦਾ ਉਪਦੇਸ਼ ਦਿੱਤਾ, ਜਿਸ ਦਾ ਮਨੋਰਥ ਵੀ ਖ਼ਾਲਸੇ ਦੀ ਵਿਲੱਖਣਤਾ ਨੂੰ ਹੋਰ ਪੱਕਿਆਂ ਕਰਨਾ ਸੀ। ਰਵਾਇਤ ਅਨੁਸਾਰ ਇਸ ਸੰਬੰਧੀ ਦਸ਼ਮੇਸ਼ ਜੀ ਨੇ ਸਪਸ਼ਟ ਸ਼ਬਦਾਂ ਵਿਚ ਫੁਰਮਾਇਆ ਸੀ, "ਜਬ ਲਗ ਖਾਲਸਾ ਰਹੇ ਨਿਆਰਾ; ਤਬ ਲਗ ਤੇਜ ਦੀਉ ਮੈਂ ਸਾਰਾ।" ਇਸੇ ਤੱਤ ਨੂੰ ਮੁੱਖ ਰੱਖਦੇ ਹੋਏ ਭਾਈ ਗੁਰਦਾਸ ਸਿੰਘ (ਦੂਜਾ) ਨੇ ਦਸ਼ਮੇਸ਼ ਜੀ ਦੇ ਖ਼ਾਲਸਾ ਨੂੰ ਤੀਸਰਾ ਪੰਥ ਆਖਿਆ ਹੈ।

ਦਸਵੇਂ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੇ ਸਾਲ 1708 ਈਸਵੀ ਤੋਂ ਲੈ ਕੇ 1765 ਈਸਵੀ ਤੱਕ ਜਦੋਂ ਕਿ ਪੰਜਾਬ ਦੀ ਰਾਜਸੱਤਾ ਸਿੱਖ ਮਿਸਲਾਂ ਦੇ ਹੱਥ ਵਿਚ ਆ ਗਈ, ਹਕੂਮਤ ਦੀਆਂ ਮਾਰੂ ਨੀਤੀਆਂ ਨੇ ਉਨ੍ਹਾਂ ਦਾ ਆਪਣੇ ਘਰਾਂ ਵਿਚ ਰਹਿਣਾ ਅਸੰਭਵ ਬਣਾ ਦਿੱਤਾ ਤੇ ਉਹ ਸਭ ਕੁਝ ਛੱਡ-ਛਡਾ ਕੇ ਜੰਗਲਾਂ, ਛੰਭਾਂ ਤੇ ਪਹਾੜਾਂ ਵਿਚ ਜਾ ਵਸੇ, ਜਿੱਥੋਂ ਤੱਕ ਪਹਿਲਾਂ ਛੋਟੇ ਛੋਟੇ ਜਥਿਆਂ ਨਾਲ ਤੇ ਮਗਰੋਂ 'ਤਰਨਾ ਦਲ' ਤੇ 'ਬੁੱਢਾ ਦਲ' ਵਰਗੇ ਵੱਡੇ ਵੱਡੇ ਜਥਿਆਂ ਨਾਲ ਉਨ੍ਹਾਂ ਨੇ ਜ਼ਾਲਮ ਹਕੂਮਤ ਦੇ ਵਿਰੁੱਧ ਇਕ ਲੰਮਾ ਸੁਤੰਤਰਤਾ-ਸੰਗਰਾਮ ਛੇੜ ਦਿੱਤਾ। ਚੂੰਕਿ ਇਸ ਸੰਘਰਸ਼ ਵਿਚ ਕੇਵਲ ਦ੍ਰਿੜ੍ਹ-ਵਿਸ਼ਵਾਸੀ ਸਿੱਖ ਹੀ ਭਾਗ ਲੈਣ ਦਾ ਹੀਆ ਕਰ ਸਕਦੇ ਹਨ, ਇਸ ਲਈ ਰਹਿੰਦਾ-ਖੂੰਹਦਾ ਖੋਟ ਵੀ ਨਿਕਲ ਗਿਆ ਤੇ ਮਗਰੋਂ ਕੇਵਲ ਪਾਸੇ ਦਾ ਸੋਨਾ ਹੀ ਰਹਿ ਗਿਆ। ਹਾਂ, ਇਸ ਦਾ ਇਕ ਸਿੱਟਾ ਇਹ ਵੀ ਨਿਕਲਿਆ ਕਿ ਆਮ ਹਿੰਦੂ ਜਨਤਾ ਤੇ ਸਿੱਖ ਇਕ ਦੂਜੇ ਦੇ ਵਧੇਰੇ ਨੇੜੇ ਆ ਗਏ। ਇਸ ਦਾ ਵੱਡਾ ਕਾਰਨ ਇਹ ਸੀ ਕਿ ਸਿੱਖਾਂ ਨੂੰ ਹਿੰਦੂਆਂ ਤੋਂ ਨੈਤਿਕ ਸਹਾਇਤਾ ਦੀ ਲੋੜ ਰਹਿੰਦੀ ਸੀ ਅਤੇ ਹਿੰਦੂਆਂ ਨੂੰ ਉਨ੍ਹਾਂ ਤੋਂ ਸੁਰੱਖਿਆ ਦੀ।

1765 ਤੋਂ ਪਿੱਛੋਂ ਪੰਜਾਬ ਦੀ ਸਥਿਤੀ ਵਿਚ ਇਕ ਵੱਡਾ ਪਰਿਵਰਤਨ ਆਇਆ। ਮੁਗ਼ਲਾਂ ਦੇ ਪੈਰ ਤਾਂ ਪਹਿਲਾਂ ਹੀ ਉਖੜ ਚੁੱਕੇ ਸਨ, ਅਫ਼ਗਾਨਾਂ ਦੇ ਪੈਰ ਵੀ ਹੁਣ ਉਖੜ ਗਏ ਅਤੇ ਰਾਜ ਸੱਤਾ ਸਿੱਖ ਮਿਸਲਾਂ ਦੇ ਹੱਥ ਵਿਚ ਆ ਗਈ। ਸੁਤੰਤਰਤਾ ਸੰਗਰਾਮ ਦੇ ਦਿਨਾਂ ਵਿਚ ਜੋ ਏਕਤਾ ਤੇ ਦ੍ਰਿੜ੍ਹਤਾ ਦੇ ਗੁਣ ਉਤਪੰਨ ਹੋਏ ਸਨ, ਉਹ ਅਲੋਪ ਹੋਣੇ ਸ਼ੁਰੂ ਹੋ ਗਏ ਤੇ ਉਨ੍ਹਾਂ ਦੀ ਥਾਂ ਆਪਸੀ ਫੁੱਟ ਨੇ ਮੱਲਣੀ ਸ਼ੁਰੂ ਕਰ ਦਿੱਤੀ। ਇਸ ਅਵਸਥਾ ਵਿਚ ਹਿੰਦੂ ਜਾਤੀ, ਵਿਸ਼ੇਸ਼ ਕਰ ਕੇ ਉਸ ਦੇ ਪੁਜਾਰੀ ਬ੍ਰਾਹਮਣ, ਸਿੱਖ ਆਗੂਆਂ ਦੇ ਬਹੁਤ ਕਰੀਬ ਆ ਗਏ, ਜਿਸ ਕਾਰਨ ਹਿੰਦੂ ਰੀਤਾਂ ਤੇ ਰਸਮਾਂ ਨੇ ਉਨ੍ਹਾਂ ਦੇ ਜੀਵਨ ਵਿਚ ਪ੍ਰਵੇਸ਼ ਕਰਨਾ ਆਰੰਭ ਦਿੱਤਾ। ਹੌਲੀ ਹੌਲੀ ਬ੍ਰਾਹਮਣਵਾਦ ਦਾ ਪ੍ਰਭਾਵ ਇੰਨਾ ਵਧ ਗਿਆ ਕਿ ਮਹਾਰਾਜਾ ਰਣਜੀਤ ਸਿੰਘ ਦੇ ਜ਼ਮਾਨੇ ਵਿਚ ਹਿੰਦੂਆਂ ਤੇ ਸਿੱਖਾਂ ਵਿਚ ਨਿਖੇੜਾ ਕਰਨਾ ਵੀ ਕਠਿਨ ਹੋ ਗਿਆ। ਆਮ ਹਿੰਦੂਆਂ ਨੇ ਸਿੱਖਾਂ ਵਾਂਗ ਦਾੜ੍ਹੀਆਂ ਰੱਖਣੀਆਂ ਤੇ ਪੱਗਾਂ ਬੰਨ੍ਹਣੀਆਂ ਆਰੰਭ ਦਿੱਤੀਆਂ। ਦੂਸਰੇ ਪਾਸੇ ਸਿੱਖਾਂ ਨੇ ਵੀ ਹਿੰਦੂਆਂ ਵਾਂਗੂ ਮੰਦਰਾਂ ਵਿਚ ਜਾਣਾ, ਬੁੱਤ ਪੂਜਣੇ, ਹਿੰਦੂ ਰਹੁ-ਰੀਤਾਂ ਕਰਨਾ, ਦੇਵ-ਦੇਵਤਿਆਂ ਨੂੰ ਮੰਨਣਾ, ਆਰਤੀਆਂ ਤੇ ਹਵਨ ਕਰਨਾ, ਵਿਧਵਾ ਔਰਤਾਂ ਨੂੰ ਸਾੜਨਾ ਸ਼ੁਰੂ ਕਰ ਦਿੱਤਾ। ਸਿੱਖ ਘਰਾਂ ਵਿਚ ਬ੍ਰਾਹਮਣਾਂ ਦੀ ਪੁੱਛ-ਗਿੱਛ ਇੰਨੀ ਵਧ ਗਈ ਕਿ ਉਨ੍ਹਾਂ ਦੀ ਸਲਾਹ ਤੋਂ ਬਿਨਾ ਕੋਈ ਕੰਮ ਕਰਨਾ ਵੀ

ਮੁਸ਼ਕਲ ਹੋ ਗਿਆ। ਸਿੱਖ ਹਿੰਦੂਆਂ ਵਾਂਗ ਸਰਾਧ ਕਰਨਾ, ਪਿੱਤਰ ਪੂਜਣ, ਵਰਤ ਰਖਣ ਤੇ ਮੜ੍ਹੀਆਂ ਸਮਾਧਾਂ ਪੂਜਣ ਲੱਗ ਪਏ।

1849 ਵਿਚ ਪੰਜਾਬ ਦੀ ਆਜ਼ਾਦੀ ਖੁੱਸਣ ਉਪਰੰਤ ਸਿੱਖਾਂ ਦੀ ਸਵੈ-ਹੋਂਦ ਨੂੰ ਹੋਰ ਵੱਡਾ ਧੱਕਾ ਲੱਗਾ। ਹਿੰਦੂਆਂ ਵਿੱਚੋਂ ਜੋ ਦਾੜ੍ਹੀ ਮੁੱਛਾਂ ਰੱਖ ਕੇ ਨਾ-ਮਾਤਰ ਸਿੱਖ ਸਜੇ ਹੋਏ ਸਨ, ਖ਼ਾਲਸਾ ਰਾਜ ਦੇ ਚਲੇ ਜਾਣ ਮਗਰੋਂ ਮੁੜ ਆਪਣੇ ਅਸਲੀ ਰੂਪ ਵਿਚ ਆ ਗਏ। ਸਿੱਖ ਗੁਰਧਾਮਾਂ ਦੇ ਪੁਜਾਰੀਆਂ ਨੇ ਵੀ ਪੈਂਤੜਾ ਬਦਲ ਲਿਆ। ਉਹ ਗੁਰਦੁਆਰਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਨੂੰ ਆਪਣੇ ਨਾਵਾਂ ਹੇਠ ਦਰਜ ਕਰਵਾ ਕੇ ਉਨ੍ਹਾਂ ਦੇ ਨਿੱਜੀ ਮਾਲਿਕ ਬਣ ਬੈਠੇ। ਇੰਜ ਹੀ ਸ਼ਰਧਾਲੂਆਂ ਦਾ ਚੜ੍ਹਾਵਾ ਉਨ੍ਹਾਂ ਦੀ ਜਾਤੀ ਮਲਕੀਅਤ ਬਣ ਗਿਆ। ਹਿੰਦੂ ਸ਼ਰਧਾਲੂਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਨੇ ਗੁਰਦੁਆਰਿਆਂ ਵਿਚ ਮੂਰਤੀਆਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਜੋ ਕਿ ਸਿੱਖੀ ਸਿਧਾਂਤ ਦੇ ਵਿਰੁੱਧ ਸੀ। ਇਸ ਪ੍ਰਕਾਰ ਦੇ ਵਾਤਾਵਰਨ ਵਿਚ ਕੁਦਰਤੀ ਗੱਲ ਸੀ ਕਿ ਸਿੱਖੀ ਦੇ ਵਿਲੱਖਣ ਸਰੂਪ ਦੀ ਜਾਂ ਇਸ ਦੀ ਆਜ਼ਾਦ ਹੈਸੀਅਤ ਦੀ ਤਸਵੀਰ ਧੁੰਦਲੀ ਪੈ ਜਾਵੇ। ਸਿੰਘ ਸਭਾ ਲਹਿਰ ਨੇ ਇਸ ਖ਼ਤਰੇ ਨੂੰ ਚੰਗੀ ਤਰ੍ਹਾਂ ਅਨੁਭਵ ਕੀਤਾ ਤੇ ਸਿੱਖੀ ਦੇ ਨਿਜ ਸਰੂਪ (ਪਹਿਚਾਣ) ਨੂੰ ਮੁੜ ਤੋਂ ਬਹਾਲ ਕਰਨ ਲਈ ਜ਼ੋਰਦਾਰ ਆਵਾਜ਼ ਉਠਾਈ। ਚੂੰਕਿ ਸਿੱਖੀ ਦੀ ਸਵੈ-ਹੋਂਦ ਨੂੰ ਵਧੇਰੇ ਕਰਕੇ ਖ਼ਤਰਾ ਬ੍ਰਾਹਮਣਵਾਦ ਤੋਂ ਸੀ, ਇਸ ਲਈ ਭਾਈ ਕਾਹਨ ਸਿੰਘ ਨਾਭਾ ਨੂੰ ਇਸ ਸੰਬੰਧ ਵਿਚ ਇਕ ਪੂਰੀ ਪੁਸਤਕ ਲਿਖਣੀ ਪਈ ਕਿ 'ਹਮ ਹਿੰਦੂ ਨਹੀਂ' ਅਤੇ ਭਗਤ ਲਕਸ਼ਮਨ ਸਿੰਘ ਨੂੰ ਇਸ ਵਿਸ਼ੇ 'ਤੇ ਆਪਣੇ ਅਖ਼ਬਾਰ ਵਿਚ ਲਗਾਤਾਰ 22 ਲੇਖ ਲਿਖਣੇ ਪਏ।

**ਕੁਰੀਤੀਆਂ ਦਾ ਪ੍ਰਵੇਸ਼**

ਤਾਕਤ ਤੇ ਦੌਲਤ ਵਿਅਕਤੀ ਤੇ ਸਮਾਜ ਦੋਵਾਂ ਲਈ ਹਾਨੀਕਾਰਕ ਹੁੰਦੇ ਹਨ। ਇਸ ਕਥਨ ਦੀ ਸਚਿਆਈ ਸਿੱਖੀ ਇਤਿਹਾਸ ਤੋਂ ਬੜੀ ਚੰਗੀ ਤਰ੍ਹਾਂ ਉਘੜ ਕੇ ਸਾਹਮਣੇ ਆਉਂਦੀ ਹੈ। ਸੰਨ 1765 ਤੋਂ ਪਹਿਲਾਂ ਜਦੋਂ ਸਿੱਖਾਂ ਕੋਲ ਨਾ ਧਨ ਸੀ ਤੇ ਨਾ ਤਾਕਤ, ਉਨ੍ਹਾਂ ਦੀ ਆਚਰਣ ਦੀ ਦੁਸ਼ਮਣਾਂ ਵਿਚ ਵੀ ਸ਼ਲਾਘਾ ਸੀ, ਜਿਵੇਂ ਕਿ ਕਾਜ਼ੀ ਨੂਰ ਮੁਹੰਮਦ ਇਨ੍ਹਾਂ ਨੂੰ ਸਗ ਕਹਿੰਦਾ ਹੋਇਆ ਵੀ ਤਾਰੀਫ਼ ਦੇ ਪੁਲ ਬੰਨ੍ਹਦਾ ਹੈ। ਪਰੰਤੂ ਮਗਰੋਂ ਸ਼ਕਤੀ ਤੇ ਧਨ ਦੇ ਨਸ਼ੇ ਨੇ ਇਨ੍ਹਾਂ ਦੀ ਇਹ ਹਾਲਤ ਨਾ ਰਹਿਣ ਦਿੱਤੀ। ਰਣਜੀਤ ਸਿੰਘ ਦੇ ਸਮੇਂ ਤੇ ਉਸ ਤੋਂ ਬਾਅਦ ਮੱਚੀ ਗੜਬੜੀ ਦੇ ਦਿਨਾਂ ਵਿਚ ਸਿੱਖ ਸਮਾਜ ਨੂੰ ਮਾਨੋ ਵੱਡੀ ਢਾਹ ਲੱਗੀ ਤੇ ਇਸ ਵਿਚੋਂ ਸਮਾਨਤਾ ਦਾ ਕੇਂਦਰੀ ਗੁਣ ਅਲੋਪ ਹੋ ਗਿਆ। ਜਿਨ੍ਹਾਂ ਕੋਲ ਜਾਗੀਰਾਂ, ਮਿਲਖਾਂ ਜਾਂ ਉੱਚੀਆਂ ਪਦਵੀਆਂ ਸਨ, ਉਨ੍ਹਾਂ ਦੀ ਇਕ ਵੱਖਰੀ ਹੀ ਉੱਚੀ ਸ਼੍ਰੇਣੀ ਬਣ ਗਈ। ਉਨ੍ਹਾਂ ਦੀ ਰਹਿਣੀ ਬਹਿਣੀ ਵਿਚੋਂ ਸਿੱਖੀ ਦਾ ਅਸਲੀ ਪ੍ਰਭਾਵ ਜਾਂਦਾ ਰਿਹਾ ਅਤੇ ਹੋਰ ਫ਼ਿਰਕਿਆਂ ਦੇ ਅਮੀਰਾਂ ਵਾਂਗ ਵਿਲਾਸਤਾ ਦੀ ਜ਼ਿੰਦਗੀ ਬਤੀਤ ਕਰਨ ਲੱਗ ਪਏ। ਸ਼ਰਾਬ ਵਿਚ ਗੁੱਟ ਰਹਿਣਾ ਅਤੇ ਮੁਸਲਮਾਨ ਨਵਾਬਾਂ ਵਾਂਗੂੰ ਕੰਜਰੀਆਂ, ਨਾਚੀਆ, ਮਿਰਾਸੀ, ਡੂਮ, ਡਫਾਲ, ਭੰਡ ਤੇ ਭੜੂਏ ਰੱਖਣਾ ਉਨ੍ਹਾਂ ਦਾ ਨਿੱਤ ਦਾ ਕਰਮ ਬਣ ਗਿਆ। ਇਸ ਦੇ ਉਲਟ ਨੀਵੀਂ ਜਾਤੀ ਦੇ ਲੋਕਾਂ ਪ੍ਰਤੀ ਘ੍ਰਿਣਾ ਦੀ ਭਾਵਨਾ ਵਧ ਗਈ। ਸਿੱਖ ਧਰਮ ਵਿਚ ਛੂਆ-ਛਾਤ ਦੀ ਉੱਕੀ ਮਨਾਹੀ ਹੈ, ਪਰ ਹੁਣ ਇਨ੍ਹਾਂ ਵਿਚ ਵੀ ਇਹ ਲਾਹਨਤ ਆ ਵੜੀ। ਹੌਲੀ-ਹੌਲੀ ਇਨ੍ਹਾਂ ਦੀ ਹਾਲਤ ਇੰਨੀ ਨਿਘਰੀ ਕਿ ਇਨ੍ਹਾਂ ਦੇ ਘਰਾਂ ਵਿਚ ਰਿਸ਼ਤੇ ਨਾਤੇ ਕਰਨਾ ਤਾਂ ਇਕ ਪਾਸੇ ਰਿਹਾ, ਇਨ੍ਹਾਂ ਦੇ ਹੱਥਾਂ ਦਾ ਖਾਣਾ ਵੀ ਬੁਰਾ ਸਮਝਿਆ ਜਾਣ ਲੱਗ ਪਿਆ। ਗੁਰਦੁਆਰਿਆਂ ਵਿਚ ਵੀ ਇਸ ਲਾਹਨਤ ਨੇ ਇਨ੍ਹਾਂ ਦਾ ਪਿੱਛਾ ਨਾ ਛੱਡਿਆ ਤੇ ਮਹੰਤ, ਪੁਜਾਰੀ ਤੇ ਹੋਰ ਉੱਚ-ਵਰਗੀ ਲੋਕ ਇਨ੍ਹਾਂ ਤੋਂ ਪ੍ਰਸ਼ਾਦ ਲੈਣਾ ਆਪਣੇ ਆਪ ਨੂੰ ਭ੍ਰਿਸ਼ਟ ਕਰਨਾ ਸਮਝਣ ਲੱਗੇ। ਇਸੇ ਤਰ੍ਹਾਂ ਔਰਤਾਂ ਦੀ ਪੁਜ਼ੀਸ਼ਨ ਵਿਚ ਵੀ ਵੱਡੀ ਗਿਰਾਵਟ ਆਈ। ਸਿੱਖੀ ਆਸ਼ੇ ਦੇ ਬਿਲਕੁਲ ਉਲਟ ਇਨ੍ਹਾਂ ਨੂੰ ਘਟੀਆ ਸਮਝਿਆ ਜਾਣ ਲਗਾ। ਲੜਕੀ ਦਾ ਜਨਮ ਮਨਹੂਸ ਖ਼ਿਆਲ ਕੀਤਾ ਜਾਣ ਲੱਗਾ ਤੇ ਵੱਡੀਆਂ ਜਾਤੀਆਂ ਵਿਚ ਜੰਮਦੀਆਂ ਲੜਕੀਆਂ ਨੂੰ ਮਾਰ ਦੇਣ ਦਾ ਰਿਵਾਜ਼ ਹੋ ਗਿਆ। ਜਿਹੜੀਆਂ ਇਸ ਤੋਂ ਬਚ ਜਾਂਦੀਆਂ ਸਨ, ਉਨ੍ਹਾਂ ਨੂੰ ਛੋਟੀ ਉਮਰ ਵਿਚ ਹੀ ਵਿਆਹੁਣ ਦਾ ਰਿਵਾਜ਼ ਜ਼ੋਰ ਪਕੜ ਗਿਆ। ਜੇ ਬਦਕਿਸਮਤੀ ਨਾਲ ਕਿਸੇ ਅਜਿਹੀ ਬਾਲ-ਵਹੁਟੀ ਦਾ ਪਤੀ ਮਰ ਜਾਏ ਤਾਂ ਉਸ ਨੂੰ ਆਪਣੇ ਪਤੀ ਦੇ ਮ੍ਰਿਤ ਸਰੀਰ ਨਾਲ ਸਤੀ ਹੋਣ ਲਈ ਮਜ਼ਬੂਰ ਕੀਤਾ ਜਾਂਦਾ ਅਤੇ ਜੇ ਉਹ ਐਸਾ ਨਾ ਕਰੇ ਤਾਂ ਉਸ ਨੂੰ ਸਾਰੀ ਉਮਰ ਵਿਧਵਾ ਦੀ ਬੇਰਸ, ਬੇਰੰਗ ਤੇ ਘ੍ਰਿਣਾ ਭਰਪੂਰ ਜ਼ਿੰਦਗੀ ਬਸਰ ਕਰਨੀ ਪੈਂਦੀ। ਸਮੁੱਚੇ ਤੌਰ 'ਤੇ ਇਸ ਸਮੇਂ ਜਾਤ-ਪਾਤ ਦੀ ਤਮੀਜ਼ ਦੇ ਪੱਖੋਂ ਹਿੰਦੂ ਸਮਾਜ ਤੇ ਸਿੱਖ ਸਮਾਜ ਵਿਚ ਥੋੜ੍ਹਾ ਹੀ ਅੰਤਰ ਰਹਿ ਗਿਆ ਸੀ।

ਧਾਰਮਿਕ ਖੇਤਰ ਵਿਚ ਜਿੱਥੇ ਸਿੱਖ ਸਮਾਜ ਬ੍ਰਾਹਮਣਵਾਦ ਦੇ ਅਸਰ ਹੇਠ ਬੜੀ ਤੇਜ਼ੀ ਨਾਲ ਆ ਰਿਹਾ ਸੀ। ਉੱਥੇ ਜ਼ਾਹਿਰਦਾਰੀ, ਪਾਖੰਡ ਤੇ ਭੇਖ ਦਾ ਗ੍ਰਹਿਣ ਅਸਲੀ ਧਰਮ-ਰੂਪੀ ਸੂਰਜ ਨੂੰ ਦਬਾ ਸਟ ਖਾਈ ਜਾ ਰਿਹਾ ਸੀ। ਇੰਜ ਸਿੱਖ ਧਰਮ ਕੇਵਲ ਵਖਾਵੇ ਦਾ ਧਰਮ ਹੀ ਰਹਿ ਗਿਆ ਸੀ ਅਤੇ ਜੋ ਉੱਚੇ ਨਿਸ਼ਾਨੇ ਗੁਰੂ ਸਾਹਿਬਾਂ ਨੇ ਮਿੱਥੇ ਸਨ, ਉਹ ਮੱਸਿਆ ਦੇ ਚੰਦਰਮਾ ਵਾਂਗ ਨਜ਼ਰੋਂ ਉਹਲੇ ਹੁੰਦੇ ਜਾ ਰਹੇ ਸਨ। ਇਸ ਦੇ ਨਾਲ-ਨਾਲ ਵਿਅਕਤੀਗਤ ਗੁਰੂਆਂ ਦੇ ਰੂਪ ਵਿਚ ਇਕ ਹੋਰ ਮਹਾਂਮਾਰੀ ਫੈਲ ਰਹੀ ਸੀ। ਬੇਦੀਆਂ ਤੇ ਸੋਢੀਆਂ ਨੂੰ ਗੁਰੂ ਅੰਸ ਹੋਣ ਦਾ ਮਾਣ ਪ੍ਰਾਪਤ ਸੀ। ਇਸ ਦਾ ਨਾਜਾਇਜ਼ ਫਾਇਦਾ ਉਠਾਉਣ ਲਈ ਇਨ੍ਹਾਂ ਨੇ ਆਪਣੇ ਗੁਰੂਡੰਮ੍ਹ ਸਥਾਪਿਤ ਕਰ ਲਏ। ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਦੀ ਥਾਂ ਇਨ੍ਹਾਂ ਪਾਖੰਡੀ ਗੁਰੂਆਂ ਦੀ ਪੂਜਾ ਹੋਣ ਲੱਗ ਪਈ। ਇਸ ਦਾ ਇਕ ਬੁਰਾ ਨਤੀਜਾ ਇਹ ਹੋਇਆ ਕਿ ਸਿੱਖ ਕੌਮ ਦਾ ਸੰਗਠਨ ਟੁੱਟਣ ਲੱਗ ਪਿਆ ਤੇ ਇਸ ਵਿਚ ਇੰਤਸ਼ਾਰ ਪੈਦਾ ਹੋਣ ਲੱਗਾ। ਇੱਥੇ ਇਹ ਯਾਦ ਰੱਖਣ ਦੀ ਲੋੜ ਹੈ ਕਿ ਕੇਵਲ ਗੁਰੂ ਸਾਹਿਬ ਦੀ ਗੁਰਿਆਈ ਦਾ ਵਿਸ਼ਵਾਸ ਹੀ ਸਿੱਖ ਕੌਮ ਨੂੰ ਇਕੱਠਿਆਂ ਕਰਦਾ ਹੈ, ਇਸ ਵਿਚ ਸੰਗਠਨ ਪੈਦਾ ਕਰਦਾ ਹੈ ਤੇ ਇੰਜ ਇਸ ਲਈ ਤਰੱਕੀ ਦਾ ਰਾਹ ਖੋਲ੍ਹਦਾ ਹੈ ਅਤੇ ਇਸ ਦੇ ਉਲਟ ਗੁਰੂਡੰਮ੍ਹਾਂ ਦਾ ਚੱਕਰ ਇਸ ਵਿਚ ਕਮਜ਼ੋਰੀ ਪੈਦਾ ਕਰਦਾ ਹੈ।

ਜਦ ਸਿੱਖ ਸੰਨ 1849 ਵਿਚ ਰਾਜ ਸੱਤਾ ਤੋਂ ਵਾਂਝੇ ਗਏ ਤਾਂ ਇਨ੍ਹਾਂ ਦੀ ਹਾਲਤ ਹੋਰ ਵੀ ਗੰਭੀਰ ਹੋ ਗਈ। ਇਸ ਦੇ ਕਾਰਨਾਂ ਵਿਚ ਇੱਕ ਵੱਡਾ ਕਾਰਨ ਗੁਰ-ਧਾਮਾਂ ਦੇ ਪ੍ਰਬੰਧ ਵਿਚ ਤੇਜ਼ੀ ਨਾਲ ਆ ਰਹੀ ਗਿਰਾਵਟ ਸੀ, ਜਿਸ ਲਈ ਵਧੇਰੇ ਕਰਕੇ ਇਨ੍ਹਾਂ ਦੇ ਇੰਚਾਰਜ ਪੁਜਾਰੀ ਜਾਂ ਮਹੰਤ ਜ਼ਿੰਮੇਵਾਰ ਸਨ। ਇਨ੍ਹਾਂ ਨੂੰ ਇਕ ਪਾਸੇ ਸਰਕਾਰ ਤੇ ਅਨਮਤੀਆਂ ਦੀ ਸ਼ਹਿ ਪ੍ਰਾਪਤ ਸੀ ਅਤੇ ਦੂਜੇ ਪਾਸੇ ਗੁਰਦੁਆਰਿਆਂ ਤੋਂ ਹਾਸਿਲ ਹੁੰਦੇ ਧਨ ਦਾ ਮਾਣ। ਇਹ ਆਪ ਵੀ ਦਿਨੋਂ-ਦਿਨ ਨਿਘਰਦੇ ਜਾਂਦੇ ਸਨ ਤੇ ਇਨ੍ਹਾਂ ਦੇ ਪ੍ਰਬੰਧ ਹੇਠ ਗੁਰੂ-ਸਥਾਨਾਂ ਦੀ ਹਾਲਤ ਵੀ ਵਿਗੜਦੀ ਜਾਂਦੀ ਸੀ।

**ਦੂਜੇ ਧਰਮਾਂ ਦੇ ਵਾਰ**

ਸਿੱਖ ਸਮਾਜ ਦੀ ਅਜਿਹੀ ਕਮਜ਼ੋਰ ਅਵਸਥਾ ਵਿਚ ਸਿੱਖ ਧਰਮ ਤੇ ਦੂਜੇ ਧਰਮਾਂ ਵਲੋਂ ਵਾਰ ਹੋਣੇ ਕੁਦਰਤੀ ਗੱਲ ਹੀ ਸੀ। ਇਸ ਸੰਬੰਧੀ ਪਹਿਲ ਈਸਾਈ ਪਾਦਰੀਆਂ ਨੇ ਕੀਤੀ। ਲੁਧਿਆਣਾ ਮਿਸ਼ਨ ਤਾਂ ਰਣਜੀਤ ਸਿੰਘ ਦੇ ਸਮੇਂ ਵਿਚ ਹੀ ਸਥਾਪਿਤ ਹੋ ਚੁੱਕਾ ਸੀ। ਪੰਜਾਬ ਦੇ ਅੰਗਰੇਜ਼ੀ ਸ਼ਾਸ਼ਨ ਹੇਠ ਆਉਣ ਮਗਰੋਂ ਅੰਮ੍ਰਿਤਸਰ, ਲਾਹੌਰ, ਸਿਆਲਕੋਟ ਤੇ ਹੋਰ ਕਈ ਸ਼ਹਿਰਾਂ ਵਿਚ ਵੀ ਅਜਿਹੇ ਮਿਸ਼ਨ ਸਥਾਪਿਤ ਹੋ ਗਏ, ਜਿਨ੍ਹਾਂ ਦੁਆਰਾ ਸਮੁੱਚੇ ਪੰਜਾਬ ਅੰਦਰ ਈਸਾਈ ਮੱਤ ਦਾ ਪ੍ਰਚਾਰ ਜ਼ੋਰਾਂ ਨਾਲ ਆਰੰਭ ਹੋ ਗਿਆ। ਇਸ ਮੁਹਿੰਮ ਦੇ ਪਿੱਛੇ ਸਰਕਾਰੀ ਅਫ਼ਸਰਾਂ ਦਾ ਹੱਥ ਵੀ ਕੰਮ ਕਰਦਾ ਸੀ ਤੇ ਇਨ੍ਹਾਂ ਵਿੱਚੋਂ ਕਈ ਜਾਹਨ ਲਾਰੰਸ ਵਰਗੇ ਉੱਚ-ਅਧਿਕਾਰੀ ਰੁਪਏ ਪੈਸੇ ਦੀ ਸਹਾਇਤਾ ਵੀ ਕਰਦੇ ਸਨ। ਸਿੱਖਾਂ ਵੱਲ ਈਸਾਈ ਪ੍ਰਚਾਰਕਾਂ ਦੀ ਵਿਸ਼ੇਸ਼ ਰੁਚੀ ਇਸ ਵਾਸਤੇ ਸੀ ਕਿ ਉਹ ਸਮਝਦੇ ਸਨ ਕਿ ਇਹ ਦੂਜਿਆਂ ਦੇ ਮੁਕਾਬਲੇ ਵਿਚ ਘੱਟ ਪ੍ਰੰਪਰਾਵਾਦੀ ਹੋਣ ਕਰਕੇ ਆਸਾਨੀ ਨਾਲ ਈਸਾਈ ਮੱਤ ਵਿਚ ਲਿਆਏ ਜਾ ਸਕਦੇ ਹਨ। ਮਹਾਰਾਜਾ ਦਲੀਪ ਸਿੰਘ, ਕੰਵਰ ਹਰਨਾਮ ਸਿੰਘ ਤੇ

ਦਾਊਦ ਸਿੰਘ, ਸੁੰਦਰ ਸਿੰਘ ਤੇ ਕੇਸਰ ਸਿੰਘ ਵਰਗੇ ਕਈ ਹੋਰ ਸਿੱਖਾਂ ਦੇ ਈਸਾਈ ਮੱਤ ਗ੍ਰਹਿਣ ਕਰ ਲੈਣ ਤੋਂ ਉਨ੍ਹਾਂ ਦੇ ਹੌਂਸਲੇ ਹੋਰ ਵੀ ਵਧ ਗਏ ਤੇ ਉਨ੍ਹਾਂ ਨੇ ਖੁੱਲ੍ਹਣ-ਖੁੱਲ੍ਹਾ ਈਸਾਈ ਧਰਮ ਨੂੰ ਸਲਾਹੁਣਾ ਤੇ ਸਿੱਖ ਧਰਮ ਨੂੰ ਨਿੰਦਣਾ ਸ਼ੁਰੂ ਕਰ ਦਿੱਤਾ। ਜਦੋਂ ਅੰਮ੍ਰਿਤਸਰ ਸਕੂਲ ਦੇ ਚਾਰ ਵਿਦਿਆਰਥੀਆਂ ਨੇ ਸੰਨ 1873 ਵਿਚ ਸਿੱਖੀ ਤਿਆਗਣ ਦਾ ਐਲਾਨ ਕੀਤਾ ਤਾਂ ਸਿੱਖ ਜਨਤਾ ਵਿਚ ਪਰੇਸ਼ਾਨੀ ਦੀ ਲਹਿਰ ਦੌੜ ਗਈ। ਪ੍ਰੰਤੂ ਇਹ ਚੁਣੌਤੀ ਸਿੱਖ ਆਗੂਆਂ ਨੂੰ ਖ਼ਬਰਦਾਰ ਕਰਨ ਵਿਚ ਸਹਾਈ ਹੋਈ ਤੇ ਉਨ੍ਹਾਂ ਨੇ ਅਜਿਹੀਆਂ ਘਟਨਾਵਾਂ ਨੂੰ ਅੱਗੇ ਵਾਸਤੇ ਰੋਕਣ ਲਈ ਪੱਕੇ ਪ੍ਰਬੰਧ ਸੋਚਣੇ ਸ਼ੁਰੂ ਕੀਤੇ।

ਹਿੰਦੂਆਂ 'ਤੇ ਮੁਸਲਮਾਨਾਂ ਵੱਲੋਂ ਕੀਤੇ ਜਾ ਰਹੇ ਵਾਰ ਵਧੇਰੇ ਕੁਟਲ ਸਨ। ਹਿੰਦੂ ਸਦਾ ਵਾਂਗ ਸਿੱਖੀ ਦੀ ਆਜ਼ਾਦ ਹੈਸੀਅਤ ਮੰਨਣ ਤੋਂ ਇਨਕਾਰੀ ਸਨ ਅਤੇ ਹਮੇਸ਼ਾਂ ਉਨ੍ਹਾਂ ਦਾ ਪ੍ਰਚਾਰ ਇਹੋ ਹੁੰਦਾ ਸੀ ਕਿ ਸਿੱਖ ਧਰਮ ਹਿੰਦੂ ਧਰਮ ਤੋਂ ਵੱਖਰਾ ਨਹੀਂ ਹੈ, ਸਗੋਂ ਇਸੇ ਦਾ ਹੀ ਇਕ ਅੰਗ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਵੇਦਾਂ ਪੁਰਾਣਾਂ ਸੰਬੰਧੀ ਵਿਚਾਰਾਂ ਨੂੰ ਉਹ ਸਿੱਖ ਗੁਰੂਆਂ ਦੀ ਅਗਿਆਨਤਾ ਦਾ ਨਤੀਜਾ ਦੱਸਦੇ ਸਨ। ਸ਼ਰਧਾ ਰਾਮ ਫ਼ਲੌਰੀ ਨੇ ਅੰਮ੍ਰਿਤਸਰ ਸ਼ਹਿਰ ਵਿਚ ਬੈਠ ਕੇ ਇਸ ਪ੍ਰਕਾਰ ਦਾ ਪ੍ਰਾਪੇਗੰਡਾ ਕੀਤਾ। ਸਵਾਮੀ ਦਇਆ ਨੰਦ ਸਨਾਤਨੀ ਹਿੰਦੂ ਮਤ ਦੇ ਸਖ਼ਤ ਵਿਰੁੱਧ ਸਨ ਅਤੇ ਉਨ੍ਹਾਂ ਦੇ ਕਈ ਵਿਚਾਰ ਸਿੱਖ ਧਰਮ ਦੇ ਸਿਧਾਂਤਾਂ ਨਾਲ ਮੇਲ ਖਾਂਦੇ ਸਨ। ਪਰ ਉਨ੍ਹਾਂ ਵੀ ਗੁਰੂ ਨਾਨਕ ਦੇਵ ਜੀ ਦੇ ਵੇਦਾਂ ਸੰਬੰਧੀ ਵਿਚਾਰਾਂ ਦੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਹ ਸੰਸਕ੍ਰਿਤ ਤੋਂ ਅਣਜਾਨ ਹੋਣ ਕਰਕੇ ਵੇਦਾਂ ਦੇ ਵਡਮੁੱਲੇ ਗਿਆਨ ਤੋਂ ਬਿਲਕੁਲ ਵਿਹੂਣੇ ਸਨ। ਮੁਸਲਮਾਨਾਂ ਵਿੱਚੋਂ ਕਾਦਿਆਨੀ ਫ਼ਿਰਕੇ ਦੇ ਪੈਰੋਕਾਰ ਵਿਸ਼ੇਸ਼ ਕਰਕੇ ਸਿੱਖੀ 'ਤੇ ਨੁਕਤਾਚੀਨੀ ਕਰਨ ਵਿਚ ਦਿਲਚਸਪੀ ਰੱਖਦੇ ਸਨ। ਉਨ੍ਹਾਂ ਦੇ ਪ੍ਰਾਪੇਗੰਡੇ ਦੀ ਵਿਧੀ ਦਾ ਵਿਸ਼ੇਸ਼ ਲੱਛਣ ਸਿੱਖ ਧਰਮ ਦੇ ਮੋਢੀ ਗੁਰੂ ਨਾਨਕ ਨੂੰ ਮੁਸਲਮਾਨ ਸਿੱਧ ਕਰਨਾ ਸੀ। ਇਸ ਕਿਸਮ ਦੇ ਵਿਰੋਧੀ ਪ੍ਰਚਾਰ ਨੇ ਸਿੱਖਾਂ ਵਿਚ ਜਾਗ੍ਰਿਤੀ ਪੈਦਾ ਕਰਨ ਵਿਚ ਚੋਖੀ ਸਹਾਇਤਾ ਕੀਤੀ।

**ਪੱਛਮੀ ਵਿੱਦਿਆ**

ਇਸ ਦੇ ਨਾਲ-ਨਾਲ ਪੱਛਮੀ ਵਿੱਦਿਆ ਦਾ ਦੇਸ਼ ਵਿਚ ਬੜੀ ਤੇਜ਼ੀ ਨਾਲ ਪ੍ਰਸਾਰ ਹੋ ਰਿਹਾ ਸੀ। ਇਹ ਵਿੱਦਿਆ ਭਾਰਤ ਦੀ ਪ੍ਰੰਪਰਾਵਾਦੀ ਵਿੱਦਿਆ ਨਾਲੋਂ ਵੱਖਰੀ ਕਿਸਮ ਦੀ ਸੀ। ਭਾਰਤੀ ਵਿੱਦਿਆ ਪ੍ਰਣਾਲੀ, ਭਾਵੇਂ ਉਹ ਹਿੰਦੂਆਂ ਦੀ ਹੋਵੇ ਜਾਂ ਮੁਸਲਮਾਨਾਂ ਦੀ, ਉਸ ਦਾ ਮੁੱਖ ਉਦੇਸ਼ ਪ੍ਰਵਾਣਿਤ ਸਮਾਜਿਕ ਤੇ ਧਾਰਮਿਕ ਕਦਰਾਂ ਕੀਮਤਾਂ ਵਾਸਤੇ ਪਾਠਕਾਂ ਦੇ ਦਿਲਾਂ ਵਿਚ ਸਤਿਕਾਰ ਪੈਦਾ ਕਰਨਾ ਸੀ ਜਾਂ ਜੇ ਉਨ੍ਹਾਂ ਵਿਚ ਸਮੇਂ ਨਾਲ ਕੋਈ ਤਬਦੀਲੀ ਨਾ ਆ ਸਕੇ ਅਤੇ ਉਹ ਜਿਵੇਂ ਦੀਆਂ ਤਿਵੇਂ ਕਾਇਮ ਰਹਿਣ। ਇਸ ਦੇ ਉਲਟ ਪੱਛਮੀ ਵਿੱਦਿਆ ਪ੍ਰਣਾਲੀ ਪਾਠਕਾਂ ਨੂੰ ਕਿਸੇ ਗੱਲ ਨੂੰ ਮੰਨਣ ਤੋਂ ਪਹਿਲਾਂ ਉਸ ਨੂੰ ਘੋਖਣ ਤੇ ਪੜਚੋਲਣ ਦਾ ਸਬਕ ਦੇਂਦੀ ਸੀ। ਇਹ ਤਬਦੀਲੀ ਲਿਆਉਣ ਦਾ ਸਬਕ ਦੇਂਦੀ ਸੀ। ਇਹ ਤਬਦੀਲੀ ਲਿਆਉਣ ਦੇ ਹੱਕ ਵਿਚ ਸੀ ਨਾ ਕਿ ਉਸ ਦੇ ਵਿਰੁੱਧ। ਇਸ ਤੋਂ ਇਲਾਵਾ ਇਸ ਦਾ ਬਲ ਧਾਰਮਿਕ ਵਿੱਦਿਆ ਦੀ ਥਾਂ ਧਰਮ-ਨਿਰਪੇਖ ਵਿੱਦਿਆ ਉੱਤੇ ਜ਼ਿਆਦਾ ਸੀ ਜੋ ਜੀਵਨ ਦੇ ਵਿਵਹਾਰਿਕ ਖੇਤਰਾਂ ਵਿਚ ਵਧੇਰੇ ਲਾਭਦਾਇਕ ਪ੍ਰਤੀਤ ਹੁੰਦੀ ਸੀ।

ਪੱਛਮੀ ਵਿੱਦਿਆ ਦੀ ਇਕ ਹੋਰ ਵਿਸ਼ੇਸ਼ਤਾ ਇਹ ਸੀ ਕਿ ਇਸ ਦੇ ਮਾਧਿਅਮ ਦੁਆਰਾ ਯੂਰਪ ਦੇ ਵਿਗਿਆਨ ਤੇ ਤਰਕਵਾਦ ਦਾ ਪ੍ਰਵੇਸ਼ ਭਾਰਤੀ ਸਮਾਜ ਵਿਚ ਹੋਣ ਲੱਗ ਪਿਆ। ਇਸ ਨਾਲ ਪੜ੍ਹੇ-ਲਿਖੇ ਲੋਕਾਂ ਦੇ ਦ੍ਰਿਸ਼ਟੀਕੋਣ ਵਿਚ ਵੱਡਾ ਪਰਿਵਰਤਨ ਆਉਣਾ ਸ਼ੁਰੂ ਹੋ ਗਿਆ ਅਤੇ ਉਨ੍ਹਾਂ ਨੂੰ ਇਹ ਸਾਰੇ ਵਹਿਮ-ਭਰਮ ਦੇ ਚਮਤਕਾਰ ਜੋ ਸਦੀਆਂ ਤੋਂ ਧਰਮ ਦੇ ਅਨਿਖੜਵੇਂ ਅੰਗ ਬਣੇ ਹੋਏ ਸਨ, ਖੋਖਲੇ ਤੇ ਅਰਥਹੀਣ ਦਿੱਸਣ ਲੱਗੇ। ਇਸ ਵਾਸਤੇ ਸਿੰਘ ਸਭਾ ਤੇ ਇਸ ਤਰ੍ਹਾਂ ਦੀਆਂ ਹੋਰ ਸੁਧਾਰ ਲਹਿਰਾਂ ਦਾ ਇਕ ਵੱਡਾ ਮਨੋਰਥ ਇਹ ਵੀ ਸੀ ਕਿ ਅਜਿਹੇ ਬੇਹੂਦਾ ਤੱਤਾਂ ਨੂੰ ਲੋਕਾਂ ਦੇ ਮਨਾਂ ਵਿੱਚੋਂ ਕਢਿਆ ਜਾਏ। ਇਸ ਕਾਰਨ ਇਨ੍ਹਾਂ ਲਹਿਰਾਂ ਨੂੰ ਕੇਵਲ ਪੁਨਰ ਸਥਾਪਨਾ ਦੇ ਨਾਲ- ਨਾਲ ਪੁਰਾਣੇ ਵਿਸ਼ਵਾਸਾਂ ਤੇ ਰਵਾਇਤਾਂ ਨੂੰ ਨਵੇਂ ਵਿਚਾਰਾਂ ਦੀ ਰੌਸ਼ਨੀ ਵਿਚ ਪਰਖਣਾ ਤੇ ਪੁਣਨਾ ਛਾਨਣਾ ਵੀ ਸੀ।

**ਦੇਸ਼ ਵਿਚ ਨਵਾਂ ਵਾਯੂ ਮੰਡਲ**


ਸਿੰਘ ਸਭਾ ਲਹਿਰ ਨੂੰ, ਸਗੋਂ ਇਸ ਸਮੇਂ ਦੀ ਕਿਸੇ ਲਹਿਰ ਨੂੰ ਵੀ, ਦੇਸ਼ ਦੇ ਉਸ ਵੇਲੇ ਦੇ ਸਮੁੱਚੇ ਸਮਾਜਿਕ ਵਾਯੂ-ਮੰਡਲ ਤੋਂ ਵੱਖਰਿਆਂ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸੁਧਾਰ ਦੀ ਸਧਰ ਕੇਵਲ ਪੰਜਾਬ ਵਿਚ ਹੀ ਨਹੀਂ ਸਗੋਂ ਦੇਸ਼ ਦੇ ਲਗਭਗ ਹਰ ਭਾਗ ਵਿਚ ਪ੍ਰਗਟ ਹੋਈ। ਉਨ੍ਹੀਵੀਂ ਸ਼ਤਾਬਦੀ ਦੇ ਆਰੰਭ ਵਿਚ ਬੰਗਾਲ ਵਿਚ ਬਰਮ੍ਹੋ ਸਮਾਜ ਨੇ ਜਨਮ ਲਿਆ। ਮਗਰੋਂ ਇਸੇ ਦੇ ਪੈੜਾਂ 'ਤੇ ਮਹਾਰਾਸ਼ਟਰਾ ਵਿਚ ਪ੍ਰਾਰਥਨਾ ਸਮਾਜ ਦੀ ਸਿਰਜਨਾ ਹੋਈ। ਅਗਾਂਹ ਜਾ ਕੇ ਬੰਗਾਲ ਵਿਚ ਇਕ ਹੋਰ ਸ਼ਕਤੀਸ਼ਾਲੀ ਲਹਿਰ ਦਾ ਜਨਮ ਹੋਇਆ ਜਿਸ ਨੂੰ ਰਾਮਾ ਕ੍ਰਿਸ਼ਨਾ ਮਿਸ਼ਨ ਦਾ ਨਾਉਂ ਦਿੱਤਾ ਗਿਆ। ਇਕ ਹੋਰ ਪ੍ਰਸਿੱਧ ਹਿੰਦੂ ਲਹਿਰ ਆਰੀਆ ਸਮਾਜ ਨੇ ਉੱਤਰ ਪ੍ਰਦੇਸ਼ ਤੇ ਪੰਜਾਬ ਵਿਚ ਵਿਸ਼ੇਸ਼ ਕਰਕੇ ਸਫ਼ਲਤਾ ਪ੍ਰਾਪਤ ਕੀਤੀ। ਦੂਜੀਆਂ ਕੌਮਾਂ ਵੀ ਸਮੇਂ ਦੇ ਪ੍ਰਭਾਵ ਤੋਂ ਅਭਿੱਜ ਨਾ ਰਹਿ ਸਕੀਆਂ। ਮੁਸਲਮਾਨਾਂ ਵਿਚ ਅਲੀਗੜ੍ਹ ਤਹਿਰੀਕ ਤੇ ਮਿਰਜ਼ਈ ਤਹਿਰੀਕ ਨੇ ਪ੍ਰਸਿੱਧੀ ਪ੍ਰਾਪਤ ਕੀਤੀ। ਪਾਰਸੀਆਂ ਵਿਚ ਵੀ ਇਕ ਅਜਿਹੀ ਸੁਧਾਰ ਲਹਿਰ ਆਰੰਭ ਹੋਈ। ਸਿੱਖ ਕੌਮ ਦੀ ਸਿੰਘ ਸਭਾ ਲਹਿਰ ਅਜਿਹੇ ਹੀ ਵਾਤਾਵਰਨ ਵਿਚ ਸ਼ੁਰੂ ਹੋਈ।

**ਪਹਿਲੀਆਂ ਸਿੱਖ ਲਹਿਰਾਂ**

ਪ੍ਰੰਤੂ ਇੱਥੇ ਇਹ ਗੱਲ ਦੱਸਣੀ ਬੜੀ ਜ਼ਰੂਰੀ ਜਾਪਦੀ ਹੈ ਕਿ ਸਿੰਘ ਸਭਾ ਲਹਿਰ ਸਿੱਖ ਸਮਾਜ ਵਿਚ ਸੁਧਾਰ ਸਬੰਧੀ ਯਤਨ ਕਰਨ ਵਾਲੀ ਪਹਿਲੀ ਤੇ ਇਕੋ ਇਕ ਅਜਿਹੀ ਲਹਿਰ ਨਹੀਂ ਸੀ। ਇਸ ਦੇ ਪਿਛੋਕੜ ਵਿਚ ਨਾਮਧਾਰੀਆਂ ਤੇ ਨਿੰਰਕਾਰੀਆਂ ਦੇ ਸ਼ਲਾਘਾਯੋਗ ਉੱਪਰਾਲੇ ਅੱਖਾਂ ਤੋਂ ਉਹਲੇ ਨਹੀਂ ਕੀਤੇ ਜਾ ਸਕਦੇ।

ਨਾਮਧਾਰੀ ਤੇ ਨਿਰੰਕਾਰੀ ਦੋਵੇਂ ਲਹਿਰਾਂ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਵਿਚ ਆਰੰਭ ਹੋਈਆਂ। ਭਾਵੇਂ ਇਨ੍ਹਾਂ ਦੇ ਅਸੂਲਾਂ ਵਿਚ ਥੋੜ੍ਹਾ-ਥੋੜ੍ਹਾ ਅੰਤਰ ਵੀ ਸੀ ਤਾਂ ਭੀ ਇਹ ਦੋਵੇਂ ਇਕੋ ਮੁੱਖ ਉਦੇਸ਼ ਨਾਲ ਚਲਾਈਆਂ ਗਈਆਂ ਸਨ ਕਿ ਜੋ ਤਰੁੱਟੀਆਂ ਤੇ ਬੁਰਾਈਆਂ ਖ਼ਾਲਸਾ ਰਾਜ ਵਿਚ ਸਿੱਖ ਸਮਾਜ ਅੰਦਰ ਪੈਦਾ ਹੋ ਗਈਆਂ ਸਨ ਜਾਂ ਹੋ ਰਹੀਆਂ ਸਨ, ਉਨ੍ਹਾਂ ਨੂੰ ਰੋਕਿਆ ਜਾਵੇ, ਦੂਰ ਕੀਤਾ ਜਾਵੇ। ਇਹ ਦੋਵੇਂ ਲਹਿਰਾਂ ਇਕ ਨਿਰੰਕਾਰ ਦੀ ਪੂਜਾ, ਜਾਪ, ਸਿਮਰਨ ਤੇ ਸਾਦਾ ਜੀਵਨ ਉੱਤੇ ਬੱਲ ਦਿੰਦੀਆਂ ਸਨ ਅਤੇ ਬੁੱਤ ਪੂਜਾ, ਮਾਸ ਖਾਣਾ, ਸ਼ਰਾਬ ਪੀਣਾਂ, ਇਤਿਆਦ ਪ੍ਰਚਲਿਤ ਬੁਰਾਈਆਂ


## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...



ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

ਦਾ ਖੰਡਨ ਕਰਦੀਆਂ ਸਨ।

ਪ੍ਰੰਤੂ ਸਮੇਂ ਦੇ ਹਾਲਾਤ ਕੁਝ ਇਹੋ ਜਿਹੇ ਸਨ ਕਿ ਇਨ੍ਹਾਂ ਲਹਿਰਾਂ ਨੂੰ ਉਸ ਸਮੇਂ ਕੋਈ ਜ਼ਿਆਦਾ ਸਫ਼ਲਤਾ ਨਾ ਮਿਲ ਸਕੀ। ਫਿਰ ਵੀ ਇਨ੍ਹਾਂ ਦਾ ਪ੍ਰਚਾਰ ਜ਼ਾਰੀ ਰਿਹਾ ਅਤੇ ਕਈ ਭੁੱਲੇ ਲੋਕ ਸਿੱਧੇ ਰਾਹ 'ਤੇ ਪੈ ਗਏ। ਵਿਦੇਸ਼ੀ ਸ਼ਾਸਨ ਦੀ ਸਥਾਪਤੀ ਤੋਂ ਮਗਰੋਂ ਸਮਾਜ ਵਿਚ ਹੋਰ ਗਿਰਾਵਟ ਆ ਗਈ, ਉੱਚੇ ਵਰਗ ਦੇ ਸਿੱਖ ਤਾਂ ਮਾਨੋ ਬੇਜਾਨ ਹੀ ਹੋ ਗਏ। ਕੁੱਝ ਕੁ ਨੂੰ ਸਰਕਾਰ ਨੇ ਜੇਲ੍ਹਾਂ ਵਿਚ ਬੰਦ ਕਰ ਦਿੱਤਾ, ਕੁਝ ਹੋਰਨਾਂ ਦੀਆਂ ਜ਼ਾਗੀਰਾਂ ਜ਼ਬਤ ਕਰ ਲਈਆਂ ਜਾਂ ਘਟਾ ਦਿੱਤੀਆਂ। ਇਸ ਤਰ੍ਹਾਂ ਸਰਕਾਰ ਦਾ ਅਜਿਹਾ ਸਹਿਮ ਪੈਦਾ ਹੋ ਗਿਆ ਕਿ ਕਿਸੇ ਵਿਚ ਕੁਸਕਣ ਦੀ ਮਜ਼ਾਲ ਤੱਕ ਨਾ ਰਹੀ। ਸਰਕਾਰ ਨੇ ਨਿਡਰ ਹੋ ਕੇ ਬੁਚੜਖਾਨੇ ਖੋਲ੍ਹਣਾ, ਈਸਾਈ ਮਿਸ਼ਨਰੀਆਂ ਦੀ ਮਦਦ ਕਰਨਾ, ਲੋਕਾਂ ਨੂੰ ਸ਼ਸਤਰਹੀਣ ਕਰਨਾ ਆਦਿ ਸ਼ੁਰੂ ਕਰ ਦਿੱਤਾ।

ਇਸ ਚੁਣੌਤੀ ਦਾ ਟਾਕਰਾ ਕਰਨ ਲਈ ਨਵੀਂ ਲੀਡਰਸ਼ਿਪ ਮੱਧ ਸ਼੍ਰੇਣੀ ਦੇ ਹੇਠਲੇ ਭਾਗਾਂ ਵਿਚ ਪੈਦਾ ਹੋ ਕੇ ਸਾਹਮਣੇ ਆਈ। ਬਾਬਾ ਰਾਮ ਸਿੰਘ ਜੋ ਇਸ ਨਵੀਂ ਲੀਡਰਸ਼ਿਪ ਦੇ ਮੋਹਰੀ ਸਨ, ਜ਼ਿਲ੍ਹਾ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ ਭੈਣੀ ਅਰਾਈਆਂ ਦੇ ਇਕ ਰਾਮਗੜ੍ਹੀਆ ਸਿੰਘ ਦੇ ਘਰ ਪੈਦਾ ਹੋਏ ਸਨ। ਇਹ ਨਾਮਧਾਰੀ ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਦੇ ਪੈਰੋਕਾਰ ਤੇ ਉਤਰਾਧਿਕਾਰੀ ਸਨ। ਆਪਣੀ ਤੀਖਣ ਬੁੱਧੀ, ਪ੍ਰਪੱਕ ਸਿਆਣਪ ਤੇ ਅਦੁਤੀ ਸਾਹਸ ਦੀ ਬਦੌਲਤ ਉਨ੍ਹਾਂ ਸਮੱਸਿਆ ਨੂੰ ਭਲੀ ਭਾਂਤ ਭਾਂਪ ਲਿਆ ਤੇ ਇਸ ਦਾ ਹੱਲ ਲੱਭਣ ਲਈ ਪੱਕਾ ਇਰਾਦਾ ਬਣਾ ਲਿਆ। ਦਸ਼ਮੇਸ਼ ਪਿਤਾ ਦੇ ਖੰਡੇ ਦੀ ਧਾਰ ਦੇ ਅੰਮ੍ਰਿਤ ਨੂੰ ਅਪਨਾਇਆ ਤੇ ਉਸ ਦਾ ਜ਼ੋਰਦਾਰ ਪ੍ਰਚਾਰ ਕੀਤਾ। ਕਿਰਪਾਨ ਰੱਖਣਾ ਕਾਨੂੰਨੀ ਤੌਰ 'ਤੇ ਮਨ੍ਹਾ ਸੀ, ਇਸ ਲਈ ਲਾਠੀ ਰੱਖਣ ਦਾ ਆਦੇਸ਼ ਦਿੱਤਾ, ਬੀਰ ਰਸ ਪੈਦਾ ਕਰਨ ਲਈ ਚੰਡੀ ਦੇ ਪਾਠ ਦੀ ਮਰਯਾਦਾ ਚਲਾਈ। ਸਮਾਜ ਦੀਆਂ ਬੁਰਾਈਆਂ ਜਿਵੇਂ ਕਿ ਕੁੜੀਆਂ ਮਾਰਨਾ, ਵਿਆਹ ਸਮੇਂ ਕੁੜੀਆਂ ਦੇ ਪੈਸੇ ਲੈਣਾ, ਤਮਾਕੂ ਪੀਣਾ, ਸ਼ਰਾਬ ਪੀਣਾ, ਮਾਸ ਖਾਣਾ, ਵਿਆਹ ਸ਼ਾਦੀਆਂ 'ਤੇ ਜ਼ਿਆਦਾ ਖਰਚ ਕਰਨਾ ਆਦਿ ਦਾ ਕਰੜਾ ਵਿਰੋਧ ਕੀਤਾ। ਪ੍ਰਭੂ ਸਿਮਰਨ, ਰੋਜ਼ ਪਾਠ ਕਰਨ ਤੇ ਪੰਜਾਬੀ ਪੜ੍ਹਨ ਉੱਤੇ ਜ਼ੋਰ ਦਿੱਤਾ, ਸੋਢੀਆਂ ਤੇ ਬੇਦੀਆਂ ਦੇ ਗੁਰੂਡੰਮ੍ਹਾਂ ਦੀ ਕਰੜੀ ਆਲੋਚਨਾ ਕੀਤੀ ਅਤੇ ਗੁਰਦੁਆਰਾ ਪ੍ਰਬੰਧ ਨੂੰ ਸੁਧਾਰਨ ਲਈ ਯਤਨ ਕੀਤੇ। ਗਊ ਹੱਤਿਆ ਦੀ ਸਰਕਾਰ ਵੱਲੋਂ ਖੁੱਲ੍ਹੀ ਆਗਿਆ, ਦੇਸ਼ ਦੀ ਸੱਭਿਅਤਾ ਉੱਤੇ ਵੱਡਾ ਹਮਲਾ ਸੀ। ਖ਼ਾਲਸਾ ਰਾਜ ਵਿਚ ਇਸ ਦੀ ਪੱਕੀ ਮਨਾਹੀ ਸੀ। ਰਾਜ ਖੁੱਸਦਿਆਂ ਸਾਰ ਅੰਗਰੇਜ਼ਾਂ ਨੇ ਥਾਂ-ਥਾਂ ਬੁਚੜਖ਼ਾਨੇ ਖੋਲ੍ਹ ਦਿੱਤੇ ਜੋ ਬਾਬਾ ਰਾਮ ਸਿੰਘ ਤੇ ਹੋਰ ਜਿਊਂਦੀ ਆਤਮਾ ਵਾਲੇ ਵਿਅਕਤੀਆਂ ਨੂੰ ਖੁੱਸੀ ਆਜ਼ਾਦੀ ਦੀ ਯਾਦ ਦਿਵਾਉਂਦੇ ਸਨ।

ਕੂਕਾ ਲਹਿਰ ਜੋ ਬਾਬਾ ਰਾਮ ਸਿੰਘ ਦੀ ਨਾਮਧਾਰੀ ਜਾਂ ਸੰਤ ਖ਼ਾਲਸਾ ਲਹਿਰ ਦਾ ਆਮ ਪ੍ਰਚੱਲਿਤ ਨਾਂ ਹੈ, ਕੁਝ ਚਿਰ ਲਈ ਬਹੁਤ ਵਧੀ-ਫੁਲੀ, ਪਰ ਅੰਤ ਨੂੰ ਇਸ ਦੀ ਸਰਕਾਰ ਨਾਲ ਟੱਕਰ ਹੋ ਗਈ ਤੇ ਸਰਕਾਰ ਨੇ ਇਸ ਦੇ ਆਗੂਆਂ ਨੂੰ ਬਾਬਾ ਰਾਮ ਸਿੰਘ ਸਮੇਤ ਗ੍ਰਿਫ਼ਤਾਰ ਕਰਕੇ ਦੇਸ਼ ਨਿਕਾਲਾ ਦੇ ਦਿੱਤਾ। ਲਹਿਰ ਤਾਂ ਇਸ ਤੋਂ ਮਗਰੋਂ ਵੀ ਚੱਲਦੀ ਰਹੀ ਤੇ ਅਜੇ ਵੀ ਕਾਇਮ ਹੈ, ਪਰ ਪਿੱਛੋਂ ਇਸ ਦਾ ਅਸਰ ਪ੍ਰਤਾਪ ਸਰਕਾਰੀ ਦਮਨ ਕਰਕੇ ਘੱਟ ਗਿਆ।

ਆਪਣੀ ਵੱਡੀ ਤੋਂ ਵੱਡੀ ਉਨਤੀ ਦੇ ਦਿਨਾਂ ਵਿਚ ਵੀ ਨਾਮਧਾਰੀ ਲਹਿਰ ਦਾ ਘੇਰਾ ਇਨਾ ਵਿਸ਼ਾਲ ਨਾ ਹੋ ਸਕਿਆ ਜਿਸ ਵਿਚ ਸਮੁੱਚੀ ਸਿੱਖ ਕੌਮ ਸਮਾ ਸਕੇ। ਫਿਰ ਵੀ ਇਹ ਮੰਨਣਾ ਪਵੇਗਾ ਕਿ ਇਸ ਨੇ ਸਿੰਘ ਸਭਾ ਦੀ ਸਫ਼ਲਤਾ ਲਈ ਕੁਝ ਹੱਦ ਤਕ ਰਾਹ ਜ਼ਰੂਰ ਸਾਫ਼ ਕਰ ਦਿੱਤਾ ਸੀ।

**ਅੰਤ ਵਿਚ**

ਸਿੰਘ ਸਭਾ ਲਹਿਰ ਦੀ ਨੋਈਅਤ ਮੇਰੇ ਇਸ ਪਰਚੇ ਦੇ ਘੇਰੇ ਵਿਚ ਨਹੀਂ ਆਉਂਦੀ। ਪ੍ਰੰਤੂ ਮੈਂ ਇੰਨਾ ਜ਼ਰੂਰ ਕਹਾਂਗਾ ਕਿ ਇਸ ਨੂੰ ਸਮਝਣ ਲਈ, ਇਸ ਦੇ ਮਨੋਰਥਾਂ ਤੇ ਉਨ੍ਹਾਂ ਦੀ ਪ੍ਰਾਪਤੀ ਦੇ ਸਾਧਨਾਂ ਸਬੰਧੀ ਸਪਸ਼ਟ ਗਿਆਨ ਹਾਸਲ ਕਰਨ ਲਈ, ਇਸ ਦੇ ਪਿਛੋਕੜ ਵਿਚ ਕੰਮ ਕਰਨ ਵਾਲੀਆਂ ਸਮੂਹ ਸ਼ਕਤੀਆਂ ਨੂੰ ਸਮਝਣਾ ਅਵੱਸ਼ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿ ਹੁਣ ਜਦ ਅਸੀਂ ਉਸ ਮਹਾਨ ਅੰਦੋਲਨ ਦੀ ਪਹਿਲੀ ਸ਼ਤਾਬਦੀ ਮਨਾਉਣ ਦਾ ਯਤਨ ਕਰ ਰਹੇ ਹਾਂ, ਤਾਂ ਸਾਡੇ ਆਗੂਆਂ ਤੇ ਵਿਦਵਾਨਾਂ ਦਾ ਫ਼ਰਜ਼ ਬਣਦਾ ਹੈ ਕਿ ਸਪਸ਼ਟ ਰੂਪ ਵਿਚ ਇਹ ਨਿਰਣਾ ਕਰ ਲੈਣ ਕਿ ਉਦੋਂ ਦੇ ਇਸ਼ੂਜ਼ ਤੇ ਅੱਜ ਕਲ੍ਹ ਦੇ ਇਸ਼ੂਜ਼ ਵਿਚ ਕੀ ਅੰਤਰ ਹੈ? ਕਿਉਂ ਜੋ ਇਸ ਅੰਤਰ ਦੀ ਰੌਸ਼ਨੀ ਵਿਚ ਹੀ ਨਿਬੇੜਾ ਕੀਤਾ ਜਾ ਸਕਦਾ ਹੈ ਕਿ ਅਜੋਕੀਆਂ ਸਮੱਸਿਆਵਾਂ ਨੂੰ ਨਜਿੱਠਣ ਲਈ ਕੀ ਉਹੋ ਸਾਧਨ ਚਾਹੀਦੇ ਹਨ, ਜੋ ਸੌ ਸਾਲ ਪਹਿਲਾਂ ਸਿੰਘ ਸਭਾ ਲਹਿਰ ਦੇ ਮੋਢੀਆਂ ਜਾਂ ਆਗੂਆਂ ਨੇ ਅਪਨਾਏ ਸਨ ਜਾਂ ਕੋਈ ਹੋਰ ਜੋ ਅੱਜ ਦੇ ਸਿੱਖ ਸਮਾਜ ਦੀਆਂ ਲੋੜਾਂ ਦੇ ਅਨੁਕੂਲ ਹੋਣ।

-0-

***पृष्ठ 37 का शेष***

उल्लेखनीय है कि भट्ट सिख बन गए क्योंकि भट्टों द्वारा रचित सवैये इस अर्थ में अद्वितीय (अदभुत) हैं, कि वह गुरबाणी की आध्यात्मिक ऊंचाईयों का प्रमाण है। भट्ट गुरूओं के परिवार के सदस्य नहीं थे, ना ही वह भक्तों के सहयोगी थे। उनको गुरू साहिबान में व्यक्तिगत रूप से और उनकी पवित्र बाणी और वचनों में मौजूद दिव्य-सार का एहसास हुआ। इलाही, दिव्य और पवित्र गुरबाणी में उनका दृढ़ विश्वास उनकी सिख भावना को सामने लाता है।

भट्ट कीरत जी अपनी बाणी में हम जैसे कलयुगी जीवों की दयनीय दशा ब्यान करते हुए फुरमान करते हैं कि संसार सागर को पार करने के लिए गुरू की संगत करना ही एक मात्र श्रेष्ठ मार्ग है और आप धंन धंन श्री गुरू रामदास जी के चरण कमलों में अरदास करते हुए अपनी दिव्य तथा अलौकिक बाणी में फरमाते हैं:

हम अवगुणि भरे एकु गुणु नाही
अंम्रितु छाडि बिखै बिखु खाई।।
माया मोह भरम पै भूले
सुत दारा सिउ प्रीति लगाई।।
इकु उतम पंथु सुनिउ गुर संगत
तिह मिलंत जम त्रास मिटाई।।
इक अरदासि भाट कीरति की
गुर रामदास राखहु सरणाई।।
(अंग 1406)

भट्ट कीरत जी अरदास में फुरमाते हैं कि हम अवगुणों से भरे हुए हैं तथा हमारे में एक भी गुण नहीं है। प्रभु के अमृत नाम को त्याग कर, हम केवल माया रूपी विष ही खा रहे हैं। माया के मोह और भ्रमों में पड़कर जीवन के सही मार्ग को भूले हुए हैं तथा पुत्र स्त्री से हमने प्रेम डाला हुआ है। फिर हमारी दयनीय अवस्था को देख का हमारा मार्गदर्शन करते हैं और अपने अनुभव से गुरू साहिबान की संगत करने के बाद समझाते हैं कि हमने सतिगुर की संगत करने वाला एक ऊंचा (श्रेष्ठ) मार्ग सुना है तथा उसकी संगत करके हमने यमदूतों (मौत) का भय समाप्त कर लिया है। भट्ट कीरत जी कहते हैं कि हे गुरू रामदास जी! हमें अपनी शरण में रखने की कृपा करो, तभी हम इस संसार के भयानक भवसागर को पार कर सकेंगे। आएं, हम सभी भट्ट बाणी से अपने जीवन में मार्गदर्शन लेकर अपना मनुष्य जीवन सफल करें।

-0-

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 355**

ਜਲੰਧਰ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 04-01-1986, ਕੱਦ 5'-10", B.Tech, MBA, Job: SBI Card as Assistant Vice President, Posted in Gurgaon ਲਈ ਵੈਜੀਟੇਰੀਅਨ, ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰੱਖਣ ਵਾਲੀ ਲੜਕੀ ਦੀ ਲੋੜ ਹੈ- ਸੰਪਰਕ 97791-48911, 97790-48911

**ਫਾਰਮ ਨੰ. 356**

ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358**

ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360**

ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363**

ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365**

ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366**

ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367**

ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368**

ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163 -0-

**ਫਾਰਮ ਨੰ. 369**

ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370**

ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371**

ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372**

ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356 -0-

**ਫਾਰਮ ਨੰ. 373**

ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375**

Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376**

ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377**

ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378**

Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379**

ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

## ਲਾੜੇ ਦੀ ਲੋੜ

**ਫਾਰਮ ਨੰ. 344**

ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361**

ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364**

ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Teacher ਲਈ ਲੜਕੇ ਦੀ ਲੋੜ ਹੈ। ਸੰਪਰਕ: 9501894943, 98765-55925

**ਫਾਰਮ ਨੰ. 374**

ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਪਰਿੰਗੜੀ ਅਤੇ ਕੈਰੋਂ ਵਿਖੇ ਗੁਰਮਤਿ ਕਲਾਸ ਲਗਾਈ ਗਈ।



ਕੇਂਦਰ ਪਰਿੰਗੜੀ ਵਿਖੇ ਐਜੂ ਏਡ ਸਹਾਇਤਾ ਵੰਡੀ ਗਈ।



ਕੇਂਦਰ ਲਤਾਲਾ ਦੇ ਪਿੰਡ ਬੱਸੀਆਂ ਵਿਖੇ ਹੋਏ ਗੁਰਮਤਿ ਮੁਕਾਬਲਿਆਂ ਵਿਚ ਪਿੰਡ ਲਤਾਲਾ ਦੇ ਬੱਚਿਆਂ ਦੀ ਪੁਜ਼ੀਸ਼ਨਾਂ ਹਾਸਲ ਕੀਤੀਆਂ।



ਕੇਂਦਰ ਲਤਾਲਾ ਦੇ ਮਿਡਲ ਸਕੂਲ ਵਿਖੇ ਹੋਏ ਮੁਕਾਬਲਿਆਂ ਉਪਰੰਤ ਇਨਾਮ ਵੰਡ ਸਮਾਗਮ ਕਰਵਾਇਆ ਗਿਆ।



ਕੇਂਦਰ ਚੱਕ ਕਲਾਂ ਦੇ ਪਿੰਡ ਸ਼ੰਕਰ ਵਿਖੇ ਗੁਰਮਤਿ ਕਲਾਸ ਲਗਾਈ ਗਈ।



ਕੇਂਦਰ ਚੱਕ ਕਲਾਂ ਦੇ ਪਿੰਡ ਚੱਕ ਖੁਰਦ ਵਿਖੇ ਲੱਗ ਰਹੀਆਂ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਰਾਮੂੰਵਾਲਾ ਦੇ ਪਿੰਡ ਚੜਿੱਕ ਵਿਖੇ ਹੋਏ ਗੁਰਮਤਿ ਸਮਾਗਮ ਦੌਰਾਨ ਭਾਈ ਹਰਜੀਤ ਸਿੰਘ ਪਰਿੰਗੜੀ (ਇਨਸੈੱਟ) ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।



ਕੇਂਦਰ ਘਣੌਲੀ ਦੇ ਪਿੰਡ ਕੋਟਲੀ ਅਤੇ ਬੇਲੀਆਂ ਵਿਖੇ ਲੱਗ ਰਹੀ ਬੀਬੀਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ।

RNI No.: PUNMUL/2019/78309 Postal Regd. No.: LDC/0786/2021-23 (31-12-2023) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਘਣੌਲੀ ਦੇ ਪਿੰਡ ਮਲਕਪੁਰ ਵਿਖੇ ਬੀਬੀਆਂ ਦੀ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ।



ਕੇਂਦਰ ਘਣੌਲੀ ਦੇ ਪਿੰਡ ਥਲੀ ਖੁਰਦ ਵਿਖੇ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ।





ਕੇਂਦਰ ਖਨਾਲ ਖੁਰਦ ਵਿਖੇ ਲੱਗ ਰਹੀ ਬੀਬੀਆਂ ਅਤੇ ਵੀਰਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ।



ਕੇਂਦਰ ਕੁੱਬਾ ਦੇ ਪਿੰਡ ਊਰਨਾ ਵਿਖੇ ਗੁਰਬਾਣੀ ਕਲਾਸ ਲਗਾਉਣ ਵਾਲੇ ਬੱਚੇ।



ਕੇਂਦਰ ਕੁੱਬਾ ਦੇ ਪਿੰਡ ਪ੍ਰਿਥੀਪੁਰ ਵਿਖੇ ਲੱਗ ਰਹੀ ਬੱਚਿਆਂ ਦੀ ਧਾਰਮਿਕ ਕਲਾਸ।





ਕੇਂਦਰ ਜੰਮੂ ਦੇ ਵੱਖ ਵੱਖ ਇਲਾਕਿਆਂ ਦੇ ਵੱਖ ਵੱਖ ਗੁਰਦੁਆਰਾ ਸਾਹਿਬ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।